No.1 ਪੰਜਾਬੀ ਮਾਸਿਕ ਮੈਗਜ਼ੀਨ

U.S.A. - 4.00 | CANADA 4.00 | U.K. - 2.50 35/-

ਦੇਸ਼ ਵਿਦੇਸ਼ ਦੇ ਪੰਜਾਬੀਆਂ ਦੀ ਪਹਿਲੀ ਪਸੰਦ

# ਸੰਗੀਤ ਦਰਪਣ

www.sangeetdarpan.com MONTHLY MAGAZINE sangeet darpan ਜੁਲਾਈ-2022 JULY-2022

ਡਾ. ਬਰਜਿੰਦਰ ਸਿੰਘ ਹਮਦਰਦ ਦੀ 19 ਵੀ ਸੰਗੀਤਕ ਐਲਬਮ

## ਜ਼ੇਵਰ ਦਾ ਵਣਜਾਰਾ

ਸੁੱਚੇ ਸੁੱਥਰੇ ਸੰਗੀਤ ਦੇ ਸਰੋਵਰ ਚ ਤਾਰੀਆਂ

–ਗੁਰਭਜਨ ਗਿੱਲ



. Sri Satguru Jagjit Singh Ji eLibrary NamdhariElibrary@gmail.com .

Post Regd. No. Kapurthala DN/011/2018-2020
RNI NO. PUN-PUN/2001/6278

# HAVELI®

The Traditional Punjabi Veg. Restaurant

## FEEL, TASTE AND EXPERIENCE THE WARMTH OF PUNJAB




**JALANDHAR | MURTHAL | AMRITSAR**

GT Road, Amritsar-Jalandhar Highway, Amritsar

Call: 0183 2430091 • Duty Manager: 75270 72001 • : www.haveli.co



. Sri Satguru Jagjit Singh Ji eLibrary NamdhariElibrary@gmail.com .

RNI NO.-PUN-PUN/2001/6278
POST REGD. NO. KPT DN/011/2018-2020

**ਸੰਗੀਤ ਦਰਪਣ**
ਪੰਜਾਬੀ ਮਾਸਿਕ
**SANGEET DARPAN**
PUNJABI MONTHLY

ਜੁਲਾਈ, 2022
ਸਾਲ : 21 ਅੰਕ : 1

ਸੰਸਥਾਪਕ
ਹਰਮਨਪ੍ਰੀਤ ਸਿੰਘ
Harmanpreet Singh

ਮੁੱਖ ਸੰਪਾਦਕ
ਤਰਨਜੀਤ ਸਿੰਘ ਕਿੰਨੜਾ
Chief Editor
Taranjit Singh Kinra

ਸੰਪਾਦਕ
ਨਵਦੀਪ ਕੌਰ ਕਿੰਨੜਾ
Editor
Navdeep Kaur Kinra

ਉੱਪ-ਸੰਪਾਦਕ
ਐੱਚ. ਐੱਸ. ਕਿੰਨੜਾ
Sub Editor
H. S. Kinra

ਕਾਨੂੰਨੀ ਸਲਾਹਕਾਰ
ਐਡਵੋਕੇਟ ਵਿਜੈ ਸ਼ਰਮਾ
ਐਡਵੋਕੇਟ ਕਰਨਜੋਤ ਸਿੰਘ ਝਿੱਕਾ
ਐਡਵੋਕੇਟ ਜਤਿੰਦਰਪਾਲ ਸਿੰਘ ਕਿੰਨੜਾ

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

**ਜ਼ਰੂਰੀ ਸੂਚਨਾ**

- ਰਚਨਾ ਸੁੰਦਰ ਲਿਖਾਈ ਵਿਚ ਲਿਖੀ ਜਾਂ ਟਾਈਪ ਕੀਤੀ ਹੋਵੇ।
- ਲਿਖਤ ਦੀ ਫੋਟੋ ਸਟੇਟ ਕਾਪੀ ਪ੍ਰਵਾਨ ਨਹੀਂ ਕੀਤੀ ਜਾਵੇਗੀ।
- ਕੋਈ ਵੀ ਲਿਖਤ 'ਤੇ ਆਪਣੇ ਦਸਤਖ਼ਤ, ਪੂਰਾ ਪਤਾ ਤੇ ਤਰੀਕ ਨਾਲ ਲਿਖੇ ਕੇ ਭੇਜੋ।

**ਰਚਨਾਵਾਂ ਤੇ ਚੰਦੇ ਭੇਜਣ ਦਾ ਪਤਾ**

**ਸੰਗੀਤ ਦਰਪਣ**
ਨੇੜੇ ਆਈ.ਸੀ.ਆਈ.ਸੀ.ਆਈ. ਬੈਂਕ ਏ.ਟੀ.ਐਮ., ਬੰਗਾ ਰੋਡ, ਫਗਵਾੜਾ।
ਫੋਨ : 01824-508888, 01824-260717
ਫੈਕਸ : 01824-224517
E-mail : sangeetdarpan@yahoo.com

ਕਿਸੇ ਵੀ ਕਾਨੂੰਨੀ ਕਾਰਵਾਈ ਦਾ ਨਿਪਟਾਰਾ ਕੇਵਲ ਫਗਵਾੜਾ ਦੀ ਅਦਾਲਤ ਵਿਚ ਹੀ ਕੀਤਾ ਜਾ ਸਕੇਗਾ।

*ਟਾਈਟਲ ਡਿਜ਼ਾਈਨ :*
ਗੁਰਜੀਤ ਅਨਜਾਣ

ਸੰਪਾਦਕੀ..

## ਸਿੱਧੂ ਮੂਸੇਵਾਲਾ ਕਤਲ ਕਾਂਡ :

# ਕਦੋਂ ਮਿਲੂ ਅਸਲ ਇਨਸਾਫ਼



ਸਿੱਧੂ ਮੂਸੇਵਾਲਾ ਦਾ ਕਤਲ ਹੋਇਆਂ ਮਹੀਨੇ ਤੋਂ ਉੱਪਰ ਦਾ ਸਮਾਂ ਹੋ ਚੁੱਕਾ ਹੈ। ਇਸ ਇਕ ਮਹੀਨੇ ਤੋਂ ਵੱਧ ਦੇ ਸਮੇਂ ਵਿਚ ਜੋ ਕੁਝ ਪੁਲਿਸ ਵਲੋਂ ਦੱਸਿਆ ਗਿਆ ਤੇ ਜੋ ਕੁਝ ਆਮ ਲੋਕਾਂ ਦੇ ਮਨਾਂ ਵਿਚ ਸਵਾਲੀਆ ਰੂਪ ਵਿਚ ਪੈਦਾ ਹੋਇਆ, ਉਸ ਨੇ ਕਈ ਨਵੇਂ ਕਈ ਸਵਾਲ ਖੜ੍ਹੇ ਕੀਤੇ ਹਨ। ਦਿੱਲੀ ਦੀ ਪੁਲਿਸ ਕਹਿੰਦੀ ਹੈ, ਅਸੀਂ ਮਹੀਨੇ ਵਿਚ ਸਾਰਾ ਮਾਮਲਾ ਹਲ ਕਰ ਦਿੱਤਾ। ਛੇ ਸ਼ਾਰਪ ਸ਼ੂਟਰਾਂ ਵਿਚੋਂ ਦੋ ਗ੍ਰਿਫ਼ਤਾਰ ਕਰ ਲਏ ਤੇ ਚਾਰ ਕਰਨੇ ਬਾਕੀ ਹਨ। ਕੇਸ ਦੀਆਂ ਸਟੱਡੀਆਂ ਜੋੜ ਕੇ ਅਸੀਂ ਹਰ ਮੁਜ਼ਰਮ ਤੱਕ ਪੁਹੰਚ ਕਰ ਲਈ। ਦੂਜੇ ਪਾਸੇ ਪੰਜਾਬ ਦੀ ਪੁਲਿਸ ਕੁਝ ਗੈਂਗਸਟਰਾਂ ਦੇ ਨਾਂਅ ਹੋਰ ਦੱਸਦੀ ਹੈ ਤੇ ਸ਼ਾਰਪ ਸ਼ੂਟਰਾਂ ਵਿਚੋਂ ਫੜਿਆ ਹਾਲੇ ਕੋਈ ਵੀ ਨਹੀਂ ਗਿਆ। ਦੋਹਾਂ ਸੂਬਿਆਂ ਦੀ ਪੁਲਿਸ ਦੇ ਬਿਆਨ ਵੱਖੋ-ਵੱਖਰੇ ਹਨ। ਬੇਸ਼ੱਕ ਪੁਲਿਸ ਤਾਹਾਂ ਮਾਰੇ ਕਿ ਅਸੀਂ ਮਸਲੇ ਦਾ ਹਲ ਕਰ ਦਿੱਤਾ ਪਰ ਕੀ ਸਿੱਧੂ ਮੂਸੇਵਾਲੇ ਦੇ ਮਾਪੇ ਤੇ ਪੰਜਾਬ ਦੇ ਲੋਕ ਸੰਤੁਸ਼ਟ ਹਨ ਜਾਂ ਨਹੀਂ, ਇਸ ਵਲ ਗੌਰ ਕਰਨ ਦੀ ਲੋੜ ਹੈ।

ਪੰਜਾਬ ਵਿਚ ਕਲਾਕਾਰਾਂ ਦਾ ਕਤਲ ਹੋਣਾ ਤੇ ਬਾਅਦ ਵਿਚ ਢੁਕਵਾਂ ਇਨਸਾਫ਼ ਨਾ ਮਿਲਣਾ ਜਾਂ ਵੇਲੇ ਸਿਰ ਇਨਸਾਫ਼ ਨਾ ਮਿਲਣਾ ਕੋਈ ਨਵੀਂ ਗੱਲ ਵੀ ਨਹੀਂ। ਅੱਜ ਤੱਕ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਕਾਤਲਾਂ ਬਾਰੇ ਕੋਈ ਪਤਾ ਨਹੀਂ ਲੱਗਿਆ। ਫਿਲਮ ਕਲਾਕਾਰ ਵਰਿੰਦਰ ਦੇ ਕਾਤਲਾਂ ਬਾਰੇ ਸਹੀ ਜਾਣਕਾਰੀ ਨਹੀਂ ਮਿਲੀ। ਮਹਾਨ ਕਵੀ ਸੋਹਣ ਸਿੰਘ ਮੀਸ਼ਾ ਦੇ ਕਾਤਲਾਂ ਬਾਰੇ ਸੰਤੁਸ਼ਟੀਜਨਕ ਜਾਣਕਾਰੀ ਨਹੀਂ ਮਿਲੀ। ਕਦੇ ਪੰਜਾਬ ਵਿਚ ਕਬੱਡੀ ਖਿਡਾਰੀ ਦਾ ਕਤਲ ਹੁੰਦਾ ਹੈ ਤੇ ਕਦੇ ਕਿਸੇ ਕਲਾਕਾਰ ਦਾ, ਜਿਸ ਨਾਲ ਪੰਜਾਬ ਦੇ ਲੋਕਾਂ ਵਿਚ ਦਹਿਸ਼ਤ ਦਾ ਪਸਾਰਾ ਹੋਇਆ ਹੈ। ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਪੰਜਾਬ ਦੇ ਦਰਜਨਾਂ ਕਲਾਕਾਰਾਂ ਨੇ ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਸੈੱਟਲ ਹੋਣ ਦਾ ਪ੍ਰੋਗਰਾਮ ਬਣਾ ਲਿਆ। ਬਣਾਉਣ ਵੀ ਕਿਉਂ ਨਾ? ਜਿਸ ਥਾਂ 'ਤੇ ਉਨ੍ਹਾਂ ਨੂੰ ਜ਼ਿੰਦਗੀ ਵੀ ਸੁਰੱਖਿਅਤ ਨਹੀਂ ਲਗਦੀ ਉਸ ਥਾਂ 'ਤੇ ਉਹ ਕਿਉਂ ਰਹਿਣ? ਇਸ ਵੇਲੇ ਪੰਜਾਬ ਵਿਚ ਫਿਰੌਤੀਆਂ ਮੰਗਣ ਵਾਲਿਆਂ ਦਾ ਵੀ ਰੁਝਾਨ ਜੋਰਾਂ 'ਤੇ ਹੈ। ਹਰ ਰੋਜ਼ ਕਿਸੇ ਵਪਾਰੀ, ਦੁਕਾਨਦਾਰ, ਨੇਤਾ ਆਦਿ ਕੋਲੋਂ ਫਿਰੌਤੀਆਂ ਮੰਗਣ ਦੀਆਂ ਖ਼ਬਰਾਂ ਆ ਰਹੀਆਂ ਹਨ। ਕਈ ਲੋਕਾਂ ਨੇ ਆਪਣੀ ਜਾਣ ਬਚਾਉਣ ਲਈ ਪਰਦੇ ਨਾਲ ਫਿਰੌਤੀਆਂ ਦੇ ਵੀ ਦਿੱਤੀਆਂ ਹਨ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪੰਜ ਸਾਲਾਂ ਵਿਚ ਲਾਰੈਂਸ ਬਿਸ਼ਨੋਈ ਜੇਲ੍ਹ ਵਿਚ ਬੈਠਾ ਕਰੋੜਾਂ ਰੁਪਏ ਦੀਆਂ ਫਿਰੌਤੀਆਂ ਇਕੱਠੀਆਂ ਕਰ ਲੈਂਦਾ ਹੈ, ਉਸ ਨੇ ਪੁਲਿਸ ਕੋਲ ਮੰਨਿਆ ਕਿ ਉਸ ਨੇ ਕੁਝ ਵਰ੍ਹਿਆਂ ਵਿਚ ਕਿਵੇਂ ਲੋਕਾਂ ਕੋਲੋਂ ਪੈਸੇ ਉਗਰਾਹੇ ਹਨ। ਜੇ ਜੇਲ੍ਹਾਂ ਵਿਚ ਬੈਠੇ ਗੈਂਗਸਟਰ ਫਿਰੌਤੀਆਂ ਮੰਗਦੇ ਹਨ, ਬੰਦੇ ਮਰਵਾਉਂਦੇ ਹਨ ਤਾਂ ਇਨ੍ਹਾਂ ਨੂੰ ਜੇਲ੍ਹਾਂ ਨਹੀਂ ਦਫ਼ਤਰ ਕਹਿਣਾ ਚਾਹੀਦਾ ਹੈ। ਇਕ ਸੀਨੀਅਰ ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਜੇਲ੍ਹਾਂ ਵਿਚ ਗੈਂਗਸਟਰ ਸਭ ਤੋਂ ਸੁਰੱਖਿਅਤ ਹਨ, ਜੇਕਰ ਉਹ ਬਾਹਰ ਰਹਿਣ ਤਾਂ ਗੈਂਗ-ਵਾਰ ਦਾ ਖ਼ਤਰਾ। ਪਰ ਜੇਲ੍ਹ ਵਿਚ ਕਮਾਈ ਵੀ ਵਧੀਆ, ਰਹਿੰਦੇ ਵੀ ਸੁਰੱਖਿਅਤ ਹਨ ਤੇ ਕੋਈ ਹਿੜਕ-ਝਿੜਕ ਵੀ ਨਹੀਂ, ਤਾਂ ਫਿਰ ਇਨ੍ਹਾਂ ਨੂੰ ਜੇਲ੍ਹਾਂ ਕਹਿਣਾ ਹੀ ਕਿਉਂ? ਪੰਜਾਬ ਦੇ ਲੋਕ ਇਸ ਵੇਲੇ ਬਹੁਤ ਮਾਨਸਿਕ ਪ੍ਰੇਸ਼ਾਨੀ ਤੋਂ ਗੁਜ਼ਰ ਰਹੇ ਹਨ। ਉਹ ਕਹਿੰਦੇ ਹਨ ਅਗਲੇ ਪਲ ਪਤਾ ਨਹੀਂ ਕਿਹੜੀ ਮੰਦਭਾਗੀ ਖ਼ਬਰ ਆ ਜਾਵੇ। ਜੇ ਸਰਕਾਰਾਂ ਲੋਕਾਂ ਨੂੰ ਇਨਸਾਫ਼ ਦੇਣਾ ਚਾਹੁੰਦੀਆਂ ਹਨ ਤਾਂ ਵੇਲੇ ਸਿਰ ਦੇਣ, ਕਿਉਂਕਿ ਦੇਰੀ ਨਾਲ ਮਿਲਿਆ ਇਨਸਾਫ਼ ਕੋਈ ਇਨਸਾਫ਼ ਨਹੀਂ ਹੁੰਦਾ।

**-ਤਰਨਜੀਤ ਸਿੰਘ ਕਿੰਨੜਾ**



Sri Satguru Jagjit Singh Ji eLibrary NamdhariElibrary@gmail.com

## ਪਾਠਕਾਂ ਦੇ ਧਿਆਨ ਹਿਤ

- 'ਸੰਗੀਤ ਦਰਪਣ' ਵਿਚ ਛਪਣ ਵਾਲੀਆਂ ਖ਼ਬਰਾਂ ਅਤੇ ਲੇਖਾਂ ਨਾਲ ਸੰਪਾਦਕ ਦੀ ਸਹਿਮਤੀ ਹੋਣੀ ਜ਼ਰੂਰੀ ਨਹੀਂ ਹੈ। ਕਥਾ ਸਾਹਿਤ ਵਿਚ ਵਰਤੇ ਗਏ ਮਾਨ, ਘਟਨਾਵਾਂ ਅਤੇ ਸਥਾਨ ਕਲਪਿਤ ਹੁੰਦੇ ਹਨ, ਇਨ੍ਹਾਂ ਦਾ ਕਿਸੇ ਵੀ ਜੀਵਤ ਜਾਂ ਮਰੇ ਵਿਅਕਤੀ ਨਾਲ ਕੋਈ ਸੰਬੰਧ ਨਹੀ ਹੁੰਦਾ। ਭਾਵੇਂ ਸਿਹਤ ਸੰਬੰਧੀ ਮਾਹਿਰਾਂ ਵੱਲੋਂ ਦਿੱਤੀ ਜਾਣਕਾਰੀ ਬਹੁਤ ਕਰਕੇ ਠੀਕ ਹੁੰਦੀ ਹੈ ਪਰ ਫਿਰ ਵੀ ਆਪਣੇ ਡਾਕਟਰ ਦੀ ਸਲਾਹ ਲੈ ਲੈਣੀ ਚਾਹੀਦੀ ਹੈ।
- ਅਦਾਰਾ 'ਸੰਗੀਤ ਦਰਪਣ' ਵਿਚ ਛਪੇ ਇਸ਼ਤਿਹਾਰਾਂ ਦੇ ਤੱਥਾਂ ਲਈ ਜ਼ਿੰਮੇਵਾਰ ਨਹੀਂ , ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ। ਮੈਗਜ਼ੀਨ ਵਿਚ ਛਪੇ ਮੈਟਰ 'ਤੇ ਇਤਰਾਜ਼ ਮੈਗਜ਼ੀਨ ਛਪਣ ਦੇ 30 ਦਿਨਾਂ ਦੇ ਅੰਦਰ ਹੀ ਕੀਤਾ ਜਾ ਸਕਦਾ ਹੈ ।ਇਸ ਤੋਂ ਬਾਅਦ ਕੀਤੀ ਗਈ ਕਿਸੇ ਕਾਰਵਾਈ ਲਈ ਅਦਾਰਾ 'ਸੰਗੀਤ ਦਰਪਣ' ਜ਼ਿੰਮੇਵਾਰ ਨਹੀਂ ਹੋਵੇਗਾ।

## 'ਸੰਗੀਤ ਦਰਪਣ' ਫੇਸ ਬੁੱਕ ਤੇ ਅੰਤਰਰਾਸ਼ਟਰੀ ਵੈੱਬਸਟਾਈਟ 'ਮੈਗਜ਼ੇਟਰ' 'ਤੇ ਵੀ ਉਪਲਬੱਧ

ਸਾਨੂੰ ਆਪਣੇ ਪਾਠਕਾਂ ਨੂੰ ਦੱਸਦੇ ਹੋਏ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਤੁਸੀਂ 'ਸੰਗੀਤ ਦਰਪਣ' ਨੂੰ ਅੰਤਰਰਾਸ਼ਟਰੀ ਮੈਗਜ਼ੀਨਾਂ ਦੀ ਵੈੱਬਸਾਈਟ ਤੇ ਫੇਸ ਬੁੱਕ 'ਤੇ ਵੀ ਦੇਖ/ਪੜ੍ਹ ਸਕਦੇ ਹੋ। ਇਸ ਲਈ 'ਸੰਗੀਤ ਦਰਪਣ' ਨਾਲ ਜੁੜਨ ਲਈ ਤੁਹਾਨੂੰ ਲਾਗ ਆਨ ਕਰਨਾ ਹੋਵੇਗਾ –

www.magzter.com/IN/Sangeet-Darpan/Sangeet-Darpan/Entertainment/

www.facebook.com/sangeetdarpan







06 ਡਾ. ਹਮਦਰਦ ਦੀ 19ਵੀਂ ਸੰਗੀਤਕ ਐਲਬਮ 'ਚੇਤਰ ਦਾ ਵਣਜਾਰਾ' ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼

11 ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਸਨਅਤ 'ਤੇ ਵਧ ਰਿਹਾ ਗੈਂਗਸਟਰਵਾਦ ਪ੍ਰਭਾਵ

13 ਪੰਜਾਬੀ ਸਿਨੇਮਾ ਖਿੱਤੇ 'ਚ ਨਵੇਂ ਦਿਸਹਿੱਦੇ ਸਿਰਜਣ ਵੱਲ ਵਧ ਰਿਹਾ ਹੋਣਹਾਰ ਨੌਜਵਾਨ ਨਿਰਦੇਸ਼ਕ ਮਨਜੋਤ ਸਿੰਘ

15 ਕੈਂਸਰ ਪੀੜਤ ਹਸਤੀਆਂ ਨੇ ਨਾ ਸਿਰਫ਼ ਬਿਮਾਰੀ 'ਤੇ ਮਾਤ ਪਾਈ ਸਗੋਂ ਦੂਜਿਆਂ ਨੂੰ ਇਸ ਬਿਮਾਰੀ ਨਾਲ ਲੜਨ ਲਈ ਪ੍ਰੇਰਿਤ ਵੀ ਕੀਤਾ

24 ਖਾਈਏ ਤਾਂ ਆਖਿਰ ਕੀ ਖਾਈਏ

30 ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਮਿੰਨੀ ਕਹਾਣੀ ਦਰਬਾਰ ਤੇ ਕਹਾਣੀ ਵਿਸ਼ਲੇਸ਼ਣ


**• ਅਤੇ ਹੋਰ ਬਹੁਤ ਸਾਰੀ ਦਿਲਚਸਪ ਸਮੱਗਰੀ**

**ਸੂਚਨਾ** ਜੇ ਕਿਸੇ ਨੂੰ 'ਸੰਗੀਤ ਦਰਪਣ' ਮੈਗਜ਼ੀਨ ਹਰ ਮਹੀਨੇ ਦੀ 7 ਜਾਂ 8 ਤਰੀਕ ਤੱਕ ਨਹੀਂ ਪਹੁੰਚਦਾ ਤਾਂ ਕਿਰਪਾ ਕਰਕੇ ਨਾਲ ਦਿੱਤੇ ਨੰਬਰਾਂ 'ਤੇ ਸੂਚਨਾ ਦਿਓ।ਫੋਨ ਨੰ: 01824-500591, 508888, 260717

## ਜ਼ਰੂਰੀ ਸੂਚਨਾ

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ। ਤੁਹਾਡੀਆਂ ਰਚਨਾਵਾਂ ਹਰ ਮਹੀਨੇ ਦੀ 10 ਤਰੀਕ ਤੱਕ ਸਾਡੇ ਦਫ਼ਤਰ ਪਹੁੰਚ ਜਾਣੀਆਂ ਚਾਹੀਦੀਆਂ ਹਨ। ਰਚਨਾਵਾਂ ਪਹਿਲਾਂ ਕਿਤੇ ਪ੍ਰਕਾਸ਼ਿਤ ਨਾ ਹੋਈਆਂ ਹੋਣ। ਬਿਲਕੁਲ ਨਵੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਮੈਗਜ਼ੀਨ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਦਾ ਸਾਮਾਨ ਖਰੀਦਣ ਤੋਂ ਪਹਿਲਾਂ ਪਾਠਕ ਜਾਂਚ ਕਰ ਲੈਣ। ਅਦਾਰਾ ਇਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ। -ਸੰਪਾਦਕ


SANGEET DARPAN
Monthly
Near ICICI Bank ATM,
Banga Road,Phagwara
(Kapurthala) Punjab - 144 401
91-1824-508888,
91-1824-260717
Fax : 91-1824-224517

ਇਕ ਕਾਪੀ (ਦੇਸ਼) : 35 ਰੁਪਏ
ਸਾਲਾਨਾ ਚੰਦਾ : 420 ਰੁਪਏ
ਇਕ ਕਾਪੀ (ਵਿਦੇਸ਼)
5 ਅਮਰੀਕਨ ਡਾਲਰ
ਸਾਲਾਨਾ ਚੰਦਾ (ਵਿਦੇਸ਼)
60 ਅਮਰੀਕਨ ਡਾਲਰ

ਕੀਮਤ 35/- ₹

www.sangeetdarpan.com

Released by Harmanpreet Singh, Printer, Publisher & Founder "Sangeet Darpan" from Near ICICI Bank ATM, Banga Road, Phagwara & Printed at Chhabra Computer & Printers, ED-274, Dhan Mohalla, Jalandhar.

E-mail : sangeetdarpan@yahoo.com
sangeetdarpanmagazine@gmail.com




. Sri Satguru Jagjit Singh Ji eLibrary NamdhariElibrary@gmail.com .

https://archive.org/details/namdhari

# ਚੇਤਰ ਦਾ ਵਣਜਾਰਾ

ਡਾਕਟਰ ਬਰਜਿੰਦਰ ਸਿੰਘ ਹਮਦਰਦ ਦੀ ਸ਼ਖ਼ਸੀਅਤ ਸ਼ਬਦ, ਸੁਰ ਅਤੇ ਸੰਗੀਤ ਨਾਲ ਇਸ ਤਰ੍ਹਾਂ ਇਕਮਿਕ ਹੋ ਗਈ ਹੈ, ਜਿਵੇਂ ਫੁੱਲਾਂ ਨਾਲ ਖ਼ੁਸ਼ਬੂ, ਦਰਿਆ ਨਾਲ ਰਵਾਨੀ ਅਤੇ ਹਵਾ ਨਾਲ ਰੁਮਕਣ।

ਕਰਮ, ਕਿਰਿਆ ਅਤੇ ਕਰਤਾ ਦਾ ਇਕ ਦੂਸਰੇ ਵਿਚ ਅਭੇਦ ਹੋ ਜਾਣਾ, ਏਨਾ ਸਹਿਜ ਵੀ ਹੋ ਸਕਦਾ ਹੈ, ਇਹ ਸੋਚਣਾ ਵੀ ਸਹਿਜ ਨਹੀਂ ਹੈ। ਪਰ ਡਾਕਟਰ ਬਰਜਿੰਦਰ ਸਿੰਘ ਹਮਦਰਦ ਨੇ ਇਕ ਤੋਂ ਬਾਅਦ ਇਕ ਸੰਗੀਤਮਈ ਚਮਤਕਾਰ ਕਰਕੇ ਇਸ ਨੂੰ ਸਹਿਜ ਬਣਾ ਦਿੱਤਾ ਹੈ।

ਮੱਧਕਾਲੀ ਕਵੀ ਹਾਸ਼ਮ ਸ਼ਾਹ ਤੋਂ ਆਧੁਨਿਕ ਰਚਨਾਕਾਰ ਬਲਵਿੰਦਰ ਬਾਲਮ ਤੱਕ ਦੀਆਂ ਕਿਰਤਾਂ ਨੂੰ ਚੇਤਰ ਦਾ ਵਣਜਾਰਾ ਸਿਰਲੇਖ ਅਧੀਨ ਸੁਰਬੱਧ ਕਰਕੇ ਗੁਰਦੀਪ ਸਿੰਘ ਦੀਆਂ ਸੰਗੀਤਕ ਛੋਹਾਂ ਨਾਲ ਇਕ ਨਵੇਂ ਅਦਭੁੱਤ ਆਭਾ ਮੰਡਲ ਦੀ ਸਿਰਜਣਾ ਕਰਨਾ ਡਾ. ਬਰਜਿੰਦਰ ਸਿੰਘ ਹਮਦਰਦ ਦਾ ਇਕ ਹੋਰ ਕ੍ਰਿਸ਼ਮਾ ਹੈ।

ਆਪਣੀ ਸਹਿਜ-ਸੁਰਤ ਨੂੰ ਇਸ ਸਹਿਜ-ਸੁਰ-ਸਮੁੰਦਰ ਨਾਲ ਇਕਸੁਰ ਕਰਕੇ ਆਓ, ਇਸ ਅਜਬ ਆਭਾ ਮੰਡਲ ਦਾ ਅਨੰਦ ਮਾਣੀਏ।

-ਡਾ. ਲਖਵਿੰਦਰ ਸਿੰਘ ਜੌਹਲ




Sri Satguru Jagjit Singh Ji eLibrary NamdhariElibrary@gmail.com

## ਡਾ. ਹਮਦਰਦ ਦੀ 19ਵੀਂ ਸੰਗੀਤਕ ਐਲਬਮ

# 'ਚੇਤਰ ਦਾ ਵਣਜਾਰਾ'

# ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼

- ਸੁਰ ਅਤੇ ਸੰਗੀਤ ਦਾ ਖ਼ੂਬਸੂਰਤ ਸੰਗਮ ਹੋ ਨਿੱਬੜੀ ਡਾ. ਹਮਦਰਦ ਦੀ ਪੇਸ਼ਕਾਰੀ
- ਸੀ. ਟੀ. ਗਰੁੱਪ ਵਲੋਂ ਡਾ. ਬਰਜਿੰਦਰ ਸਿੰਘ ਹਮਦਰਦ 'ਪੰਜਾਬ ਦਾ ਰਤਨ' ਐਵਾਰਡ ਨਾਲ ਸਨਮਾਨਿਤ





ਡਾ. ਬਰਜਿੰਦਰ ਸਿੰਘ ਹਮਦਰਦ ਦੀ ਐਲਬਮ 'ਚੇਤਰ ਦਾ ਵਣਜਾਰਾ' ਨੂੰ ਰਿਲੀਜ਼ ਕਰਦੇ ਹੋਏ ਤਰਲੋਚਨ ਸਿੰਘ, ਤੇਜਿੰਦਰ ਸਿੰਘ ਬਿੱਟੂ, ਰਾਣਾ ਗੁਰਮੀਤ ਸਿੰਘ ਸੋਢੀ, ਸੁਰਿੰਦਰਪਾਲ ਸਿੰਘ ਗਵਾਲੀਅਰ, ਇਰਵਿਨ ਖੰਨਾ, ਬਲਕਾਰ ਸਿੰਘ, ਚਰਨਜੀਤ ਸਿੰਘ ਚੰਨੀ, ਡਾ. ਐਸ. ਪੀ. ਸਿੰਘ, ਡਾ. ਇਕਬਾਲ ਸਿੰਘ, ਗਿਰੀਸ਼ ਕੁਮਾਰ, ਪ੍ਰੇਮ ਸਿੰਘ ਐਡਵੋਕੇਟ, ਡਾ. ਜਸਪਾਲ ਸਿੰਘ, ਬਲਵੰਤ ਸਿੰਘ ਰਾਮੂਵਾਲੀਆ, ਸ਼ੀਤਲ ਵਿੱਜ, ਡਾ. ਦਲਜੀਤ ਸਿੰਘ ਚੀਮਾ, ਅੰਮ੍ਰਿਤ ਸਾਗਰ ਮਿੱਤਲ, ਰਮੇਸ਼ ਮਿੱਤਲ, ਗੁਰਚਰਨ ਸਿੰਘ ਸਿਆਲ, ਰਮਨ ਅਰੋੜਾ, ਗੁਰਪ੍ਰੀਤ ਸਿੰਘ ਭੁੱਲਰ, ਘਣਸ਼ਿਆਮ ਥੋਰੀ, ਡਾ. ਜਸਪਾਲ ਸਿੰਘ ਸੰਧੂ, ਆਲੋਕ ਸੋਂਧੀ ਤੇ ਵਿਨੈ ਬੁਬਲਾਨੀ।(ਹੇਠਾਂ) ਤਰਨਜੀਤ ਸਿੰਘ ਕਿੰਨੜਾ, ਦੀਪਕ ਬਾਲੀ, ਐਸ. ਐਸ. ਫੁੱਲ, ਅਮਰਜੀਤ ਕੋਮਲ, ਐਸ. ਐਸ. ਅਜੀਮਲ, ਕੁਲਬੀਰ ਸਿੰਘ ਸੂਰੀ, ਨਿਤਿਨ ਕਪੂਰ, ਗੁਰਪ੍ਰੀਤ ਸਿੰਘ ਲਾਡੀ, ਹਰਿੰਦਰ ਸਿੰਘ, ਪ੍ਰੋ. ਅਵਤਾਰ ਸਿੰਘ, ਕੇਵਲ ਸਿੰਘ ਰਾਣਾ, ਜਸਵੰਤ ਸਿੰਘ ਜੱਸ, ਸੁਰਿੰਦਰ ਕੋਛੜ, ਜਸਵੰਤ ਸਿੰਘ ਪੁਰਬਾ, ਸੁਰਿੰਦਰਪਾਲ ਸਿੰਘ, ਡਾ. ਨਰੇਸ਼ ਨਾਗਪਾਲ, ਪੀ. ਐਸ. ਬਾਵਾ, ਬੀ. ਐਸ. ਬਾਵਾ ਤੇ ਹੋਰ।



ਡਾ. ਬਰਜਿੰਦਰ ਸਿੰਘ ਹਮਦਰਦ ਦੀ ਐਲਬਮ 'ਚੇਤਰ ਦਾ ਵਣਜਾਰਾ' ਨੂੰ ਰਿਲੀਜ਼ ਕਰਦੇ ਹੋਏ ਸਰਦਾਰਨੀ ਸਰਬਜੀਤ ਕੌਰ ਹਮਦਰਦ, ਪ੍ਰਮਿੰਦਰ ਕੌਰ ਚੰਨੀ, ਤਾਨਿਕਾ ਸਿੰਘ, ਵਾਣੀ ਵਿੱਜ, ਮਧੂ ਮਿੱਤਲ, ਸੰਗੀਤਾ ਮਿੱਤਲ, ਜਸਵਿੰਦਰ ਕੌਰ, ਜੋਜੀ ਸਿਆਲ, ਡਾ. ਰਣਜੀਤ ਕੌਰ, ਡਾ. ਰਵਨੀਤ ਕੌਰ, ਮੈਡਮ ਗੁਰਜੋਤ ਕੌਰ, ਪ੍ਰਮਿੰਦਰ ਬੇਰੀ, ਪੂਰਨਿਮਾ ਬੇਰੀ, ਰੁਪਾਲੀ ਸਿੰਘ, ਡਾ. ਜਗਜੀਤ ਕੌਰ, ਰੂਹੀ ਸਿਆਲ, ਡਾ. ਗੁਰਪ੍ਰੀਤ ਕੌਰ ਆਦਿ

ਜਲੰਧਰ – ਪੱਤਰਕਾਰੀ ਦੇ ਬੇਹੱਦ ਰੁਝੇਵਿਆਂ ਦੇ ਬਾਵਜੂਦ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਸੰਗੀਤ ਨਾਲ ਆਪਣਾ ਮੋਹ ਕਦੇ ਵੀ ਖ਼ਤਮ ਨਹੀਂ ਹੋਣ ਦਿੱਤਾ ਤੇ ਆਪਣੇ ਇਸ ਸੰਗੀਤਕ ਸਫਰ ਨੂੰ ਜਾਰੀ ਰੱਖਦਿਆਂ ਉਨ੍ਹਾਂ ਇਕ ਹੋਰ ਨਵੀਂ ਐਲਬਮ 'ਚੇਤਰ ਦਾ ਵਣਜਾਰਾ' ਸੰਗੀਤ ਪ੍ਰੇਮੀਆਂ ਦੀ ਝੋਲੀ ਪਾਈ ਹੈ। ਇਹ ਉਨ੍ਹਾਂ ਦੀ 19ਵੀਂ ਐਲਬਮ ਹੈ, ਜਿਸ ਵਿਚ ਉਨ੍ਹਾਂ ਨੇ ਮੱਧ ਕਾਲ ਦੇ ਉੱਚ ਕੋਟੀ ਦੇ ਰਚਨਾਕਾਰ ਹਾਸ਼ਮ ਤੋਂ ਲੈ ਕੇ ਆਧੁਨਿਕ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਆਪਣੀ ਸੋਜ਼ਮਈ ਆਵਾਜ਼ 'ਚ ਪੇਸ਼ ਕੀਤਾ ਹੈ। ਇਹ ਨਵੀਂ ਐਲਬਮ 'ਚੇਤਰ ਦਾ ਵਣਜਾਰਾ' ਵਿੱਦਿਅਕ ਖੇਤਰ ਦੀ ਮਾਣਮੱਤੀ ਸੰਸਥਾ ਸੀ. ਟੀ. ਇੰਸਟੀਚਿਊਟ ਦੇ ਸਰਦਾਰਨੀ ਮਨਜੀਤ ਕੌਰ ਆਡੀਟੋਰੀਅਮ 'ਚ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਵੱਖ-ਵੱਖ ਪੜਾਵਾਂ 'ਚ ਰਿਲੀਜ਼ ਕੀਤੀ ਗਈ। ਇਸ ਮੌਕੇ ਸੀ. ਟੀ. ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਡਾ. ਬਰਜਿੰਦਰ ਸਿੰਘ ਹਮਦਰਦ ਨੂੰ 'ਪੰਜਾਬ ਦਾ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਐਲਬਮ ਦੀ ਰਿਲੀਜ਼ ਤੋਂ ਪਹਿਲਾਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਐਲਬਮ ਵਿਚਲੀਆਂ ਵੱਖ-ਵੱਖ ਸ਼ਾਇਰਾਂ ਦੀਆਂ ਚੋਣਵੀਆਂ ਰਚਨਾਵਾਂ ਨੂੰ ਆਪਣੀ ਸੋਜ਼ਮਈ ਆਵਾਜ਼ 'ਚ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ। ਡਾ. ਹਮਦਰਦ ਦੀ ਆਵਾਜ਼ ਨੇ ਸੁਰ ਅਤੇ ਸੰਗੀਤ ਦਾ ਇਕ ਅਜਿਹਾ ਮਨਮੋਹਕ ਸੰਗਮ ਪੇਸ਼ ਕੀਤਾ ਕਿ ਹਾਜ਼ਰ ਸੰਗੀਤ ਪ੍ਰੇਮੀ, ਸੰਗੀਤ ਸਮੁੰਦਰ 'ਚ ਤਾਰੀਆਂ ਲਗਾਉਂਦੇ ਹੋਏ ਨਜ਼ਰ ਆਏ। ਇਸ ਮੌਕੇ ਡਾ. ਬਰਜਿੰਦਰ ਸਿੰਘ ਹਮਦਰਦ ਨੇ ਇਕ ਤੋਂ ਬਾਅਦ ਇਕ ਕੁੱਲ 8 ਰਚਨਾਵਾਂ ਆਪਣੇ ਨਿਵੇਕਲੇ ਅੰਦਾਜ਼ 'ਚ ਪੇਸ਼ ਕਰ ਕੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ।

ਹਾਜ਼ਰ ਸਰੋਤਿਆਂ ਨੇ ਹਰ ਪੇਸ਼ਕਾਰੀ ਤੋਂ ਬਾਅਦ



Sri Satguru Jagjit Singh Ji eLibrary NamdhariElibrary@gmail.com

ਭਰਪੂਰ ਤਾੜੀਆਂ ਨਾਲ ਉਨ੍ਹਾਂ ਦੀ ਗਾਇਕੀ ਦੀ ਪ੍ਰਸੰਸਾ ਕੀਤੀ। ਇਹ ਐਲਬਮ 'ਪੈੱਨ ਡਰਾਈਵ' ਦੇ ਰੂਪ 'ਚ ਉਪਲੱਬਧ ਹੈ ਤੇ ਸਮਾਗਮ ਦੀ ਸਮਾਗਮ ਦੀ ਸਮਾਪਤੀ ਉਪਰੰਤ ਹਾਜ਼ਰੀਨ ਨੂੰ ਸਤਿਕਾਰ ਸਹਿਤ ਭੇਟ ਕੀਤੀ ਗਈ। ਇਸ ਮੌਕੇ ਮੰਚ ਦਾ ਸੰਚਾਲਨ ਕਰਦਿਆਂ ਡਾ. ਲਖਵਿੰਦਰ ਸਿੰਘ ਜੌਹਲ ਨੇ ਡਾ. ਬਰਜਿੰਦਰ ਸਿੰਘ ਹਮਦਰਦ ਦੇ ਸੰਗੀਤਕ ਸਫਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਲ 2003 ਤੋਂ 'ਜਜ਼ਬਾਤ' ਐਲਬਮ ਨਾਲ ਸ਼ੁਰੂ ਹੋਇਆ ਉਨ੍ਹਾਂ ਦਾ ਇਹ ਸਫਰ ਬਾਦਸਤੂਰ ਜਾਰੀ ਹੈ ਤੇ ਉਹ ਹੁਣ ਤੱਕ 18 ਐਲਬਮਾਂ ਸੰਗੀਤ ਪ੍ਰੇਮੀਆਂ ਦੀ ਝੋਲੀ ਪਾ ਚੁੱਕੇ ਹਨ। ਉਨ੍ਹਾਂ ਨੇ ਪੱਤਰਕਾਰੀ ਦੀ ਮਸ਼ਰੂਫੀਅਤ ਦੇ ਬਾਵਜੂਦ ਨਾ ਕੇਵਲ ਆਪਣੇ ਗਾਉਣ ਦੇ ਸ਼ੌਕ ਨੂੰ ਜਾਰੀ ਰੱਖਿਆ ਹੋਇਆ ਹੈ, ਬਲਕਿ ਪੰਜਾਬੀ, ਹਿੰਦੀ ਤੇ ਉਰਦੂ ਦੇ ਉਨ੍ਹਾਂ ਨਾਮਵਰ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਸਦੀਵੀ ਬਣਾਉਣ ਦਾ ਯਤਨ ਕੀਤਾ ਹੈ, ਜੋ ਸਮੇਂ ਦੀ ਹਨੇਰੀ 'ਚ ਕਿਧਰੇ ਅਲੋਪ ਹੁੰਦੇ ਜਾ ਰਹੇ ਸਨ। ਇਸ ਮੌਕੇ ਉਨ੍ਹਾਂ ਡਾ. ਬਰਜਿੰਦਰ ਸਿੰਘ ਹਮਦਰਦ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਜਿੱਥੇ ਇਕ ਕੁਸ਼ਲ ਪ੍ਰਬੰਧਕ, ਨਿਧੜਕ ਪੱਤਰਕਾਰ ਤੇ ਵਿਦਵਾਨ ਸਾਹਿਤਕਾਰ ਹਨ, ਉੱਥੇ ਉਹ ਮਨੁੱਖਤਾ ਦੇ ਦਰਦ ਨੂੰ ਸਮਝਣ ਵਾਲੇ ਸੰਵੇਦਨਸ਼ੀਲ ਇਨਸਾਨ ਵੀ ਹਨ। ਜਿਨ੍ਹਾਂ ਨੇ ਹਮੇਸ਼ਾ ਆਪਣੀਆਂ ਲਿਖਤਾਂ ਅਤੇ ਗੀਤਾਂ ਰਾਹੀਂ ਨਵਾਂ ਤੇ ਸਿਹਤਮੰਦ ਪੰਜਾਬ ਸਿਰਜਣ ਦਾ ਯਤਨ ਕੀਤਾ ਹੈ। ਇਸ ਮੌਕੇ ਐਲਬਮ ਨੂੰ ਸੰਗੀਤਕ ਧੁਨਾਂ ਨਾਲ ਸ਼ਿੰਗਾਰਨ ਵਾਲੇ ਉੱਘੇ ਸੰਗੀਤਕਾਰ ਗੁਰਦੀਪ ਸਿੰਘ ਅਤੇ ਸਾਹਿਤਕਾਰ ਡਾ. ਸਰਬਜੀਤ ਕੌਰ ਸੰਧਾਵਾਲੀਆ ਨੂੰ ਡਾ. ਬਰਜਿੰਦਰ ਸਿੰਘ ਹਮਦਰਦ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀ. ਟੀ. ਗਰੁੱਪ ਦੇ ਐਮ. ਡੀ. ਡਾ. ਮਨਬੀਰ ਸਿੰਘ ਵਲੋਂ ਲਿਖੀ ਪੁਸਤਕ ਵੀ ਡਾ. ਹਮਦਰਦ ਵਲੋਂ ਲੋਕ ਅਰਪਨ ਕੀਤੀ ਗਈ।



**ਰਿਲੀਜ਼ ਸਮਾਗਮ ਮੌਕੇ ਪੇਸ਼ਕਾਰੀ ਕਰਦੇ ਹੋਏ ਡਾ. ਬਰਜਿੰਦਰ ਸਿੰਘ ਹਮਦਰਦ**

## ਬਚਪਨ ਦੇ ਸ਼ੌਕ ਨੂੰ ਬਰਕਰਾਰ ਰੱਖ ਸਕਣਾ ਮੇਰੀ ਖੁਸ਼ਕਿਸਮਤੀ-ਡਾ. ਹਮਦਰਦ

ਸਮਾਗਮ 'ਚ ਸ਼ਾਮਿਲ ਹੋਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਗਾਇਕੀ ਉਨ੍ਹਾਂ ਦਾ ਕਿੱਤਾ ਨਹੀਂ ਹੈ ਪਰ ਗਾਉਣ ਦਾ ਸ਼ੌਕ ਉਨ੍ਹਾਂ ਨੂੰ ਬਚਪਨ ਤੋਂ ਹੀ ਸੀ। ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਹਨ ਕਿ ਉਹ ਪੱਤਰਕਾਰੀ ਦੇ ਅਤਿ ਦੇ ਰੁਝੇਵਿਆਂ ਦੇ ਬਾਵਜੂਦ ਗਾਉਣ ਦੇ ਆਪਣੇ ਬਚਪਨ ਦੇ ਸ਼ੌਕ ਨੂੰ ਅੱਜ ਤੱਕ ਬਰਕਰਾਰ ਰੱਖ ਸਕੇ ਹਨ। ਉਨ੍ਹਾਂ ਕਿਹਾ ਕਿ ਪੱਤਰਕਾਰੀ ਕਰਦਿਆਂ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕਈ ਵਾਰ ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਸਮਾਂ ਕੱਢਣਾ ਬਹੁਤ ਔਖਾ ਹੁੰਦਾ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਗਾਉਣ ਦੇ ਸ਼ੌਕ ਨੂੰ ਕਦੇ ਵੀ ਮਰਨ ਨਹੀਂ ਦਿੱਤਾ ਤੇ ਇਸ ਨੂੰ ਕਿਸੇ ਨਾ ਕਿਸੇ ਤਰੀਕੇ ਜਿੰਦਾ ਰੱਖਿਆ ਹੋਇਆ ਹੈ। ਆਪਣੇ ਗੀਤਾਂ ਦੀ ਚੋਣ ਕਰਨ ਬਾਰੇ ਡਾ. ਹਮਦਰਦ ਨੇ ਕਿਹਾ ਕਿ ਇਹ ਉਨ੍ਹਾਂ ਦੀ ਆਪਣੀ ਪਸੰਦ ਹੁੰਦੀ ਹੈ ਤੇ ਜਦੋਂ ਕੋਈ ਵੀ ਰਚਨਾ ਉਨ੍ਹਾਂ ਦੇ ਮਨ ਨੂੰ ਟੁੰਬਦੀ ਹੈ ਜਾਂ ਛੂਹ ਜਾਂਦੀ ਹੈ ਤਾਂ ਉਹ ਉਸ ਨੂੰ ਗਾਉਣ ਦਾ ਮਨ ਬਣਾਉਂਦੇ ਹਨ। ਉਨ੍ਹਾਂ ਦੀ ਕੋਸ਼ਿਸ਼ ਰਹੀ ਹੈ ਕਿ ਉਹ ਅਜਿਹੀਆਂ ਰਚਨਾਵਾਂ ਦੀ ਚੋਣ ਕਰਨ, ਜਿਨ੍ਹਾਂ 'ਚ ਮਨੁੱਖੀ ਰਿਸ਼ਤਿਆਂ ਅਤੇ ਸਮਾਜਿਕ ਚੁਣੌਤੀਆਂ ਬਾਰੇ ਕੋਈ ਨਾ ਕੋਈ ਸੰਦੇਸ਼ ਹੋਵੇ। ਹੁਣ ਤੱਕ ਉਨ੍ਹਾਂ ਨੇ ਹਿੰਦੀ, ਉਰਦੂ ਤੇ ਪੰਜਾਬੀ ਦੀਆਂ ਉਨ੍ਹਾਂ ਰਚਨਾਵਾਂ ਨੂੰ ਹੀ ਆਪਣੀ ਆਵਾਜ਼ ਦਿੱਤੀ ਹੈ, ਜੋ ਉਨ੍ਹਾਂ ਦੇ ਦਿਲ ਦੇ ਬੇਹੱਦ ਕਰੀਬ ਹਨ। ਇਸ ਮੌਕੇ ਉਨ੍ਹਾਂ ਸੀ. ਟੀ. ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਵੀ ਇਹ ਕਾਫੀ ਦੇਰ ਦੀ ਇੱਛਾ ਸੀ ਕਿ ਉਹ ਆਪਣੀ ਐਲਬਮ ਸੀ. ਟੀ. ਗਰੁੱਪ ਦੇ ਕੈਂਪਸ 'ਚ ਰਿਲੀਜ਼ ਕਰਨ, ਜੋ ਅੱਜ ਪੂਰੀ ਹੋਈ ਹੈ।



**ਸੰਬੋਧਨ ਕਰਦੇ ਹੋਏ ਚਰਨਜੀਤ ਸਿੰਘ ਚੰਨੀ ਅਤੇ ਮੰਚ ਦਾ ਸੰਚਾਲਨ ਕਰਦੇ ਹੋਏ ਡਾ. ਲਖਵਿੰਦਰ ਸਿੰਘ ਜੌਹਲ**

ਸਮਾਗਮ 'ਚ ਪੁਡੂਚੇਰੀ ਦੇ ਸਾਬਕਾ ਉਪ ਰਾਜਪਾਲ ਡਾ. ਇਕਬਾਲ ਸਿੰਘ, ਸ. ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ, ਡਾ. ਜਸਪਾਲ ਸਿੰਘ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਜਸਪਾਲ ਸਿੰਘ ਸੰਧੂ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਐਸ. ਪੀ. ਸਿੰਘ ਸਾਬਕਾ ਵਾਈਸ ਚਾਂਸਲਰ, ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸਾਬਕਾ ਕੈਬਨਿਟ ਮੰਤਰੀ ਤੇ ਭਾਜਪਾ ਆਗੂ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਵਿਧਾਇਕ ਬਲਕਾਰ ਸਿੰਘ, ਵਿਧਾਇਕ ਰਮਨ ਅਰੋੜਾ, ਪ੍ਰੇਮ ਸਿੰਘ ਐਡਵੋਕੇਟ ਚੇਅਰਮੈਨ ਡਾ. ਸਾਧੂ ਸਿੰਘ ਹਮਦਰਦ ਟਰੱਸਟ, ਲਵਲੀ ਗਰੁੱਪ ਦੇ ਚੇਅਰਮੈਨ ਰਮੇਸ਼ ਮਿੱਤਲ, ਦੈਨਿਕ ਉੱਤਮ ਹਿੰਦੂ ਦੇ ਮੁੱਖ ਸੰਪਾਦਕ ਇਰਵਿਨ ਖੰਨਾ, ਦੈਨਿਕ ਸਵੇਰਾ ਦੇ ਮੁੱਖ ਸੰਪਾਦਕ ਸ਼ੀਤਲ ਵਿੱਜ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਬਿੱਟੂ, ਉੱਘੇ ਚਾਰਟਡ ਅਕਾਊਂਟੈਂਟ ਗੁਰਚਰਨ ਸਿੰਘ ਸਿਆਲ, ਪ੍ਰਦੁੱਮਣ ਸਿੰਘ ਜੌਲੀ ਚੇਅਰਮੈਨ ਸਿਟੀਜਨਸ ਕੋਆਪ੍ਰੇਟਿਵ ਬੈਂਕ, ਸੁਰਿੰਦਰਪਾਲ ਸਿੰਘ ਗਵਾਲੀਅਰ, ਪੁਲਿਸ ਅਧਿਕਾਰੀ ਗੁਰਪ੍ਰੀਤ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ, ਵਿਨੈ ਬੁਬਲਾਨੀ, ਗਿਰੀਸ਼ ਬਾਲੀ ਆਰ. ਆਰ. ਐਸ., ਆਲੋਕ ਸੋਂਧੀ, ਆਤਮ ਪ੍ਰਕਾਸ਼ ਸਿੰਘ ਬਬਲੂ, ਦੀਪਕ ਬਾਲੀ, ਪ੍ਰੋ. ਗੁਰਭਜਨ ਸਿੰਘ ਗਿੱਲ, ਸਤੀਸ਼ ਜੈਨ ਹਵੇਲੀ ਗਰੁੱਪ, ਪਰਮਵੀਰ ਸਿੰਘ ਡਾਇਰੈਕਟਰ ਸਰਬ ਮਲਟੀਪਲੈਕਸ, ਹਰਪ੍ਰੀਤ ਸਿੰਘ ਵਿੱਕਾ ਡਾਇਰੈਕਟਰ ਸਰਬ ਮਲਟੀਪਲੈਕਸ, ਹਰਪ੍ਰੀਤ ਸਿੰਘ (ਸੀ. ਟੀ. ਗਰੁੱਪ), ਅਮਨ ਮਿੱਤਲ (ਲਵਲੀ ਗਰੁੱਪ), ਡਾ. ਚਰਨਜੀਤ ਸਿੰਘ ਪਰੂਥੀ, ਤਰਲੋਚਨ ਸਿੰਘ ਲੋਚੀ, ਡਾ. ਦਰਸ਼ਨ ਸਿੰਘ, ਡਾ. ਮਨਜੀਤ ਸਿੰਘ ਸੈਣੀ, ਵਿਕਰਮਜੀਤ ਸਿੰਘ ਵਿੱਕੀ, ਸੰਜੀਵ ਬਾਂਸਲ, ਗੁਰਚਰਨ ਸਿੰਘ ਚੰਨੀ, ਜੇ. ਪੀ. ਸਿੰਘ (ਪ੍ਰੈਜ਼ੀਡੈਂਟ ਹੋਟਲ), ਅਸ਼ਵਨੀ ਕੁਮਾਰ (ਵਿਕਟਰ ਟੂਲਜ਼), ਰਿਤਿਨ ਖੰਨਾ, ਰਛਪਾਲ ਸਿੰਘ ਪਾਲ, ਜਸਕਰਨ ਸਿੰਘ ਤੇਜਾ ਡੀ. ਸੀ. ਪੀ., ਜਗਮੋਹਨ ਸਿੰਘ ਡੀ. ਸੀ. ਪੀ., ਡਾ. ਗੁਰਬੀਰ ਸਿੰਘ ਗਿੱਲ, ਪ੍ਰਵੀਨ ਗੁਪਤਾ, ਸੁਦਰਸ਼ਨ ਸ਼ਰਮਾ (ਐਚ. ਆਰ. ਗਰੁੱਪ), ਐਸ. ਐਸ. ਅਜੀਮਲ, ਕੁਲਬੀਰ ਸਿੰਘ ਸੂਰੀ, ਨਿਤਿਨ ਕਪੂਰ, ਐਸ. ਐਸ. ਫੁੱਲ, ਗੁਰਪ੍ਰੀਤ ਸਿੰਘ ਲਾਡੀ, ਹਰਵਿੰਦਰ ਸਿੰਘ, ਅਮਰਜੀਤ ਸਿੰਘ ਕੋਮਲ, ਪ੍ਰੋ. ਅਵਤਾਰ ਸਿੰਘ, ਕੇਵਲ ਸਿੰਘ ਰਾਣਾ, ਜਸਵੰਤ ਸਿੰਘ ਜੱਸ, ਸੁਰਿੰਦਰ ਕੋਛੜ, ਸੁਰਿੰਦਰਪਾਲ ਸਿੰਘ, ਜਸਵੰਤ ਸਿੰਘ ਪੁਰਬਾ, ਤਰਨਜੀਤ ਸਿੰਘ ਕਿੰਨੜਾ, ਡਾ. ਨਰੇਸ਼ ਨਾਗਪਾਲ, ਪੀ. ਐਸ. ਬਾਵਾ, ਬੀ. ਐਸ. ਬਾਵਾ, ਸਰਦਾਰਨੀ ਸਰਬਜੀਤ ਕੌਰ ਹਮਦਰਦ ਟਰੱਸਟੀ ਡਾ. ਸਾਧੂ ਸਿੰਘ ਹਮਦਰਦ ਟਰੱਸਟ, ਪ੍ਰਮਿੰਦਰ ਕੌਰ ਚੰਨੀ, ਤਾਨਿਕਾ ਸਿੰਘ, ਵਾਣੀ ਵਿੱਜ, ਮਧੂ ਮਿੱਤਲ, ਸੰਗੀਤਾ ਮਿੱਤਲ, ਜਸਵਿੰਦਰ ਕੌਰ, ਜੋਜੀ ਸਿਆਲ, ਡਾ. ਰਣਜੀਤ ਕੌਰ, ਡਾ. ਰਵਨੀਤ ਕੌਰ, ਮੈਡਮ ਗੁਰਜੋਤ ਕੌਰ ਸੀਨੀਅਰ ਐਗਜ਼ੈਕਟਿਵ 'ਅਜੀਤ' ਪ੍ਰਕਾਸ਼ਨ ਸਮੂਹ, ਪ੍ਰਮਿੰਦਰ ਬੇਰੀ, ਪੂਰਨਿਮਾ ਬੇਰੀ, ਰੁਪਾਲੀ ਸਿੰਘ, ਡਾ. ਜਗਜੀਤ ਕੌਰ, ਰੂਹੀ ਸਿਆਲ, ਡਾ. ਗੁਰਪ੍ਰੀਤ ਕੌਰ ਆਦਿ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਸਨ।



Sri Satguru Jagjit Singh Ji eLibrary NamdhariElibrary@gmail.com

# ‘ਚੇਤਰ ਦਾ ਵਣਜਾਰਾ’ ਸੁੱਚੇ ਸੁਥਰੇ ਸੰਗੀਤ ਦੇ ਸਰੋਵਰ ’ਚ ਤਾਰੀਆਂ

-ਗੁਰਭਜਨ ਗਿੱਲ-



ਵੱਡੇ ਵੀਰ ਡਾ. ਬਰਜਿੰਦਰ ਸਿੰਘ ਹਮਦਰਦ ਦੀ ਆਡੀਓ ਸੀ.ਡੀ. ‘ਚੇਤਰ ਦਾ ਵਣਜਾਰਾ’ ਦੇ ਲੋਕ ਅਰਪਨ ਸਮਾਗਮ ਸੀ. ਟੀ. ਯੂਨੀਵਰਸਿਟੀ ਜਲੰਧਰ ਦੇ ਸਾਊਥ ਕੈਂਪਸ ਵਿਖੇ ਹੋਇਆ। ਮੈਂ ਤੇ ਵੀਰ ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ ਜਦ ਤ੍ਰੈਲੋਚਨ ਲੋਚੀ ਸਮੇਤ ਕੈਂਪਸ ਲੱਭਦੇ ਲਭਾਉਂਦੇ ਪਹੁੰਚੇ ਤਾਂ ਸਾਰਾ ਹਾਲ ਭਰ ਚੁੱਕਾ ਸੀ। ਮੈਂ ਪਿਛਲੀ ਪਾਲ ਵੱਲ ਤੁਰਿਆ ਤਾਂ ਭਾ ਜੀ ਦੇ ਨਿਜੀ ਸਹਾਇਕ ਅਮਰਜੀਤ ਸਿੰਘ ਨੇ ਕਿਹਾ ਪਿੱਛੇ ਨਹੀਂ, ਅੱਗੇ ਆਓ। ਇਹ ਸੋਫ਼ਾ ਤੁਹਾਡੇ ਤੇ ਡਾ. ਸ. ਪ. ਸਿੰਘ ਤੇ ਉਨ੍ਹਾਂ ਦੀ ਜੀਵਨ ਸਾਥਣ ਪ੍ਰੋ. ਜਗਜੀਤ ਕੌਰ ਜੀ ਲਈ ਪਹਿਲਾਂ ਹੀ ਰਾਖਵਾਂ ਹੈ। ਪਹਿਲਾ ਸੋਫ਼ਾ ਹੋਣ ਕਰਕੇ ਸਾਥੋਂ ਮਗਰੋਂ ਆਉਣ ਵਾਲਿਆਂ ਦੇ ਦਰਸ਼ਨ ਮੇਲੇ ਹੋ ਗਏ। ਕਈ ਤਾਂ ਮੁੱਦਤ ਬਾਅਦ ਮਿਲੇ ਚਾਚਾ ਚਰਨਜੀਤ ਸਿੰਘ (ਪ੍ਰੋ.) ਵਰਗੇ। ਗ਼ਜ਼ਲ ਗਾਇਕ ਤੇ ਭਾ ਜੀ ਦੀਆਂ ਬਹੁਤੀਆਂ ਸੀ ਡੀਜ਼ ਦੇ ਸੰਗੀਤਕਾਰ ਗੁਰਦੀਪ ਸਿੰਘ ਸ਼ੇਰਗੜ੍ਹ (ਹੋਸ਼ਿਆਰਪੁਰ) ਵਰਗੇ ਸੁਰਾਂਗਲੇ ਸੱਜਣ। ਉੱਘੇ ਕਵੀ ਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਤੇ ਸੀ. ਟੀ. ਯੂਨੀਵਰਸਿਟੀ ਦੇ ਚਾਂਸਲਰ ਵੀਰ ਸ. ਚਰਨਜੀਤ ਸਿੰਘ ਚੰਨੀ ਦੇ ਸੁਆਗਤੀ ਸ਼ਬਦਾਂ ਨਾਲ ਸਮਾਗਮ ਦਾ ਆਰੰਭ ਹੋਇਆ।

**ਯੁਗ ਕਵੀ ਪ੍ਰੋ ਮੋਹਨ ਸਿੰਘ ਦੇ ਗੀਤ**

ਨੀ ਅੱਜ ਕੋਈ ਆਇਆ ਸਾਡੇ ਵੇਹੜੇ,
ਤੱਕਣ ਚੰਨ ਸੂਰਜ ਢੁਕ ਢੁਕ ਨੇੜੇ ।

ਲਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,
ਆਇਆ ਨੀ ਖ਼ੌਰੇ ਅੰਬਰ ਘੁਮ ਘੁਮ ਕਿਹੜੇ ।

ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ,
ਭਰੇ ਸੂ ਸਾਡੇ ਅੰਗ ਅੰਗ ਦੇ ਵਿਚ ਖੇੜੇ ।

ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ,
ਧੋਵੋ ਨੀ ਇਹਦੇ ਪੈਰ ਮਖਣ ਦੇ ਪੇੜੇ ।

ਰਖੋ ਨੀ ਇਹਨੂੰ ਚੁਕ ਚੁਕ ਚਸ਼ਮਾਂ ਉੱਤੇ,
ਕਰੋ ਨੀ ਇਹਨੂੰ ਘੁਟ ਘੁਟ ਜਿੰਦ ਦੇ ਨੇੜੇ ।

ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ,
ਡਕੋ ਨੀ ਕੋਈ ਰਾਤ ਦਿਵਸ ਦੇ ਗੇੜੇ ।

ਪੁਛੋ ਨਾ ਇਹ ਕੌਣ ਤੇ ਕਿਥੋਂ ਆਇਆ,
ਤਕੋ ਨੀ ਇਹਦਾ ਰੂਪ ਭੁਲਾ ਸਭ ਝੇੜੇ ।

ਨੀ ਅਜ ਕੋਈ ਆਇਆ ਸਾਡੇ ਵੇਹੜੇ,
ਤਕਣ ਚੰਨ ਸੂਰਜ ਢੁਕ ਢੁਕ ਨੇੜੇ ।
ਨਾਲ ਆਰੰਭ ਹੋਇਆ।
ਕਸਤੂਰੀ ਕਾਵਿ ਪੁਸਤਕ ਵਿੱਚੋਂ
ਅੰਮ੍ਰਿਤਾ ਪ੍ਰੀਤਮ ਦੀ ਕਵਿਤਾ
ਚੇਤਰ ਦਾ ਵਣਜਾਰਾ ਆਇਆ

ਬੁਚਕੀ ਮੋਢੇ ਚਾਈ ਵੇ
ਅਸਾਂ ਵਿਹਾਜੀ ਪਿਆਰ-ਕਥੂਰੀ
ਵੇਂਹਦੀ ਰਹੀ ਲੁਕਾਈ ਵੇ

ਸਾਡਾ ਵਣਜ ਮੁਬਾਰਕ ਸਾਨੂੰ
ਕੱਲ੍ਹ ਹੱਸਦੀ ਸੀ ਜਿਹੜੀ ਦੁਨੀਆਂ
ਉਹ ਦੁਨੀਆਂ ਅੱਜ ਸਾਡੇ ਕੋਲੋਂ
ਚੁਟਕੀ ਮੰਗਣ ਆਈ ਵੇ

ਬਿਰਹਾ ਦਾ ਇੱਕ ਖਰਲ ਬਲੌਰੀ
ਜਿੰਦੜੀ ਦਾ ਅਸਾਂ ਸੁਰਮਾ ਪੀਠਾ
ਰੋਜ਼ ਰਾਤ ਨੂੰ ਅੰਬਰ ਆ ਕੇ
ਮੰਗਦਾ ਇਕ ਸਲਾਈ ਵੇ

ਦੋ ਅੱਖੀਆਂ ਦੇ ਪਾਣੀ ਅੰਦਰ
ਕੱਲ੍ਹ ਅਸਾਂ ਸੁਪਨੇ ਘੋਲੇ
ਇਹ ਧਰਤੀ ਅੱਜ ਸਾਡੇ ਵੇਹੜੇ
ਚੁੰਨੀ ਰੰਗਣ ਆਈ ਵੇ

ਕੱਖ ਕਾਣ ਦੀ ਝੁੱਗੀ ਸਾਡੀ
ਜਿੰਦ ਦਾ ਮੂੜ੍ਹਾ ਕਿੱਥੇ ਡਾਹੀਏ
ਸਾਡੇ ਘਰ ਅੱਜ ਯਾਦ ਤੇਰੀ ਦੀ
ਚਿਣਗ ਪ੍ਰਾਹੁਣੀ ਆਈ ਵੇ



Sri Satguru Jagjit Singh Ji eLibrary NamdhariElibrary@gmail.com

ਸਾਡੀ ਅੱਗ ਮੁਬਾਰਕ ਸਾਨੂੰ
ਸੂਰਜ ਸਾਡੇ ਬੂਹੇ ਆਇਆ
ਉਸ ਨੇ ਅੱਜ ਇਕ ਕੋਲਾ ਮੰਗ ਕੇ
ਆਪਣੀ ਅੱਗ ਸੁਲਗਾਈ ਵੇ

ਨਾਲ ਮਾਹੌਲ ਪੁਰਸੋਜ਼ ਹੋਇਆ। ਮਗਰੋਂ ਭਾਈ ਵੀਰ ਸਿੰਘ ਦੀ ਰੁਬਾਈ

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਹ ਕਰ ਅਰਾਮ ਨਹੀਂ ਬਹਿੰਦੇ ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ
ਓਹ ਦਿਨੇ ਰਾਤ ਪਏ ਵਹਿੰਦੇ ।
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,-
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ ।

ਨੇ ਪ੍ਰੋਗ੍ਰਾਮ ਸਿਖ਼ਰ ਵੱਲ ਵਧਾਇਆ।

ਡਾ. ਸਰਬਜੀਤ ਸੰਧਾਵਾਲੀਆ ਦੀਆਂ ਦੋ ਗ਼ਜ਼ਲਾਂ ਤੇ ਬਲਵਿੰਦਰ ਬਾਲਮ ਦੀ ਇੱਕ ਗ਼ਜ਼ਲ ਸੁਣਾ ਕੇ ਡਾ. ਬਰਜਿੰਦਰ ਸਿੰਘ ਜੀ ਨੇ ਅੰਤ ਵਿੱਚ ਹਾਸ਼ਮ ਸ਼ਾਹ ਦੇ ਦੋਹੜਿਆਂ

ਮੂਰਖ ਲੋਕ ਸਦਾ ਸੁਖ ਸੌਂਦੇ
ਤੇ ਖੂਬ ਕਮਾਉਂਦੇ ਪੈਸਾ।
ਨਾ ਉਹ ਜ਼ਾਤ ਨਾ ਪਾਤ ਪਛਾਨਣ
ਤੇ ਪ੍ਰੇਮ ਨਾ ਜਾਨਣ ਕੈਸਾ

ਨਾਲ ਸਮਾਗਮ ਦੀ ਸਮਾਪਤੀ ਕੀਤੀ।

ਡਾ ਜਗਤਾਰ ਦੀ ਗ਼ਜ਼ਲ ਸੁਣਦਿਆਂ ਇੰਜ ਲੱਗਾ ਜਿਵੇਂ ਸਾਹਾਂ 'ਚ ਗੁਲਕੰਦ ਘੁਲਦੀ ਹੋਵੇ।

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ 'ਤੇ, ਤੇ ਵਕਤ ਦੇ ਪਰਾਂ 'ਤੇ,
ਉਂਗਲਾਂ ਡੁਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ।

ਹਰ ਕਾਲ ਕੋਠੜੀ ਵਿੱਚ ਤੇਰਾ ਹੈ ਜ਼ਿਕਰ ਏਦਾਂ,
ਗਾਰਾਂ 'ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ।

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉੱਡਦੈ, ਚਿਹਰੇ ਦਾ ਰੰਗ ਤੇਰਾ।

ਮੇਰੇ ਵੀ ਪੈਰ ਚੁੰਮ ਕੇ, ਇੱਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

ਸਮਾਗਮ ਵਿੱਚ ਦੇਸ਼ ਦੀਆਂ ਸਿਰਕੱਢ ਹਸਤੀਆਂ ਵਿੱਚੋਂ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਤੇ ਮੈਂਬਰ ਰਾਜ ਸਭਾ ਸ ਤਰਲੋਚਨ ਸਿੰਘ, ਸਾਬਕਾ ਗਵਰਨਰ ਪੁਡੀਚੇਰੀ ਡਾ ਇਕਬਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ ਜਸਪਾਲ ਸਿੰਘ ਸੰਧੂ, ਸਾਬਕਾ ਵਾਈਸ ਚਾਂਸਲਰ ਡਾ. ਸ. ਪ .ਸਿੰਘ ਤੇ ਡਾ. ਜਸਪਾਲ ਸਿੰਘ, ਡਿਪਟੀ ਕਮਿਸ਼ਨਰ ਜਲੰਧਰ ਸ਼੍ਰੀ ਘਣਸ਼ਿਆਮ ਥੋਰੀ, ਰੋਪੜ ਰੇਂਜ ਦੇ ਡੀ. ਆਈ. ਜੀ. ਸ. ਗੁਰਪ੍ਰੀਤ ਸਿੰਘ ਭੁੱਲਰ, ਤਰਨਜੀਤ ਸਿੰਘ ਕਿੰਨੜਾ ਮੁੱਖ ਸੰਪਾਦਕ ਸੰਗੀਤ ਦਰਪਣ ਫਗਵਾੜਾ, ਗੁਰਮੀਤ ਪਲਾਹੀ, ਨਿਰਮਲ ਸਿੰਘ ਧਾਲੀਵਾਲ ਮੁੱਲਾਂਪੁਰ, ਅੰਮ੍ਰਿਤਪਾਲ ਸਿੰਘ



ਕੈਲੇ ਡੇਹਲੋਂ, ਸੁਖਵਿੰਦਰ ਸਿੰਘ ਫੁੱਲ ਸੰਗਰੂਰ, ਸੁਰਿੰਦਰਪਾਲ ਸਿੰਘ ਮੋਗਾ, ਸਾਬਕਾ ਕੇਂਦਰੀ ਮੰਤਰੀ ਸ ਬਲਵੰਤ ਸਿੰਘ ਰਾਮੂਵਾਲੀਆ ਸਾਬਕਾ ਕੇਂਦਰੀ ਮੰਤਰੀ, ਡਾ. ਦਲਜੀਤ ਸਿੰਘ ਚੀਮਾ ਸਾਬਕਾ ਸਿੱਖਿਆ ਮੰਤਰੀ ਪੰਜਾਬ, ਤੇਜਿੰਦਰ ਸਿੰਘ ਬਿੱਟੂ ਸਕੱਤਰ ਆਲ ਇੰਡੀਆ ਕਾਂਗਰਸ ਕਮੇਟੀ, ਸ. ਰਾਣਾ ਗੁਰਮੀਤ ਸਿੰਘ ਸੋਢੀ ਸਾਬਕਾ ਖੇਡ ਮੰਤਰੀ ਪੰਜਾਬ, ਸ. ਪ੍ਰੇਮ ਸਿੰਘ ਐਡਵੋਕੇਟ ਚੇਅਰਮੈਨ ਡਾ. ਸਾਧੂ ਸਿੰਘ ਹਮਦਰਦ ਯਾਦਗਾਰੀ ਟਰੱਸਟ, ਹਰਦੀਪ ਸਿੰਘ ਸਿਆਲ, ਸ. ਸੁਰਿੰਦਰਪਾਲ ਸਿੰਘ ਗਵਾਲੀਅਰ, ਲੋਕ ਮੰਚ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਸੁੰਨੜ ਅਮਰੀਕਾ, ਬਿਕਰਮਜੀਤ ਸਿੰਘ ਬਿੱਕੀ, ਡਾ. ਸਰਬਜੀਤ ਕੌਰ ਸੰਧਾਵਾਲੀਆ, ਸਤਨਾਮ ਸਿੰਘ ਮਾਨਕ, ਤਿੰਨ ਡੀ. ਸੀ. ਪੀ. ਜਲੰਧਰ ਜਸਕਰਨਜੀਤ ਸਿੰਘ ਤੇਜਾ, ਸ. ਜਗਮੋਹਨ ਸਿੰਘ ਤੇ ਸ. ਹਰਪਾਲ ਸਿੰਘ ਰੰਧਾਵਾ, ਪੁਰਦਮਨ ਸਿੰਘ ਜੌਲੀ, ਡਾ ਜਗਜੀਤ ਕੌਰ, ਸਰਦਾਰਨੀ ਸਰਬਜੀਤ ਕੌਰ ਸੁਪਤਨੀ ਡਾ. ਬਰਜਿੰਦਰ ਸਿੰਘ ਹਮਦਰਦ, ਗੁਰਜੋਤ ਕੌਰ ਸੀਨੀਅਰ ਐਗਜ਼ੀਕਿਊਟਿਵ ਅਜੀਤ, ਭਾ ਜੀ ਬਰਜਿੰਦਰ ਸਿੰਘ ਦੀ ਮੁੰਬਈ ਤੋਂ ਆਈ ਬੇਟੀ ਰੂਹੀ, ਲਵਲੀ ਯੂਨੀਵਰਸਿਟੀ ਤੋਂ ਰਮੇਸ਼ ਮਿੱਤਲ, ਸੋਨਾਲੀਕਾ ਟਰੈਕਟਰਜ਼ ਤੋਂ ਅੰਮ੍ਰਿਤ ਲਾਲ ਮਿੱਤਲ, ਜਲੰਧਰ ਸਮੇਤ ਕਈ ਹਵੇਲੀਆਂ ਵਾਲੇ ਵੀਰ ਸਤੀਸ਼ ਜੈਨ, ਦੋਆਬਾ ਵਿਦਿਅਕ ਸੰਸਥਾਵਾਂ ਦੇ ਮਾਲਕ ਸ. ਮਨਜੀਤ ਸਿੰਘ , ਡਾ. ਸੁਖਨੈਨ, ਯਾਕੂਬ, ਹਰਿੰਦਰ ਸੋਹਲ, ਸਮਾਜ ਸੇਵਿਕਾ ਸ਼੍ਰੀਮਤੀ ਪਰਮਿੰਦਰ ਬੇਰੀ, ਪੂਰਨਿਮਾ ਬੇਰੀ, ਦੀਪਕ ਬਾਲੀ, ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕ, ਆਤਮ ਪ੍ਰਕਾਸ਼ ਸਿੰਘ ਬਬਲੂ ਤੇ ਅਨੇਕਾਂ ਹੋਰ ਸਿਰਕੱਢ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਡਾ. ਸਰਬਜੀਤ ਕੌਰ ਸੰਧਾਵਾਲੀਆ ਤੇ ਸੰਗੀਤਕਾਰ ਗੁਰਦੀਪ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਸੀ. ਟੀ. ਯੂਨੀਵਰਸਿਟੀ ਤੇ ਵਿਦਿਅਕ ਸੰਸਥਾਵਾਂ ਸਮੂਹ ਵੱਲੋਂ ਸ. ਬਰਜਿੰਦਰ ਸਿੰਘ ਹਮਦਰਦ ਨੂੰ ਪੰਜਾਬ ਰਤਨ ਤੇ ਸਰਦਾਰਨੀ ਸਰਬਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਮੈਨੂੰ ਮਾਣ ਹੈ ਕਿ ਮੈਂ ਇਸ ਸਮਾਗਮ ਨੂੰ ਅੱਖੀਂ ਵੇਖ ਸਕਿਆ। ਇੰਜ ਲੱਗਿਆ ਜਿਵੇਂ ਅਰਥਵਾਨ ਜਸ਼ਨ ਨੂੰ ਮਾਣ ਕੇ ਪਰਤਿਆ ਹੋਵਾਂ।





Sri Satguru Jagjit Singh Ji eLibrary NamdhariElibrary@gmail.com

## ਚੇਤਰ ਦਾ ਵਣਜਾਰਾ ਸੰਗੀਤ ਐਲਬਮ:

# ਬੁਚਕੀ ਮੋਢੇ ਚੁੱਕ ਕੇ ਡਾ: ਬਰਜਿੰਦਰ ਸਿੰਘ ਹਮਦਰਦ ਤੁਰਿਆ ਪ੍ਰਪੱਕ ਸੰਗੀਤ ਸੁਰਾਂ ਦੇ ਰਾਹ




**ਕੈਸੇਟ ਰਿਵੀਊ**

**ਗੁਰਮੀਤ ਸਿੰਘ ਪਲਾਹੀ**

**ਮੋਬਾਈਲ** : 98158-02070





ਸੁਰਾਂ ਦਾ ਬਾਦਸ਼ਾਹ ਹੈ ਗਾਇਕ ਡਾ: ਬਰਜਿੰਦਰ ਸਿੰਘ ਹਮਦਰਦ। ਉਹ ਜਿਸ ਕਵੀ/ ਗੀਤਕਾਰ ਨੂੰ ਗਾਉਂਦਾ ਹੈ, ਉਹਦੀ ਰਚਨਾ ਦੇ ਧੁਰ ਅੰਦਰ ਜਾ ਕੇ, ਉਹਦੀ ਰੂਹ ਨੂੰ ਪਛਾਣ ਕੇ ਆਪਣੀ ਰੂਹ 'ਚ ਵਸਾ ਲੈਂਦਾ ਹੈ। ਕਈ ਆਂਹਦੇ ਆ ਐਡੀ ਉਮਰੇ ਡਾ: ਹਮਦਰਦ ਨੂੰ ਇਹ ਕੀ ਭਲਾ ਸ਼ੌਕ ਚੜ੍ਹਿਆ ਗਾਉਣ ਦਾ? ਉਹ ਉੱਚੇ ਪਾਏ ਦਾ ਪੱਤਰਕਾਰ ਹੈ, ਪੰਜਾਬੀ ਸਾਹਿਤ ਜਗਤ ਵਿੱਚ ਜਾਣਿਆ ਜਾਂਦਾ ਵੱਡਾ ਲੇਖਕ ਹੈ। ਡਾ: ਹਮਦਰਦ, ਭਾਈ ਵੀਰ ਸਿੰਘ ਦੀਆਂ ਸਤਰਾਂ "ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਹੀਂ ਬਹਿੰਦੇ, ਨਿਹੁੰ ਵਾਲੇ ਨੈਣਾਂ ਕੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ" ਦੇ ਅਰਥ ਸਮਝ ਕੇ ਸੀਨੇ ਲਗਾ ਕੇ, ਉਸ ਸਮੇਂ ਦੇ ਹਾਣ ਦਾ ਬਣ ਕੇ, ਇਨ੍ਹਾਂ ਸੱਤਰਾਂ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਬਣਾ ਚੁੱਕੇ ਹਨ।

ਡਾ: ਹਮਦਰਦ ਆਪਣੇ ਬਚਪਨ ਦਾ ਸ਼ੌਕ, ਜਵਾਨੀ 'ਚ ਪੂਰਾ ਨਹੀਂ ਕਰ ਸਕੇ ਰੁਝੇਵਿਆਂ ਕਾਰਨ ਤੇ ਹੁਣ ਉਮਰ ਦੇ 80ਵਿਆਂ 'ਚ ਗਾਇਕ ਡਾ: ਹਮਦਰਦ ਝੰਡਾ ਬੁਲੰਦ ਕਰੀ ਤੁਰੇ ਜਾਂਦੇ ਆ, ਇੱਕ ਤੋਂ ਬਾਅਦ ਇੱਕ ਸੰਗੀਤ ਐਲਬਮ ਦੇ ਕੇ ਸੰਗੀਤ ਜਗਤ ਨੂੰ ਉਹ ਵੀ ਪੰਜਾਬੀ ਦੇ ਧੁਰੰਤਰ ਲੇਖਕਾਂ ਦੀਆਂ ਗ਼ਜ਼ਲਾਂ, ਗੀਤਾਂ, ਕਵਿਤਾਵਾਂ ਦੀ ਚੋਣ ਕਰਕੇ। ਮੌਜੂਦਾ ਕੈਸਟ 'ਚੇਤਰ ਦਾ ਵਣਜਾਰਾ' ਸੁਨਣ ਵਾਲਿਆਂ ਦੇ ਰੂ-ਬਰੂ ਹੈ।

ਸੰਗੀਤ ਐਲਬਮ 'ਚੇਤਰ ਦਾ ਵਣਜਾਰਾ' ਲਈ ਰਚਨਾਵਾਂ ਦੀ ਚੋਣ ਬਹੁਤ ਹੀ ਨਿਰਾਲੀ ਹੈ। ਇਸ 'ਚ ਹਾਸ਼ਮ ਸ਼ਾਹ ਹੈ, ਭਾਈ ਵੀਰ ਸਿੰਘ ਹੈ, ਪ੍ਰੋ: ਮੋਹਨ ਸਿੰਘ ਗੂੰਜਦਾ ਹੈ, ਅੰਮ੍ਰਿਤਾ ਪ੍ਰੀਤਮ ਸੁਣਾਈ ਦਿੰਦੀ ਹੈ, ਡਾ: ਜਗਤਾਰ ਦੀ ਆਭਾ ਦੇ ਦਰਸ਼ਨ ਹੁੰਦੇ ਹਨ, ਡਾ: ਸਰਬਜੀਤ ਕੌਰ ਸੰਧਾਵਾਲੀਆ ਅਤੇ ਬਲਵਿੰਦਰ ਬਾਲਮ ਵੀ ਹਾਜ਼ਰ ਹਨ।

ਕਈ ਵੇਰ ਮਨ 'ਚ ਆਉਂਦਾ ਹੈ ਕਿ ਪੱਤਰਕਾਰੀ ਦੇ ਭਾਰੀ ਭਰਕਮ ਕੰਮਾਂ ਵਿੱਚ, ਇਹ ਸੂਖਮ ਸੁਰਾਂ ਵਾਲਾ ਗਾਇਕ ਕਿਵੇਂ ਆਪਣੇ ਮਨ ਨੂੰ ਥਾਂ ਸਿਰ ਰੱਖ ਕੇ ਉਨ੍ਹਾਂ ਕਵੀਆਂ ਨਾਲ ਸਾਂਝ ਪਾਉਂਦਾ ਹੈ, ਜਿਹੜੇ ਆਪਣੇ ਸਮੇਂ 'ਚ ਵੱਡੀ ਸਾਹਿਤ ਰਚਨਾ ਕਰ ਗਏ। 'ਐਸੇ ਯਾਰ ਮਿਲਣ ਸਬੱਬੀ, ਜਿਹੜੇ ਕਦੀ ਨਾ ਮੋੜਨ ਅੱਖੀਂ' ਜਿਹੇ ਬੋਲ ਬੋਲਣ ਵਾਲੇ ਹਾਸ਼ਮ ਸ਼ਾਹ ਨਾਲ ਡਾ: ਹਮਦਰਦ ਦੀ ਆੜੀ ਕਿਵੇਂ ਪੱਕੀ ਹੈ? ਇਸ ਕਰਕੇ ਕਿ ਉਹ ਆਪ ਯਾਰਾਂ ਦਾ ਯਾਰ ਹੈ। ਭਾਈ ਵੀਰ ਸਿੰਘ ਨਾਲ ਡਾ: ਹਮਦਰਦ ਦੀ ਸਾਂਝ 'ਇੱਕੋ ਲਗਨ ਲੱਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ' ਇਹੀ ਕਾਰਨ ਹੈ ਕਿ ਉਹ ਨਿਰੰਤਰ ਤੁਰ ਰਿਹਾ ਹੈ। ਬਚਪਨ ਤੋਂ ਹੁਣ ਤੱਕ ਉਹਦੀ ਤੋਰ ਤਿੱਖੀ ਰਵਾਨੀ ਵਾਲੀ ਹੈ, ਠੁੱਕ ਤੇ ਮਟਕ ਵਾਲੀ ਹੈ। ਇਸੇ ਮਟਕ ਕਰਕੇ ਹੀ ਉਹਦੇ ਮਨ 'ਚ ਲਗਨ ਹੈ, ਉਨ੍ਹਾਂ ਲੋਕਾਂ ਨਾਲ ਸਾਂਝ ਪਾਉਣ ਦੀ, ਜੋ ਸਾਰੀ ਉਮਰ ਮਟਕ ਨਾਲ ਜੀਊ ਗਏ ਭਾਈ ਵੀਰ ਸਿੰਘ ਵਰਗੇ।

ਪ੍ਰੋ: ਮੋਹਨ ਸਿੰਘ ਦੇ ਬੋਲ 'ਪੁੱਛੋ ਨਾ ਇਹ ਕੌਣ ਤੇ ਕਿਥੋਂ ਆਇਆ, ਤੱਕੋ ਨੀ ਇਹਦਾ ਰੂਪ ਭੁਲਾ ਸਭ ਝੇੜੇ' ਵਰਗੀਆਂ ਸਤਰਾਂ ਜੀਵਨ 'ਚ ਅਪਨਾ ਕੇ ਉਹ ਸਭ ਨੂੰ ਗਲੇ ਲਗਾਉਂਦਾ ਹੈ ਤੇ ਗਾਉਂਦਾ, ਗੁਣਗੁਣਾਉਂਦਾ ਹੈ ਪ੍ਰੋ: ਮੋਹਨ ਸਿੰਘ ਦੀ ਤਰ੍ਹਾਂ, 'ਨੀ ਅੱਜ ਕੋਈ ਆਇਆ ਅਸਾਡੇ ਵਿਹੜੇ' ਤੇ ਹਰ ਮਿਲਣ ਆਏ ਦਾ ਉਹ ਧੁਰ ਅੰਦਰੋਂ ਸਵਾਗਤ ਕਰਦਾ ਹੈ, ਉਵੇਂ ਹੀ ਜਿਵੇਂ ਕਵੀਆਂ ਦੀਆਂ ਰਚਨਾਵਾਂ ਨੂੰ ਉਹ ਸੀਨੇ ਲਾਉਂਦਾ ਹੈ, ਘੁੱਟਦਾ ਹੈ, ਪਿਆਰ ਕਰਦਾ ਤੇ ਉਸੇ ਨੂੰ ਪਿਆਰੇ ਅੰਦਾਜ਼ 'ਚ ਆਪਣੀ ਗਾਇਕੀ ਰਾਹੀਂ ਪੇਸ਼ ਕਰਦਾ ਹੈ।

ਅੰਮ੍ਰਿਤਾ ਦੀ ਰਚਨਾ, ਜਿਵੇਂ ਗਾਇਕ ਹਮਦਰਦ ਦੀ ਰੂਹ 'ਚ ਸਮਾਈ ਹੋਈ ਹੈ। ਜਿਵੇਂ ਕਵਿਤਾ ਦੀ ਮੋਢੇ ਬੁਚਕੀ ਚੁੱਕਕੇ ਅੰਮ੍ਰਿਤਾ ਅਲਖ ਜਗਾਉਂਦੀ ਰਹੀ ਹੈ, ਉਵੇਂ ਗਾਇਕ ਹਮਦਰਦ ਬੁਚਕੀ ਚੁੱਕਕੇ ਸੰਗੀਤਕ ਸੁਰਾਂ ਦੇ ਅੰਗ-ਸੰਗ ਪਿਆਰ ਕਥੂਰੀ ਵੰਡਦਾ ਦਿਸਦਾ ਹੈ 'ਚੇਤਰ ਦਾ ਵਣਜਾਰਾ ਆਇਆ ਬੁਚਕੀ ਮੋਢੇ ਚਾਈ ਵੇ, ਅਸਾਂ ਵਿਹਾਜੀ ਪਿਆਰ ਕਥੂਰੀ ਵੇਂਹਦੀ ਰਹੀ ਲੁਕਾਈ ਵੇ'।

ਕਿਵੇਂ ਭੁੱਲ ਸਕਦਾ ਸੀ ਗਾਇਕ ਡਾ: ਬਰਜਿੰਦਰ ਸਿੰਘ, ਕਵੀ ਜਗਤਾਰ ਨੂੰ ਜਿਹੜਾ ਲੋਕਾਂ ਦੇ ਅੰਗ-ਸੰਗ ਵਿਚਰਿਆ, ਉਨ੍ਹਾਂ ਦੇ ਦੁੱਖਾਂ, ਤਕਲੀਫਾਂ ਦੇ ਆਪਣੀ ਕਵਿਤਾ 'ਚ ਛੋਪੇ ਪਾਉਂਦਾ ਰਿਹਾ, ਆਪ ਲੋਕਾਂ ਲਈ ਲੜਦਾ-ਭਿੜਦਾ ਰਿਹਾ ਉਨ੍ਹਾਂ ਨੂੰ ਚੇਤਨ ਕਰਨ ਲਈ, 'ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ'। ਇਸੇ ਸੋਚ ਨੂੰ ਸੱਚ ਕਰਦਿਆਂ ਡਾ: ਹਮਦਰਦ ਨੇ ਰਾਹ ਫੜਿਆ ਹੈ, ਡਾ: ਜਗਤਾਰ ਦੀ ਗ਼ਜ਼ਲ ਦੀਆਂ ਇਹਨਾ ਸਤਰਾਂ ਦਾ 'ਜੁਗਨੂੰ ਹੈ ਚੀਰ ਜਾਂਦਾ ਜਿਉਂ ਰਾਤ ਦਾ ਹਨੇਰਾ'। ਅੱਜ ਜਦੋਂ ਪੰਜਾਬੀ ਗਾਇਕੀ ਕਈ ਹਾਲਤਾਂ 'ਚ ਨਿਘਾਰ 'ਤੇ ਹੈ। ਪੰਜਾਬੀ ਸਾਹਿਤ ਜਗਤ ਦੇ ਧਰੰਤਰ ਰਚਨਾਕਾਰਾਂ ਨੂੰ ਭੁਲਾਕੇ ਹਲਕੀ-ਫੁਲਕੀ ਗੀਤਕਾਰੀ ਨੂੰ ਗਾਇਕ ਤਰਜੀਹ ਦਿੰਦੇ ਹਨ, ਉਸ ਹਾਲਤ ਵਿੱਚ ਡਾ: ਬਰਜਿੰਦਰ ਸਿੰਘ ਦੀ ਗਾਇਕੀ 'ਜੁਗਨੂੰ ਦੀ ਲੋਅ' ਵਰਗੀ ਹੈ ਜੋ ਹਨੇਰੇ 'ਚ ਫਸੇ ਲੋਕਾਂ ਦੇ ਹਨੇਰੇ ਨੂੰ ਦੂਰ ਕਰਨ ਵਾਲੀ ਹੈ।

'ਅੱਥਰੂ ਤਾਂ ਬੋਲਣ ਨਹੀਂ ਜਾਣਦੇ ਦਰਦ ਦੇ ਕਿੱਸੇ ਸੁਣਾਈਏ ਕਿਸ ਤਰ੍ਹਾਂ' ਅਤੇ ਬਲਵਿੰਦਰ ਬਾਲਮ ਦੀਆਂ ਸਤਰਾਂ 'ਛੋਟੀ ਉਮਰੇ ਮੁੰਦਰਾਂ ਪਾਈਆਂ, ਖੈਰ ਲਵੇ ਸ਼ਰਮਾਏ ਜੋਗੀ' ਡਾ: ਬਰਜਿੰਦਰ ਸਿੰਘ ਦੀ ਰੂਹ ਦੇ ਐਨਾ ਨਜ਼ਦੀਕ ਹਨ ਕਿ ਉਸ ਨੇ ਇਨ੍ਹਾਂ ਰਚਨਾਵਾਂ ਨੂੰ 'ਚੇਤਰ ਦਾ ਵਣਜਾਰਾ' ਸੰਗੀਤ ਐਲਬਮ ਵਿੱਚ ਥਾਂ ਦੇ ਕੇ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਜਿਵੇਂ ਵਿਅਕਤ ਕੀਤਾ ਹੈ।

ਡਾ: ਹਮਦਰਦ ਇਸ ਸਮੇਂ ਦਾ ਵੱਡਾ ਅਤੇ ਪ੍ਰੋੜ ਗਾਇਕ ਹੈ। ਪੰਜਾਬੀ ਗਾਇਕੀ 'ਚ ਉਸ ਦਾ ਇਸ ਸਮੇਂ ਕੋਈ ਸਾਨੀ ਨਹੀਂ। 'ਚੇਤਰ ਦਾ ਵਣਜਾਰਾ' ਸੰਗੀਤ ਐਲਬਮ 'ਚ ਉਸ ਵਲੋਂ ਸ਼ਾਮਲ ਕੀਤੀਆਂ ਰਚਨਾਵਾਂ ਦੀ ਚੋਣ ਅਤੇ ਉਨ੍ਹਾਂ ਨੂੰ ਸੁਰਾਂ 'ਚ ਢਾਲ ਕੇ ਰਵਾਨਗੀ ਨਾਲ ਗਾਉਣਾ ਉਸਦਾ ਵੱਡਾ ਹਾਸਲ ਹੈ। ਇਸ 'ਚ ਦੋ ਰਾਵਾਂ ਨਹੀਂ ਕਿ ਸੰਜੀਦਾ ਪੰਜਾਬੀ ਗਾਇਕੀ ਦੇ ਪ੍ਰੇਮੀ ਉਨ੍ਹਾਂ ਦੀ ਇਸ ਸੰਗੀਤ ਐਲਬਮ ਨੂੰ ਪਸੰਦ ਕਰਨਗੇ। ਇਸ ਸੰਗੀਤ ਐਲਬਮ 'ਚ ਉਸ ਦੇ ਬੋਲਾਂ ਨੂੰ ਸੰਗੀਤ-ਬੱਧ ਕਰਨ ਵਾਲਾ ਗੁਰਦੀਪ ਸਿੰਘ ਹੈ। ਇਹ ਸੰਗੀਤ ਐਲਬਮ ਹਮਦਰਦ ਪ੍ਰੋਡਕਸ਼ਨ ਸਬ ਮਲਟੀਪਲੈਕਸ, ਜੀ ਟੀ ਰੋਡ ਸਾਹਮਣੇ ਟ੍ਰਾਂਸਪੋਰਟ ਨਗਰ ਜਲੰਧਰ ਦੀ ਪ੍ਰੋਡਕਸ਼ਨ ਹੈ।




. Sri Satguru Jagjit Singh Ji eLibrary NamdhariElibrary@gmail.com .

# ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਸਨਅਤ 'ਤੇ ਵਧ ਰਿਹਾ ਗੈਂਗਸਟਰਵਾਦ ਪ੍ਰਭਾਵ

**-ਸਿੱਧੂ ਮੂਸੇਵਾਲਾ ਦੀ ਮੌਤ ਉਪਰੰਤ ਖ਼ੌਫ਼ਜ਼ਦਾ ਹੋਏ ਕਲਾ ਅਤੇ ਸੰਗੀਤ ਗਲਿਆਰੇ**


**ਪਰਮਜੀਤ,**
**ਫ਼ਰੀਦਕੋਟ**
ਮੋ: 88377-85464







ਬਾਲੀਵੁੱਡ 'ਚ ਕਈ ਦਹਾਕਿਆਂ ਤੱਕ ਛਾਏ ਰਹੇ ਅੰਡਰਵਰਲਡ ਸਾਏ ਦਾ ਅਸਰ ਮੁੰਬਈਆ ਨਗਰੀ ਵਿਚ ਅੱਜਕਲ੍ਹ ਚਾਹੇ ਕਾਫ਼ੀ ਘੱਟ ਵੇਖਣ ਨੂੰ ਮਿਲ ਰਿਹਾ ਹੈ, ਪਰ ਹੁਣ ਅਜਿਹਾ ਹੀ ਗੈਂਗਸਟਰਵਾਦ ਪ੍ਰਭਾਵ ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀ 'ਤੇ ਹੋਰ ਹਾਵੀ ਹੁੰਦਾ ਜਾ ਰਿਹਾ ਹੈ, ਜਿਸ ਦੇ ਤਾਜ਼ਾ ਘਟਨਾਕ੍ਰਮ ਵਜੋਂ ਸਾਹਮਣੇ ਆਈ ਹੈ, ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹਾਲੀਆ ਦਿਨੀਂ ਹੋਈ ਦਰਦਨਾਕ ਮੌਤ, ਜਿਸ ਨੇ ਕਲਾ ਅਤੇ ਗਲੈਮਰ ਖਿੱਤੇ ਅੰਦਰ ਵਜੂਦ ਅਤੇ ਦਾਇਰਾ ਵਧਾਉਣ ਲੱਗ ਪਏ ਗੈਂਗਸਟਰਵਾਦ ਅਤੇ ਖੌਫ਼ਜਦਾ ਹੋਈ ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਸਨਅਤ ਦੇ ਗੰਭੀਰ ਹੋ ਚੁੱਕੇ ਹਾਲਾਤ ਨੂੰ ਭਲੀਭਾਂਤ ਉਜ਼ਾਗਰ ਕਰ ਦਿੱਤਾ ਹੈ।

### ਬੱਬੂ ਮਾਨ, ਗਿੱਪੀ ਗਰੇਵਾਲ ਨੂੰ ਧਮਕੀ, ਪਰਮੀਸ਼ ਵਰਮਾ 'ਤੇ ਗੋਲੀਬਾਰੀ ਨਾਲ ਚਿੰਤਾਜਨਕ ਹੋਏ ਸਨ ਹਾਲਾਤ -

ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਸਨਅਤ ਵਿਚ ਗੈਂਗਸਟਰਜ਼ ਦਾ ਹੱਦੋਂ ਵਧ ਚੁੱਕਾ ਇਹ ਪ੍ਰਭਾਵ ਸ਼ੁਰੂਆਤੀ ਸਮੇਂ ਉਸ ਸਮੇਂ ਉਜਾਗਰ ਹੋਇਆ, ਜਦੋਂ ਕੁਝ ਸਮਾਂ ਪਹਿਲਾਂ ਮਸ਼ਹੂਰ ਗਾਇਕ ਬੱਬੂ ਮਾਨ ਨੂੰ ਇਕ ਗੈਂਗਸਟਰ ਗਰੁੱਪ ਵੱਲੋਂ ਕਥਿਤ ਧਮਕਾਉਣ ਦੀ ਘਟਨਾ ਸਾਹਮਣੇ ਆਈ, ਜਿਸ ਉਪਰੰਤ ਅਜਿਹੇ ਹੀ ਸਿਲਸਿਲੇ ਦਾ ਸਾਹਮਣਾ ਕ੍ਰਮਵਾਰ ਗਾਇਕ-ਅਦਾਕਾਰ ਗਿੱਪੀ ਗਰੇਵਾਲ ਨੂੰ ਧਮਕੀ, ਕਰਣ ਔਜਲਾ ਨੂੰ ਕੈਨੇਡਾ ਅਤੇ ਪਰਮੀਸ਼ ਵਰਮਾ ਨੂੰ ਮੋਹਾਲੀ ਵਿਖੇ ਹੋਏ ਜਾਨਲੇਵਾ ਹਮਲਿਆਂ ਦੇ ਰੂਪ 'ਚ ਕਰਨਾ ਪਿਆ, ਇਸ ਖਿੱਤੇ ਵਿਚ ਸਾਹਮਣੇ ਆਏ ਇਨ੍ਹਾਂ ਸਨਸਨੀਖੇਜ਼ ਅਤੇ ਦੁਖਦ ਹਾਲਾਤਾਂ ਨੇ ਕਲਾ, ਸੰਗੀਤ ਖੇਤਰ ਵਿਚ ਡਰ ਅਤੇ ਭੈਅ ਦਾ ਅਜਿਹਾ ਮਾਹੌਲ ਪੈਦਾ ਕਰ ਦਿੱਤਾ ਹੈ , ਜੋ ਦਿਨ-ਬ-ਦਿਨ ਘੱਟ ਹੋਣ ਦੀ ਬਜਾਏ ਦਿਨ-ਬ-ਦਿਨ ਹੁਣ ਹੋਰ ਗੰਭੀਰ ਰੁੱਖ ਅਖ਼ਤਿਆਰ ਕਰਦਾ ਜਾ ਰਿਹਾ ਹੈ ।

### ਬਹੁ ਕਰੋੜੀ ਹੋ ਚੁੱਕੇ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀ ਕਾਰੋਬਾਰ ਨੂੰ ਹੀ ਮੰਨਿਆ ਜਾ ਸਕਦਾ ਹੈ ਮੁੱਖ ਕਾਰਨ -

ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀ ਵਿਚ ਵਧ ਰਹੇ ਗੈਂਗਸਟਰਵਾਦ ਦਾ ਮੁੱਖ ਕਾਰਨ ਬਹੁ-ਕਰੋੜੀ ਹੋ ਚੁੱਕੇ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀ ਕਾਰੋਬਾਰ ਨੂੰ ਹੀ ਮੁੱਖ ਮੰਨਿਆ ਜਾ ਸਕਦਾ ਹੈ, ਜਿਸ ਦੇ ਚਲਦਿਆਂ ਹੀ ਇੱਥੋਂ ਅੰਦਰਖ਼ਾਤੇ ਕਥਿਤ ਰੰਗਦਾਰੀਆਂ ਲੈਣ ਦਾ ਜੋ ਕ੍ਰਮ ਸ਼ੁਰੂ ਹੋਇਆ, ਜੋ ਅਜੇ ਵੀ ਬੇਖੌਫ਼ ਅਤੇ ਲੁਕਵੇ ਛਿਪਵੇਂ ਢੰਗੀ ਲਗਾਤਾਰ ਜਾਰੀ ਹੈ। ਹੈਰਾਨੀਜਨਕ ਇਹ ਵੀ ਹੈ ਕਿ ਇਸ ਗੰਭੀਰ ਹੁੰਦੇ ਜਾ ਰਹੇ ਰੁਝਾਨ ਖ਼ਿਲਾਫ਼ ਬੋਲਣ ਅਤੇ ਇਕਜੁਟ ਹੋਣ ਦੀ ਜ਼ਰਾ ਵੀ ਕੋਸ਼ਿਸ਼ ਇਨ੍ਹਾਂ ਦੋਹਾਂ ਖਿੱਤਿਆਂ ਨਾਲ ਜੁੜੀਆਂ ਉੱਚਕੋਟੀ ਹਸਤੀਆਂ




Sri Satguru Jagjit Singh Ji eLibrary NamdhariElibrary@gmail.com

ਚਾਹੇ ਉਹ ਅਦਾਕਾਰ ਹੋਣ ਜਾਂ ਫ਼ਿਰ ਗਾਇਕ ਵੱਲੋਂ ਨਹੀਂ ਕੀਤੀ ਜਾ ਰਹੀ, ਜਿਸ ਦੇ ਮੱਦੇਨਜ਼ਰ ਹੀ ਉਨ੍ਹਾਂ ਤੋਂ ਕਥਿਤ ਰੰਗਦਾਰੀਆਂ ਵਸੂਲਣ ਦਾ ਇਹ ਰੁਝਾਨ ਥੰਮ੍ਹ ਜਾਣ ਦੀ ਬਜਾਏ ਹਾਲੀਆ ਦਿਨਾਂ ਤੱਕ ਹੋਰ ਗੰਭੀਰਤਾਂ ਭਰਿਆ ਰੁਖ ਅਖ਼ਤਿਆਰ ਕਰ ਗਿਆ ਹੈ।

## ਗੈਂਗਸਟਰਜ਼ ਸਿਸਟਮ ਖ਼ਿਲਾਫ਼ ਖੁੱਲ੍ਹੇਆਮ ਵਿਰੋਧ ਪ੍ਰਗਟਾਵਾ ਕਰਨਾ ਵੀ ਬਣਿਆ ਸਿੱਧੂ ਦੀ ਮੌਤ ਦੀ ਇਕ ਅਹਿਮ ਵਜ੍ਹਾ -

ਪੰਜਾਬੀ ਮਿਊਜ਼ਿਕ ਖੇਤਰ 'ਚ ਸਫ਼ਲਤਾ ਦਾ ਉੱਚ ਸਿਖ਼ਰ ਹੰਢਾ ਰਹੇ ਮਰਹੂਮ ਗਾਇਕ ਸਿੱਧੂ ਮੂਸੇਵਾਲ ਨਾਲ ਜੁੜੇ ਕੁਝ ਕਰੀਬੀ ਲੋਕ ਅਤੇ ਇਸੇ ਇੰਡਸਟਰੀ ਨਾਲ ਸੰਬੰਧ ਰੱਖਦੇ ਕੁਝ ਲੋਕ ਅਤੇ ਬੁੱਧੀਜੀਵੀ ਮੰਨਦੇ ਹਨ ਕਿ ਮਰਹੂਮ ਗਾਇਕ ਸਿੱਧੂ ਜਿਓ ਜਿਓ ਇਸ ਸਨਅਤ ਵਿਚ ਉੱਚ ਬੁਲੰਦੀਆਂ ਵੱਲ ਵਧਦਾ ਗਿਆ, ਉਦੋਂ ਤੋਂ ਹੀ ਉਸ ਨੂੰ ਥ੍ਰਿਟ ਆਦਿ ਮਿਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ, ਜਿਸ ਦਾ ਉਸ ਵੱਲੋਂ ਸਮੇਂ-ਸਮੇਂ ਪੁਰਜ਼ੋਰ ਢੰਗ ਨਾਲ ਅਤੇ ਖੁੱਲ ਕੇ ਸਾਹਮਣਾ ਕੀਤਾ ਗਿਆ, ਏਨਾ ਹੀ ਨਹੀਂ ਉਸ ਵੱਲੋਂ ਸੋਸ਼ਲ ਮੀਡੀਆ, ਸਟੇਜ਼ਾ ਆਦਿ 'ਤੇ ਕਿਸੇ ਦੀ ਵੀ ਈਨ ਨਾ ਮੰਨਣ ਸੰਬੰਧੀ ਸਰੇਆਮ ਵਿਖਾਈ ਗਈ ਦਲੇਰੀ ਅਤੇ ਗੈਂਗਸਟਰਵਾਦ ਖ਼ਿਲਾਫ਼ ਕੀਤਾ ਜਾਂਦਾ ਰਿਹਾ ਚੈਲੇਜਿੰਗ ਵਿਰੋਧ ਪ੍ਰਗਟਾਵਾ ਵੀ ਉਸ ਦੀ ਮੌਤ ਦੀ ਇਕ ਅਹਿਮ ਵਜ੍ਹਾ ਮੰਨਿਆ ਜਾ ਸਕਦਾ ਹੈ।

## ਉੱਚਕੋਟੀ ਸਟਾਰਜ਼ ਅਤੇ ਗਾਇਕਾ ਵੱਲੋਂ ਲਈ ਜਾਂਦੀ ਮੋਟੀ ਫੀਸ ਵੀ ਕਰ ਰਹੀ ਹੈ, ਗ਼ੈਰ-ਸਮਾਜਿਕ ਅਨਸਰਾਂ ਦਾ ਧਿਆਨ ਆਕਰਿਸ਼ਤ -

ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀ ਦੇ ਆਲਮੀ ਹੋ ਚੁੱਕੇ ਆਧਾਰ, ਉੱਚਕੋਟੀ ਸਟਾਰਜ਼, ਗਾਇਕਾਂ ਵੱਲੋਂ ਫ਼ਿਲਮਜ਼, ਸੰਗੀਤ ਨਿਰਮਾਤਾਵਾਂ ਅਤੇ ਸਟੇਜ ਸੋਅਜ਼ ਆਰਗਨਾਈਜਰਜ਼ ਪਾਸੋਂ ਇਕ ਇਕ ਪ੍ਰੋਜੈਕਟ, ਕਾਨਸਰਟ ਲਈ ਲੱਖਾਂ-ਕਰੋੜਾ ਦੇ ਰੂਪ 'ਚ ਲਈ ਜਾ ਰਹੀ ਮੋਟੀ ਫੀਸ ਵੀ ਗ਼ੈਰ-ਸਮਾਜਿਕ ਅਨਸਰਾਂ ਦਾ ਧਿਆਨ ਉਨ੍ਹਾਂ ਵੱਲ ਆਕਰਿਸ਼ਤ ਕਰ ਰਹੀ ਹੈ, ਜਿਸ ਦੇ ਚਲਦਿਆਂ ਹੀ ਉਨ੍ਹਾਂ ਪਾਸੋਂ ਰੰਗਦਾਰੀਆਂ ਵਸੂਲਣ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਜੋ ਲਗਾਤਾਰ ਹੋਰ ਰਫ਼ਤਾਰ ਫੜਦਾ ਜਾ ਰਿਹਾ ਹੈ।

## ਚੁਣਿੰਦਾ ਸ਼ਖ਼ਸੀਅਤਾਂ ਹੀ ਖੁੱਲ੍ਹ ਕੇ ਬੋਲਣ ਅਤੇ ਵਿਰੋਧ ਪ੍ਰਗਟਾਵਾ ਕਰਨ ਵਾਲਿਆਂ 'ਚ ਸ਼ਾਮਿਲ-

ਪੰਜਾਬੀ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀਜ਼ 'ਚ ਵਧ ਰਹੇ ਗੈਂਗਸਟਰਵਾਦ ਖ਼ਿਲਾਫ਼ ਖੁੱਲ ਕੇ ਬੋਲਣ, ਵਿਰੋਧ ਪ੍ਰਗਟਾਵਾ ਕਰਨ ਦਾ ਹੌਸਲਾ ਅਤੇ ਹੀਆ ਇਸ ਸਿਨੇਮਾ ਅਤੇ ਮਿਊਜ਼ਿਕ ਇੰਡਸਟਰੀਜ਼ ਨਾਲ ਜੁੜੀਆਂ ਜ਼ਿਆਦਾਤਰ ਉੱਚ ਕੋਟੀ ਸ਼ਖ਼ਸੀਅਤਾਂ ਵੱਲੋਂ ਨਹੀਂ ਕੀਤਾ ਜਾ ਰਿਹਾ, ਕੇਵਲ ਤੇ ਕੇਵਲ ਪ੍ਰੋ. ਪਾਲੀ ਭੁਪਿੰਦਰ, ਦਰਸ਼ਨ ਔਲਖ, ਸੋਨੀਆ ਮਾਨ ਜਿਹੀਆਂ ਕੁਝ ਕੁ ਸਿਨੇਮਾ ਸ਼ਖ਼ਸੀਅਤਾਂ ਹੀ ਇਸ ਜ਼ਿਆਦਤੀਆਂ ਭਰੇ ਇਸ ਵਰਤਾਰੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਅੱਗੇ ਆਈਆਂ ਹਨ, ਜਿਨ੍ਹਾਂ ਵੱਲੋਂ ਖੁੱਲ੍ਹ ਕੇ ਸੋਸ਼ਲ ਪਲੇਟਫਾਰਮਜ਼ 'ਤੇ ਇਸ ਸੰਬੰਧੀ ਵਿਰੋਧ ਅਤੇ ਉੱਕਤ ਇੰਡਸਟਰੀਜ਼ 'ਤੇ ਗੰਭੀਰ ਹੋ ਰਹੇ ਹਾਲਾਤ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਹਾਲਾਂਕਿ ਦੂਜੇ ਪਾਸੇ ਜਿਨ੍ਹਾਂ ਗਾਇਕਾਂ, ਐਕਟਰਜ਼ ਨੂੰ ਇਹ ਸਿਸਟਮ ਖਾਮਿਆਜ਼ਾ ਭੁਗਤਣਾ ਪੈ ਚੁੱਕਾ ਹੈ ਅਤੇ ਪੈ ਰਿਹਾ ਹੈ, ਉਨ੍ਹਾਂ ਵਿਚੋਂ ਜ਼ਿਆਦਾਤਰ ਵੱਲੋਂ ਅੰਦਰ ਹੀ ਅੰਦਰ ਖਾਤੇ ਆਪਣੇ ਆਪਣੇ ਨਾਲ ਸੰਬੰਧ ਰੱਖਦੇ ਮਾਮਲਿਆਂ ਨੂੰ ਵਿਚ ਵਿਚੋਲੇ ਪਾ ਕੇ ਸੁਲਝਾਇਆ ਜਾ ਰਿਹਾ ਹੈ।



**ਪੰਜਾਬੀ ਮਿਊਜ਼ਿਕ ਖੇਤਰ 'ਚ ਸਫ਼ਲਤਾ ਦਾ ਉੱਚ ਸਿਖ਼ਰ ਹੰਢਾ ਰਹੇ ਮਰਹੂਮ ਗਾਇਕ ਸਿੱਧੂ ਮੂਸੇਵਾਲ ਨਾਲ ਜੁੜੇ ਕੁਝ ਕਰੀਬੀ ਲੋਕ ਅਤੇ ਇਸੇ ਇੰਡਸਟਰੀ ਨਾਲ ਸੰਬੰਧ ਰੱਖਦੇ ਕੁਝ ਲੋਕ ਅਤੇ ਬੁੱਧੀਜੀਵੀ ਮੰਨਦੇ ਹਨ ਕਿ ਮਰਹੂਮ ਗਾਇਕ ਸਿੱਧੂ ਜਿਓ ਜਿਓ ਇਸ ਸਨਅਤ ਵਿਚ ਉੱਚ ਬੁਲੰਦੀਆਂ ਵੱਲ ਵਧਦਾ ਗਿਆ, ਉਦੋਂ ਤੋਂ ਹੀ ਉਸ ਨੂੰ ਥ੍ਰਿਟ ਆਦਿ ਮਿਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ**

## ਬਾਹਰਲੇ ਦੇਸ਼ੀ ਪੱਕੇ ਵਸੇਂਦੇ ਨੂੰ ਦੇਣ ਲੱਗੀਆਂ ਹਨ ਸਿਨੇਮਾ ਅਤੇ ਸੰਗੀਤ ਸ਼ਖ਼ਸੀਅਤਾਂ ਤਰਜ਼ੀਹ -

ਪੰਜਾਬੀ ਸਿਨੇਮਾ ਅਤੇ ਸੰਗੀਤ ਜਗਤ ਨਾਲ ਜੁੜੀਆਂ ਜ਼ਿਆਦਾਤਰ ਮਸ਼ਹੂਰ ਸ਼ਖ਼ਸੀਅਤਾਂ ਚਾਹੇ ਉਹ ਐਕਟਰਜ਼ ਹੋਣ ਜਾਂ ਫ਼ਿਰ ਗਾਇਕ ਪਿਛਲੇ ਕੁਝ ਕੁ ਸਮੇਂ ਤੋਂ ਅਜੋਕੇ ਹਾਲਾਤਾਂ ਨੂੰ ਭਾਂਪਦਿਆਂ ਬਾਹਰਲੇ ਦੇਸ਼ੀਂ ਪਰਿਵਾਰਾਂ ਸਮੇਤ ਪੱਕੇ ਵਸੇਂਦੇ ਅਤੇ ਉਥੇ ਹੀ ਜ਼ਿਆਦਾਤਰ ਪ੍ਰੋਫੈਸ਼ਨਲ ਕਾਰਜ਼ ਚਾਹੇ ਉਹ ਸ਼ੂਟਿੰਗਜ਼ ਹੋਣ ਜਾਂ ਫ਼ਿਰ ਸ਼ੋਅਜ਼ ਆਦਿ ਨੂੰ ਨਿਪਟਾਉਣ ਆਦਿ ਨੂੰ ਵਧ ਤਰਜ਼ੀਹ ਦੇਣ ਲੱਗ ਪਈਆਂ ਹਨ, ਜਿਸ ਦੇ ਮੱਦੇਨਜ਼ਰ ਹੀ ਇਨ੍ਹਾਂ ਖਿੱਤਿਆਂ ਨਾਲ ਸੰਬੰਧਿਤ ਜ਼ਿਆਦਾਤਰ ਐਕਟਰਜ਼ ਅਤੇ ਗਾਇਕ ਜਿਨ੍ਹਾਂ ਵਿਚ ਬਿੰਨੂ ਢਿੱਲੋਂ, ਸ਼ੈਰੀ ਮਾਨ, ਰੌਸ਼ਨ ਪ੍ਰਿੰਸ਼, ਰਾਣਾ ਰਣਬੀਰ, ਲਖਵਿੰਦਰ ਵਡਾਲੀ, ਪਰਮੀਸ਼ ਵਰਮਾ, ਮਨਕੀਰਤ ਔਲਖ ਆਦਿ ਜਿੱਥੇ ਕੈਨੇਡਾ ਜਿਹੇ ਦੇਸ਼ ਦੀ ਪੱਕੀ ਨਾਗਰਿਕਤਾ ਹਾਸਿਲ ਕਰਨ ਵੱਲ ਕਦਮ ਵਧਾ ਚੁੱਕੇ ਹਨ, ਉਥੇ ਉੱਚਕੋਟੀ ਗਾਇਕ-ਅਦਾਕਾਰ ਦਲਜੀਤ ਦੁਸਾਂਝ ਅਤੇ ਗਿੱਪੀ ਗਰੇਵਾਲ ਵੀ ਆਪਣੇ ਜ਼ਿਆਦਾਤਰ ਪ੍ਰੋਜੈਕਟ ਚਾਹੇ ਉਹ ਫ਼ਿਲਮਜ਼ ਹੋਣ ਜਾਂ ਫ਼ਿਰ ਮਿਊਜ਼ਿਕ ਵੀਡੀਓਜ਼ ਬਾਹਰ ਰਹਿੰਦਿਆਂ ਹੀ ਪੂਰੇ ਕਰ ਅਤੇ ਕਰਵਾ ਰਹੇ ਹਨ ਅਤੇ ਬਾਹਰੀ ਦੇਸ਼ਾਂ 'ਚ ਰਹਿੰਦਿਆਂ ਪ੍ਰੋਫੈਸ਼ਨਲ ਕਾਰਜ ਸੰਪੂਰਨ ਕਰਵਾਉਣ ਦਾ ਇਹ ਸਿਲਸਿਲਾ ਅਤੇ ਰੁਝਾਨ ਬਾਦਸਤੂਰ ਹੋਰ ਤੇਜ਼ੀ ਫੜ੍ਹਦਾ ਜਾ ਰਿਹਾ ਹੈ।

## ਸੋਸ਼ਲ ਮੀਡੀਆ ਤੋਂ ਵੀ ਹੁੰਦੇ ਜਾ ਰਹੇ ਹਨ ਦੂਰ-

ਪੰਜਾਬੀ ਸਿਨੇਮਾ ਅਤੇ ਸੰਗੀਤ ਖੇਤਰ ਨਾਲ ਜੁੜੀਆਂ ਵੱਡੀਆ ਹਸਤੀਆਂ ਚਾਹੇ ਉਹ ਗਾਇਕ ਹੋਣ ਜਾਂ ਫ਼ਿਰ ਅਦਾਕਾਰ , ਜੋ ਪਹਿਲਾਂ ਆਪਣੇ ਪ੍ਰੋਜੈਕਟ ਦੀ ਅਨਾਊਂਸਮੈਂਟ, ਰਿਲੀਜ਼ ਅਤੇ ਰੋਜਮਰ੍ਹਾ ਗਤੀਵਿਧੀਆਂ ਲਈ ਹਰ ਰੋਜ਼ ਸੋਸ਼ਲ ਮੀਡੀਆ 'ਤੇ ਨਜ਼ਰ ਅਤੇ ਲਾਈਵ ਆਉਣ ਨੂੰ ਹਮੇਸ਼ਾ ਤਰਜ਼ੀਹ ਦਿੰਦੀਆਂ ਸਨ, ਵੱਲੋਂ ਅੱਜਕਲ੍ਹ ਅਜਿਹਾ ਕਰਨ ਦਾ ਰੁਝਾਨ ਬਹੁਤ ਹੀ ਘੱਟ ਅਪਣਾਇਆ ਜਾ ਰਿਹਾ ਹੈ, ਜਿਸ ਦੀ ਇਕ ਮੁੱਖ ਵਜ੍ਹਾ ਗੈਂਗਸਟਰਜ਼ ਦੀ ਨਜ਼ਰ ਤੋਂ ਦੂਰ ਰਹਿਣਾ, ਵਿਵਾਦਾ ਤੋਂ ਬਚਾ ਰੱਖਣਾ ਅਤੇ ਬੋਚ-ਬੋਚ ਕੇ ਕਦਮ ਰੱਖਣਾ ਹੀ ਮੁੱਖ ਮੰਨਿਆਂ ਜਾ ਸਕਦਾ ਹੈ।


Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਸਿਨੇਮਾ ਖਿੱਤੇ 'ਚ ਨਵੇਂ ਦਿਸਹਿੱਦੇ ਸਿਰਜਣ ਵੱਲ ਵਧ ਰਿਹਾ ਹੋਣਹਾਰ ਨੌਜਵਾਨ ਨਿਰਦੇਸ਼ਕ : ਮਨਜੋਤ ਸਿੰਘ

**ਪਲੇਠੀ ਲਘੂ ਅਤੇ ਅਰਥਭਰਪੂਰ ਫ਼ਿਲਮ 'ਮੁਲਾਕਾਤ' ਨਾਲ ਚੁਫ਼ੇਰਿਓਂ ਕਰ ਰਿਹਾ ਹੈ ਸਲਾਹੁਤਾ, ਸਨੇਹ ਹਾਸਿਲ**








**ਪਰਮਜੀਤ, ਫ਼ਰੀਦਕੋਟ**

ਮੋ: 88377-85464


ਪੰਜਾਬੀ ਸਿਨੇਮਾ ਨੂੰ ਸੋਹਣਾ ਅਤੇ ਕਹਾਣੀ, ਕੰਟੈਂਟ ਪੱਖੋਂ ਪ੍ਰਭਾਵਸ਼ਾਲੀ ਮੁਹਾਂਦਰਾ ਦੇਣ ਵਿਚ ਅੱਜਕਲ੍ਹ ਨਵੀਆਂ ਪ੍ਰਤਿਭਾਵਾਂ ਅਹਿਮ ਭੂਮਿਕਾ ਨਿਭਾ ਰਹੀਆਂ ਹਨ, ਜਿਨ੍ਹਾਂ ਵਿਚੋਂ ਹੀ ਆਪਣੇ ਮਾਣਮੱਤੇ ਨਾਂਅ ਦਾ ਸ਼ੁਮਾਰ ਕਰਵਾਉਣ ਵਿਚ ਸਫ਼ਲ ਰਿਹਾ ਹੈ, ਨੌਜਵਾਨ ਫ਼ਿਲਮਕਾਰ ਮਨਜੋਤ ਸਿੰਘ, ਜੋ ਹਾਲ ਹੀ ਵਿਚ ਵੱਡੇ ਪੰਜਾਬੀ ਓ.ਟੀ.ਟੀ. ਪਲੇਟਫਾਰਮ ਚੁਪਾਲ ਵੱਲੋਂ ਰਿਲੀਜ਼ ਕੀਤੀ ਗਈ ਆਪਣੀ ਪਲੇਠੀ ਲਘੂ ਅਤੇ ਅਰਥਭਰਪੂਰ ਫ਼ਿਲਮ 'ਮੁਲਾਕਾਤ' ਨਾਲ ਇਨ੍ਹੀਂ ਦਿਨੀਂ ਚੁਫ਼ੇਰਿਓਂ ਸਲਾਹੁਤਾ, ਸਨੇਹ ਹਾਸਿਲ ਕਰ ਰਿਹਾ ਹੈ। ਪੰਜਾਬ ਦੀ ਇਤਿਹਾਸਕ ਅਤੇ ਧਾਰਮਿਕ ਨਗਰੀ ਵਜੋਂ ਜਾਣੇ ਜਾਂਦੇ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸੰਬੰਧਿਤ ਇਸ ਹੋਣਹਾਰ ਨਿਰਦੇਸ਼ਕ ਨੇ ਮੁੰਬਈ ਮਾਇਆਨਗਰੀ ਦੇ ਅਨੇਕਾਂ ਨਾਮੀ ਗਿਰਾਮੀ ਫ਼ਿਲਮਕਾਰਾਂ ਦੀ ਸੋਹਬਤ ਮਾਣਨ ਅਤੇ ਉਨ੍ਹਾਂ ਨਾਲ ਬਤੌਰ ਐਸੋਸੀਏਟ ਨਿਰਦੇਸ਼ਕ ਕੰਮ ਕਰਨ ਦਾ ਸਿਹਰਾ ਹਾਸਿਲ ਕੀਤਾ ਹੈ, ਜਿਸ ਦੌਰਾਨ ਕਈ ਸਾਲਾਂ ਦੇ ਤਜੁਰਬੇ ਬਾਅਦ ਉਸ ਵੱਲੋਂ ਆਜ਼ਾਦ ਨਿਰਦੇਸ਼ਕ ਵਜੋਂ ਆਪਣੀ ਸ਼ੁਰੂਆਤ ਆਪਣੇ ਮਾਂ ਬੋਲੀ ਨਾਲ ਜੁੜੀਆਂ ਫ਼ਿਲਮਾਂ ਤੋਂ ਹੀ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਪੰਜਾਬੀ ਫ਼ਿਲਮਜ਼ ਖੇਤਰ 'ਚ ਮਿਆਰੀ ਲੇਖਣ ਵਜੋਂ ਨਵੇਂ ਦਿਸਹਿੱਦੇ ਸਿਰਜ ਰਹੇ 'ਪੰਜਾਬੀ ਸਕਰੀਨ' ਮੈਗਜ਼ੀਨ ਨੂੰ ਪਿਛਲੇ ਕਈ ਵਰ੍ਹਿਆਂ ਤੋਂ ਸਫ਼ਲਤਾਪੂਰਵਕ ਸੰਚਾਲਿਤ ਕਰਦੇ ਆ ਰਹੇ ਅਤੇ ਇਸੇ ਖੇਤਰ ਵਿਚ ਵਿਲੱਖਣ ਪਹਿਚਾਣ ਅਤੇ ਵਜੂਦ ਰੱਖਦੇ ਦਲਜੀਤ ਸਿੰਘ ਅਰੋੜਾ






Sri Satguru Jagjit Singh Ji eLibrary NamdhariElibrary@gmail.com

ਦੇ ਪ੍ਰਤਿਭਾਸ਼ਾਲੀ ਫ਼ਰਜ਼ੰਦ ਮਨਜੋਤ ਨੂੰ ਕਲਾ ਦੀ ਗੁੜ੍ਹਤੀ ਆਪਣੇ ਪਰਿਵਾਰ ’ਚੋਂ ਹੀ ਮਿਲੀ, ਜਿਸ ਵੱਲੋਂ ਆਪਣੇ ਥੋੜ੍ਹ ਅਰਸੇ ਦੇ ਫ਼ਿਲਮ ਕਰੀਅਰ ਦੌਰਾਨ ਹੀ ਅਭਿਨੈ ਅਤੇ ਵੀਡਿਓ ਐਡੀਟਿੰਗ ’ਚ ਮੁਹਾਰਤ ਹਾਸਲ ਕਰਨ ਦਾ ਮਾਣ ਆਪਣੀ ਝੋਲੀ ਪਾ ਲਿਆ ਗਿਆ। ਉਪਰੰਤ ਪੜਾਅ-ਦਰ-ਪੜਾਅ ਆਪਣੇ ਕੰਮ ਵਿਚ ਹੋਰ ਮੁਹਾਰਤ ਹਾਸਿਲ ਕਰਦਿਆਂ ਉਸ ਵੱਲੋਂ ਜਿੱਥੇ 2009 ਤੋਂ ਲੈ ਕੇ ਹਾਲੀਆ ਸਮੇਂ ਦੌਰਾਨ ਤੱਕ ‘ਤਾਰਕ ਮਹਿਤਾ ਕਾ ਉਲਟਾ ਚਸ਼ਮਾ’, ਐਮ. ਟੀ.ਵੀ. ਦੇ ‘ਗਰਲਜ਼ ਆਨ ਟਾਪ’ ਕਲਰਜ਼ ਟੀ.ਵੀ ਦਾ ‘ਕਸਮ ਤੇਰੇ ਪਿਆਰ ਕੀ’, ਸੋਨੀ ਟੀ.ਵੀ ਦੇ ‘ਕ੍ਰਾਇਮ ਪੈਟਰੋਲ’, ਵੈੱਬ ਸੀਰੀਜ਼ ‘ਲਵਲੀ ਦਾ ਢਾਬਾ’ ਜਿਹੇ ਕਈ ਮਸ਼ਹੂਰ ਸੀਰਿਅਲਜ਼ ਅਤੇ ਵੈੱਬਸੀਰੀਜ਼ ਵਿਚ ਆਪਣੇ ਸ਼ਾਨਦਾਰ ਅਭਿਨੈ ਦੀ ਧਾਂਕ ਜਮਾਈ ਗਈ ਹੈ, ਉਥੇ ਇਸੇ ਮਹਾਨਗਰ ਅਤੇ ਪਾਲੀਵੁੱਡ ’ਚ ਉਸ ਨੇ ਫਰੀਦਾ ਜਲਾਲ ਦੇ ਲੜੀਵਾਰ ‘ਅੰਮਾ ਜੀ ਕੀ ਗਲੀ’ ਤੋਂ ਇਲਾਵਾ ‘ਮਨੀਬੈਨ ਡਾਟਕਾਮ’, ‘ਹਰ ਮਰਦ ਕਾ ਦਰਦ’ ਅਤੇ ਫ਼ਿਲਮਾਂ ‘ਦਿਲ ਪਰਦੇਸੀ ਹੋ ਗਿਆ’, ‘ਪਗੜੀ ਸਿੰਘ ਦਾ ਤਾਜ’, ‘ਪ੍ਰੇਸ਼ਾਨਪੁਰ’, ‘ਸੰਤਾ ਸੰਤਾ ਪ੍ਰਾਈਵੇਟ ਲਿਮਟਿਡ’, ‘ਬਲੈਕੀਆ’, ‘ਸਲਿਊਟ’, ਆਦਿ ਲਈ ਐਸੋਸੀਏਟ ਨਿਰਦੇਸ਼ਕ ਵਜੋਂ ਵੀ ਆਪਣੀਆਂ ਅਨੂਠੀਆਂ ਨਿਰਦੇਸ਼ਨ ਸਮਰੱਥਾਵਾਂ ਦੀ ਧਾਂਕ ਜਮਾਈ ਹੈ। ਹਿੰਦੀ ਸਿਨੇਮਾ ਤੋਂ ਬਾਅਦ ਪੰਜਾਬੀ ਸਿਨੇਮਾ ਖੇਤਰ ’ਚ ਗੂੜੀਆਂ ਪੈੜਾਂ ਸਥਾਪਿਤ ਕਰਨ ਵੱਲ ਵਧ ਰਹੇ ਮਨਜੋਤ ਵੱਲੋਂ ਹੀ ਨਿਰਦੇਸ਼ਤ ਕੀਤੀ ਗਈ ਪੰਜਾਬੀ ਫ਼ਿਲਮ ‘ਜੱਟੂ ਨਿਖੱਟੂ’ ਵੀ ਵੱਡੇ ਪਲੇਟਫਾਰਮਜ਼ ’ਤੇ ਜਾਰੀ ਹੋਣ ਜਾ ਰਹੀ ਹੈ, ਜਿਸ ਦਾ ਨਿਰਮਾਣ ‘ਐਮ ਐਮ ਮੂਵੀਜ਼’ ਦੇ ਬੈਨਰ ਹੇਠ ਨਾਮਵਰ ਨਿਰਮਾਤਾ ਮਨਮੋਹਨ ਸਿੰਘ ਵਲੋਂ ਕੀਤਾ ਗਿਆ ਹੈ। ਫ਼ਿਲਮ ਦੀ ਕਹਾਣੀ ਵੀ ਮਨਮੋਹਨ ਸਿੰਘ ਦੀ ਹੈ ਅਤੇ ਪਟਕਥਾ-ਸੰਵਾਦ ਦੇ ਲੇਖਕ ਪ੍ਰਸਿੱਧ ਨਾਟਕਕਾਰ ਜਗਦੀਸ਼ ਸਚਦੇਵਾ ਦੇ ਹਨ।









Sri Satguru Jagjit Singh Ji eLibrary NamdhariElibrary@gmail.com

# ਕੈਂਸਰ ਪੀੜਤ ਹਸਤੀਆਂ ਨੇ ਨਾ ਸਿਰਫ਼ ਬਿਮਾਰੀ ’ਤੇ ਮਾਤ ਪਾਈ ਸਗੋਂ ਦੂਜਿਆਂ ਨੂੰ ਇਸ ਬਿਮਾਰੀ ਨਾਲ ਲੜਨ ਲਈ ਪ੍ਰੇਰਿਤ ਕੀਤਾ

**ਰਾਜਵੀਰ ਕੌਰ**





ਇਥੇ ਮੈਂ ਕੁਝ ਉਨ੍ਹਾਂ ਨਾਮੀਂ ਹਸਤੀਆਂ ਬਾਰੇ ਦੱਸ ਰਹੀ ਹਾਂ ਜਿਨ੍ਹਾਂ ਨੂੰ ਕੈਂਸਰ ਨੇ ਆਪਣੀ ਜਕੜ ਵਿੱਚ ਲੈ ਲਿਆ ਸੀ ਅਤੇ ਉਨ੍ਹਾਂ ਨੇ ਕੈਂਸਰ ਦੀ ਬਿਮਾਰੀ ਤੋਂ ਖੁਦ ਨੂੰ ਉਭਾਰਿਆ। ਕੈਂਸਰ ਪੀੜਤ ਹਸਤੀਆਂ ਨੇ ਨਾ ਸਿਰਫ਼ ਬਿਮਾਰੀ ’ਤੇ ਮਾਤ ਪਾਈ ਸਗੋਂ ਆਪਣੇ ਤਜਰਬਿਆਂ ਬਾਰੇ ਬੇਬਾਕੀ ਨਾਲ ਗੱਲ ਵੀ ਕੀਤੀ। ਉਨ੍ਹਾਂ ਨਾ ਸਿਰਫ਼ ਆਮ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਯੋਗਦਾਨ ਪਾਇਆ ਸਗੋਂ ਬਿਮਾਰੀ ਨਾਲ ਲੜ ਰਹੇ ਹੋਰ ਲੋਕਾਂ ਲਈ ਪ੍ਰੇਰਨਾ ਸਰੋਤ ਬਣਨ ਦਾ ਯਤਨ ਵੀ ਕੀਤਾ।

ਅਦਾਕਾਰਾ ਮਹਿਮਾ ਚੌਧਰੀ ਨੂੰ ਬ੍ਰੈਸਟ ਕੈਂਸਰ ਹੋਇਆ ਹੈ ਅਤੇ ਉਨ੍ਹਾਂ ਮੁਤਾਬਕ ਇਸ ਨਾਲ ਲੜਨ ਦੀ ਤਾਕਤ ਇੱਕ ਬੱਚੇ ਤੋਂ ਮਿਲੇ ਹੌਂਸਲੇ ਨੇ ਦਿੱਤੀ ਹੈ। ਦੱਸ ਦਈਏ ਕਿ ਅਦਾਕਾਰਾ ਸੋਨਾਲੀ ਬੇਂਦਰੇ ਨੂੰ ਵੀ ਕੈਂਸਰ ਹੋਇਆ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਕੈਂਸਰ ਤੋਂ ਬਾਅਦ ਉਨ੍ਹਾਂ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲ ਗਿਆ।

ਬੀਤੇ ਵਰ੍ਹੇ ਇੰਡੀਆ ਟੂਡੇ ਨਾਲ ਆਪਣੀ ਕੈਂਸਰ ਖਿਲਾਫ਼ ਜੰਗ ਬਾਰੇ ਗੱਲ ਕਰਦਿਆਂ ਸੋਨਾਲੀ ਬੇਂਦਰੇ ਨੇ ਕਿਹਾ ਸੀ, “ਮੈਂ ਸੋਚਦੀ ਹਾਂ ਸਾਨੂੰ ਬਸ ਸਵੀਕਾਰਨ ਦੀ ਲੋੜ ਹੈ। ਅਸੀਂ ਜਾਣਕਾਰੀ ਦੇ ਯੁੱਗ ਵਿੱਚ ਹਾਂ ਤੇ ਜਾਣਕਾਰੀ ਸਾਡੇ ਹੱਥਾਂ ਵਿੱਚ ਹੈ। ਮੈਂ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਨੂੰ ਇਸ ਬਾਰੇ ਨਕਾਰਤਮਕ ਵਿਚਾਰ ਜਾਂ ਕਿਆਸਰਾਈਆਂ ਨਹੀਂ ਚਾਹੀਦੀਆਂ ਹਨ।” ਇੱਕ ਮਾਂ ਵਜੋਂ ਆਪਣੇ ਬੱਚਿਆਂ ਪ੍ਰਤੀ ਫਿਕਰ ਜ਼ਾਹਿਰ ਕਰਦਿਆਂ ਸੋਨਾਲੀ ਨੇ ਕਿਹਾ ਸੀ ਕਿ ਉਹ ਨਹੀਂ ਚਾਹੁੰਦੇ ਸਨ ਕਿ ਬਿਮਾਰੀ ਬਾਰੇ ਕਿਸੇ ਵੀ ਤਰ੍ਹਾਂ ਦੇ ਨਕਾਰਤਮਕ ਵਿਚਾਰ ਉਨ੍ਹਾਂ ਦੇ ਬੱਚਿਆ ਤੱਕ ਪਹੁੰਚਣ, ਇਸ ਲਈ ਉਨ੍ਹਾਂ ਸਿਰਫ਼ ਚੰਗਾ ਸੋਚਿਆ। ਕੈਂਸਰ ਦੇ ਇਲਾਜ ਲਈ ਕੀਤੀ ਗਈ ਸਰਜਰੀ ਨੇ ਸੋਨਾਲੀ ਦੇ ਸਰੀਰ ’ਤੇ 23-24 ਇੰਚ ਲੰਬਾ ਨਿਸ਼ਾਨ ਛੱਡਿਆ।



ਤਾਹੀਰਾ ਕਸ਼ਯੱਪ ਖੁਰਾਨਾ

## ਕੈਂਸਰ ਦੇ ਦਿੱਤੇ ਦਾਗਾਂ ਉੱਤੇ ਮਾਣ ਕਰੋ : ਤਾਹੀਰਾ ਕਸ਼ਯੱਪ ਖੁਰਾਨਾ

ਅਦਾਕਾਰ ਆਯੂਸ਼ਮਾਨ ਖੁਰਾਨਾ ਦੀ ਪਤਨੀ ਤਾਹੀਰਾ ਕਸ਼ਯੱਪ ਖੁਰਾਨਾ ਨੂੰ ਸਾਲ 2018 ਵਿੱਚ ਛਾਤੀ ਦਾ ਕੈਂਸਰ ਹੋਣ ਬਾਰੇ ਪਤਾ ਲੱਗਿਆ। ਤਾਹੀਰਾ ਨੇ ਕੈਂਸਰ ਖਿਲਾਫ਼ ਜੰਗ ਜਿੱਤ ਚੁੱਕੇ ਲੋਕਾਂ ਨੂੰ ਸਰਜਰੀ ਕਾਰਨ ਸਰੀਰ ’ਤੇ ਪਏ ਨਿਸ਼ਾਨਾਂ ਨੂੰ ਨਾ ਲੁਕਾਉਣ ਲਈ ਪ੍ਰੇਰਦੀ ‘ਸਕਾਰਜ਼’ ਸਿਰਲੇਖ ਹੇਠ ਇੱਕ ਕਵਿਤਾ ਲਿਖੀ। ਸਾਲ 2020 ਨੈਸ਼ਨਲ ਕੈਂਸਰ ਸਰਵਾਈਵਰਜ਼ ਡੇਅ ਮੌਕੇ ਉਨ੍ਹਾਂ ਨੇ ਆਪਣੀ ਪਿੱਠ ’ਤੇ ਬ੍ਰੈਸਟ ਕੈਂਸਰ ਦੇ ਇਲਾਜ ਦੌਰਾਨ ਹੋਈ ਸਰਜਰੀ ਦੇ ਪਏ ਨਿਸ਼ਾਨ ਦੀ ਤਸਵੀਰ ਅਤੇ ਇੱਕ ਕਵਿਤਾ ਦੇ ਬੋਲ ਸੋਸ਼ਲ ਮੀਡੀਆ ਜ਼ਰੀਏ ਸਾਂਝੇ ਕੀਤੇ। ਇਸ ਕਵਿਤਾ ਵਿੱਚ ਉਨ੍ਹਾਂ ਕੈਂਸਰ ਪੀੜਤਾਂ ਨੂੰ ਕਿਹਾ ਕਿ ਆਪਣੇ ਨਿਸ਼ਾਨ ਲੁਕਾਉਣ ਦੀ ਲੋੜ ਨਹੀਂ ਸਗੋਂ ਇਨ੍ਹਾਂ ਨੂੰ ਆਪਣੀ ਮੁਸਕੁਰਾਹਟ ਵਾਂਗ ਦਿਖਾਓ। ਉਨ੍ਹਾਂ ਕਿਹਾ ਕਿ ਦਾਗਾਂ ਨੂੰ ਲੁਕਾਉਣ ਦੀ ਲੋੜ ਨਹੀਂ ਸਗੋਂ ਇਹ ਤਗਮੇ ਹਨ ਜੋ ਤੁਹਾਨੂੰ ਪ੍ਰੇਰਦੇ ਹਨ। ਤਾਹੀਰਾ ਕਸ਼ਯੱਪ ਸਮੇਂ-ਸਮੇਂ ਸੋਸ਼ਲ ਮੀਡੀਆ ਜ਼ਰੀਏ ਲੋਕਾਂ ਨੂੰ ਕੈਂਸਰ ਪ੍ਰਤੀ ਜਾਗਰੁਕ ਕਰਨ ਲਈ ਪੋਸਟ ਪਾ ਕੇ ਸਵੈ-ਪੜਚੋਲ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ।

## ਮੈਂ ਹਾਲੇ ਵੀ ਕੈਂਸਰ ਨਾਲ ਜੀਅ ਰਹੀ ਹਾਂ : ਲੀਜ਼ਾ ਰੇਅ

ਅਦਾਕਾਰਾ ਲੀਜ਼ਾ ਰੇਅ ਕੈਂਸਰ ਦੇ ਇਲਾਜ ਦੌਰਾਨ ਸੋਸ਼ਲ ਮੀਡੀਆ ਜ਼ਰੀਏ ਲਗਾਤਾਰ ਆਪਣੇ



ਲੀਜ਼ਾ ਰੇਅ



Sri Satguru Jagjit Singh Ji eLibrary NamdhariElibrary@gmail.com



ਅਦਾਕਾਰਾ ਸੋਨਾਲੀ ਬੇਂਦਰੇ



ਯੁਵਰਾਜ ਸਿੰਘ

ਪ੍ਰਸ਼ੰਸਕਾ ਨਾਲ ਜੁੜੇ ਰਹੇ। ਸਾਲ 2009 ਵਿੱਚ ਲੀਜ਼ਾ ਨੂੰ ਬਲੱਡ ਕੈਂਸਰ ਹੋਣ ਬਾਰੇ ਪਤਾ ਲੱਗਿਆ। ਆਪਣੀ ਬਿਮਾਰੀ ਅਤੇ ਇਲਾਜ ਦੇ ਨਾਲ-ਨਾਲ ਲੀਜ਼ਾ ਲੋਕਾਂ ਨੂੰ ਕੈਂਸਰ ਬਾਰੇ ਜਾਗਰੂਕ ਵੀ ਕਰਦੇ ਰਹੇ। ਉਨ੍ਹਾਂ ਨੇ ਬਿਮਾਰੀ ਦੌਰਾਨ ਜੋ ਕੁਝ ਮਹਿਸੂਸ ਕੀਤਾ, ਝੱਲਿਆ ਅਤੇ ਉਨ੍ਹਾਂ ਦੀ ਜ਼ਿੰਦਗੀ ਜਿਸ ਤਰ੍ਹਾਂ ਬਦਲੀ, ਉਸ ਬਾਰੇ ਉਨ੍ਹਾਂ ਨੇ ਮਈ 2019 ਵਿੱਚ 'ਕਲੋਜ਼ ਟੂ ਦਾ ਬੋਨ' ਨਾਂਅ ਦੀ ਇੱਕ ਕਿਤਾਬ ਲਿਖੀ। ਇਸ ਕਿਤਾਬ ਵਿੱਚ ਉਨ੍ਹਾਂ ਲਿਖਿਆ, "37 ਸਾਲ ਦੀ ਉਮਰ ਵਿੱਚ ਕੈਂਸਰ ਦਾ ਪਤਾ ਲੱਗਣ ਤੋਂ ਬਾਅਦ, ਮੈਂ ਐੱਮ.ਐੱਮ. ਕੈਂਸਰ ਕਲੱਬ ਦੀ ਸਭ ਤੋਂ ਜੂਨੀਅਰ ਮੈਂਬਰ ਸੀ, ਜਦਕਿ ਕੈਂਸਰ ਹੋਣ ਦੀ ਸੰਭਾਵਨਾ ਲਈ ਔਸਤਨ ਉਮਰ 65 ਸਾਲ ਹੈ ਪਰ ਇਹ ਡਰਾਉਣਾ ਨਹੀਂ ਸੀ- ਨਾ ਹੀ ਹੁਣ ਹੈ।" ਸਟੈਮ ਸੈੱਲ ਟਰਾਂਸਪਲਾਂਟ ਤੋਂ ਬਾਅਦ ਡਾਕਟਰਾਂ ਵੱਲੋਂ ਲੀਜ਼ਾ ਨੂੰ ਕੈਂਸਰ ਮੁਕਤ ਮੰਨਿਆ ਗਿਆ। ਆਪਣੇ ਆਪ ਨੂੰ ਲੀਜ਼ਾ ਕੈਂਸਰ ਗ੍ਰੈਜੂਏਟ ਵਜੋਂ ਸੰਬੋਧਿਤ ਕਰਦੇ ਹਨ।

## ਕੈਂਸਰ ਨੇ ਮੈਨੂੰ ਨਵੀਂ ਜ਼ਿੰਦਗੀ ਦਿੱਤੀ : ਮਨੀਸ਼ਾ ਕੋਇਰਾਲਾ

ਅਦਾਕਾਰਾ ਮਨੀਸ਼ਾ ਕੋਇਰਾਲਾ ਕਹਿੰਦੇ ਹਨ, "ਆਪਣੇ ਆਲੇ ਦੁਆਲੇ ਬਹੁਤ ਲੋਕ ਇਸ ਬਿਮਾਰੀ ਨਾਲ ਜੂਝਦੇ ਦੇਖੇ ਸਨ ਪਰ ਕਦੀ ਨਹੀਂ ਸੀ ਸੋਚਿਆ ਇਹ ਮੈਨੂੰ ਵੀ ਹੋ ਸਕਦਾ ਹੈ ਪਰ ਮੇਰੇ ਲਈ ਇਹ ਹੈਰਾਨ ਕਰਨ ਵਾਲਾ ਨਹੀਂ ਸੀ। ਮਨੀਸ਼ਾ ਨੂੰ ਅੰਡਕੋਸ਼ ਦਾ ਕੈਂਸਰ ਹੋਇਆ ਸੀ।" ਕੈਂਸਰ ਦੌਰਾਨ ਆਪਣੇ ਤਜਰਬਿਆਂ ਬਾਰੇ ਮਨੀਸ਼ਾ ਕੋਇਰਾਲਾ ਨੇ 'ਹੀਲਡ ਹਾਓ ਕੈਂਸਰ ਗਿਵ ਮੀ ਨਿਊ ਲਾਈਫ਼' ਨਾਮ ਦੀ ਕਿਤਾਬ ਵਿੱਚ ਕੈਂਸਰ ਖਿਲਾਫ਼ ਆਪਣੀ ਲੜਾਈ ਦੀ ਵਾਰਤਾ ਸਾਂਝੀ ਕੀਤੀ।

## ਇਹ ਸਮਾਂ ਵੀ ਬੀਤ ਜਾਵੇਗਾ : ਯੁਵਰਾਜ ਸਿੰਘ

ਭਾਰਤੀ ਕ੍ਰਿਕਟ ਖਿਡਾਰੀ ਯੁਵਰਾਜ ਸਿੰਘ ਸੈਮੀਨੋਮਾ ਲੰਗ ਕੈਂਸਰ ਤੋਂ ਪੀੜਤ ਸਨ। ਯੁਵਰਾਜ ਸਿੰਘ ਨੇ ਵੀ ਆਪਣੇ ਤਜਰਬਿਆਂ 'ਤੇ ਅਧਾਰਿਤ 'ਟੈਸਟ ਆਫ਼ ਮਾਈ ਲਾਈਫ਼' ਨਾਮ ਦੀ ਇੱਕ ਕਿਤਾਬ ਲਿਖੀ। ਉਨ੍ਹਾਂ ਇਸ ਕਿਤਾਬ ਵਿੱਚ ਆਪਣੇ ਖੇਡ ਨਾਲ ਜੁੜੇ ਤਜਰਬਿਆਂ ਦੇ ਨਾਲ-ਨਾਲ ਕੈਂਸਰ ਬਾਰੇ ਵੀ ਲਿਖਿਆ। ਉਨ੍ਹਾਂ ਕਿਹਾ ਸੀ, "ਟੈਸਟ ਆਫ਼ ਮਾਈ ਲਾਈਫ਼, ਮੇਰੇ ਸਭ ਤੋਂ ਔਖੇ ਦਿਨਾਂ ਬਾਰੇ ਹੈ ਅਤੇ ਮੈਂ ਮੁਸ਼ਕਿਲ ਦੌਰ ਵਿੱਚੋਂ ਕਿਵੇਂ ਬਾਹਰ ਨਿਕਲਿਆ। ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਮੀਦ, ਦ੍ਰਿੜ੍ਹਤਾ ਅਤੇ ਹਿੰਮਤ ਬਾਰੇ ਹੈ।" ਯੁਵਰਾਜ ਸਿੰਘ ਕੈਂਸਰ ਪ੍ਰਤੀ ਜਾਗਰੂਕਤਾ ਫ਼ੈਲਾਉਣ ਲਈ 'ਯੂ ਕੈਨ ਵਿਨ' ਨਾਮ ਦੀ ਇੱਕ ਸੰਸਥਾ ਵੀ ਚਲਾ ਰਹੇ ਹਨ।

••



ਮਨੀਸ਼ਾ ਕੋਇਰਾਲਾ



. Sri Satguru Jagjit Singh Ji eLibrary NamdhariElibrary@gmail.com .

# ਅੰਬੀਆਂ ਨੂੰ ਤਰਸੇਂਗੀ ਛਡ ਕੇ ਦੇਸ ਦੁਆਬਾ




**ਪ੍ਰੋ. ਜਸਵੰਤ ਸਿੰਘ ਗੰਡਮ**

ਫਗਵਾੜਾ, ਮੋਬਾਈਲ : 98766-55055




ਮੇਰੀ ਉਮਰ ਦੇ ਪੇਂਡੂਆਂ ਦਾ ਬਚਪਨ ਗਰਮੀਆਂ ਨੂੰ ਕੱਚੀਆਂ ਅੰਬੀਆਂ 'ਤੇ ਲੂਣ-ਮਸਾਲਾ ਭੁੱਕ ਕੇ ਚਟਖਾਰੇ ਲੈ ਲੈ ਖਾਣ ਅਤੇ ਟਪਕੇ ਅੰਬਾਂ ਨੂੰ ਹੱਥ-ਮੂੰਹ ਲਬੇੜ ਕੇ ਸੁਆਦ ਨਾਲ ਹੁਲਾਰੇ ਲੈ ਲੈ ਕੇ ਚੂਪਣ ਵਿਚ ਗੁਜ਼ਰਿਐ। ਹੋ ਸਕਦੈ ਛੋਟੇ ਸ਼ਹਿਰਾਂ/ਕਸਬਿਆਂ ਵਾਲਿਆਂ ਨੇ ਵੀ ਇਹ ਸੁਰਗੀ ਹੁਲਾਰੇ ਲਏ ਹੋਣ। ਓਨੀਂ ਦਿਨੀਂ, ਜਾਣੀ 60-65 ਸਾਲ ਪਹਿਲਾਂ, ਖੂਹਾਂ, ਖੇਤਾਂ, ਤੌੜਾਂ ਅਤੇ ਘਰਾਂ ਦੇ ਵਿਹੜਿਆਂ 'ਚ ਅੰਬਾਂ ਦਾ ਬੂਟੇ ਲਗੇ ਹੋਣਾ ਆਮ ਗੱਲ ਸੀ। ਦੁਆਬਾ ਤਾਂ ਅੰਬਾਂ ਦਾ ਘਰ ਹੁੰਦਾ ਸੀ। ਇਸ ਲਈ ਹੀ ਤਾਂ ਮਸ਼ਹੂਰ ਲੋਕਬੋਲੀ ਹੈ-'ਅੰਬੀਆਂ ਨੂੰ ਤਰਸੇਂਗੀ ਛਡ ਕੇ ਦੇਸ ਦੁਆਬਾ'। ਇਕ ਪੰਜਾਬੀ ਕਵੀ ਵਰਿੰਦਰ ਨਿਮਾਣਾ ਨੇ 'ਅੰਬਾਂ ਦੇ ਦੇਸ ਦੁਆਬਾ' ਦੀ ਇਸ ਤਰ੍ਹਾਂ ਮਹਿਮਾਂ ਕੀਤੀ ਹੈ-

"ਜਦੋਂ ਅੰਬ ਸੰਧੂਰੀ ਪੱਕ ਜਾਣ ਦੇਸ ਦੁਆਬੇ ਦੇ,
ਰੱਬ ਆਪ ਬਹਿਸ਼ਤੋਂ ਉਤਰ ਕੇ ਆਇਆ ਲਗਦਾ ਏ।
ਅਸੀਂ ਬਰਫਾਂ ਵਾਲੇ ਦੇਸ ਦੀ ਮਹਿਮਾਂ ਕਿਉਂ ਕਰੀਏ?
ਸਾਨੂੰ ਜੇਠ ਹਾੜ ਦਾ ਇਹ ਸਰਮਾਇਆ ਲਗਦਾ ਏ।
ਸਾਡੀ ਰੂਹ ਵਿਚ ਵਸਦੀ ਮਹਿਕ ਇਹਨਾਂ ਖੁਸ਼ਬੋਆਂ ਦੀ,
ਮੇਲਾ ਚਾਰ ਦਿਨਾਂ ਦਾ ਰੱਬ ਨੇ ਲਾਇਆ ਲਗਦਾ ਏ"।

ਵੈਸੇ ਹੁਣ ਤਾਂ ਦੇਸ ਦੁਆਬੇ ਵਿਚ ਵੀ ਅੰਬਾਂ ਦੀ ਉਹ ਗੱਲ ਨਹੀਂ ਰਹੀ। ਹਾਂ, ਹੁਸ਼ਿਆਰਪੁਰ ਜ਼ਿਲ੍ਹੇ ਨੇ ਅਜੇ ਦੁਆਬੇ ਦੀ ਕੁਝ ਲਾਜ ਰੱਖੀ ਹੋਈ ਹੈ। ਨਵਾਂਸ਼ਹਿਰ ਦੇ ਇਲਾਕੇ ਵਿਚ ਵੀ ਅਜੇ ਥੋੜ੍ਹੇ-ਬਹੁਤ ਅੰਬ ਹਨ। ਪਰ ਬਾਗੋ-ਬਾਗੀ ਬਹਿਸ਼ਤੀ ਨਜ਼ਾਰੇ ਕਿਧਰੇ ਨਹੀਂ। ਉਂਞ ਤਾਂ ਮਾਝੇ ਦੇ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆ ਵਿਚ ਵੀ ਅੰਬ ਹਨ। ਖੈਰ, ਓਸ ਵੇਲੇ ਦੇ ਬਚਪਨ ਦਾ ਇਕ ਹੋਰ ਆਮ ਵਰਤਾਰਾ ਸੀ। ਬੱਚੇ ਅੰਬੀਆਂ ਤੂੜੀ ਦੇ ਕੁੱਪਾਂ/ਮੂਸਲਾਂ ਜਾਂ ਤੂੜੀ ਵਾਲੇ ਅੰਦਰ ਤੂੜੀ ਵਿਚ ਤੁੰਨ ਕੇ ਰਖ ਦਿੰਦੇ ਸਨ। ਇਹ ਇਕ ਕਿਸਮ ਦਾ ਦੇਸੀ ਢੰਗ ਸੀ ਅੰਬਾਂ ਦੀ ਪੈਲ ਪਾਉਣ ਦਾ। ਹਰ ਰੋਜ਼ ਦੇਖਦੇ ਰਹੀਦਾ ਸੀ ਕਿ ਅੰਬ ਪੱਕਿਆ ਕਿ ਨਹੀਂ। ਨਾਲੇ ਇਸ ਬਹਾਨੇ ਪਹਿਰਾ ਵੀ ਦਿੱਤਾ ਜਾਂਦਾ ਸੀ ਕਿ ਕਿਧਰੇ ਕੋਈ ਦੂਸਰਾ ਹੀ ਨਾ ਦਾਅ ਲਾ ਗਿਆ ਹੋਵੇ। ਜਦ ਕੁਝ ਦਿਨਾਂ ਬਾਅਦ ਅੰਬ ਪੱਕ ਜਾਂਦਾ ਸੀ ਤਾਂ ਬੜੇ ਮਜ਼ੇ ਲੈ ਲੈ ਚੂਪੀਦਾ ਸੀ। ਹਾਂ, ਇਸ ਤਰ੍ਹਾਂ ਕੱਚੇ ਅੰਬ ਨੂੰ ਦੇਸੀ ਪੈਲ ਨਾਲ ਪਕਾਉਣ ਉਪਰੰਤ ਚੂਪਣ ਤੋਂ ਪਹਿਲਾਂ ਉਸ ਦਾ ਚੰਗੀ ਤਰ੍ਹਾਂ ਡੋਕ ਕਢੀਦਾ ਸੀ ਤਾਂ ਕਿ ਇਸ ਤੇਜ਼ਾਬੀ ਜਿਹੇ ਮਾਦੇ ਨਾਲ ਮੂੰਹ ਨਾ ਛਿਲਿਆ ਜਾਵੇ ਜਾਂ ਚਮੜੀ ਉੱਪਰ ਚਟਾਕ ਨਾ ਪੈ ਜਾਣ। ਆਪਣੀ ਮਿਹਨਤ ਨਾਲ ਪਕਾਏ ਇਨ੍ਹਾਂ ਅੰਬਾਂ ਨੂੰ ਮਾਨਣ ਦਾ ਮਜ਼ਾ ਹੀ ਹੋਰ ਹੁੰਦਾ ਸੀ।

ਬਚਪਨ 'ਚ ਇੱਲਤੀ ਬੱਚੇ ਇਕ ਗੱਲ ਹੋਰ ਕਰਦੇ ਸਨ। ਸਾਡੇ ਵਰਗੇ ਥੋੜ੍ਹ-ਦਿਲੇ ਡਰਦੇ ਮਾਰੇ ਇਸ ਤੋਂ ਬਚ ਕੇ ਰਹਿੰਦੇ ਸਨ ਪਰ ਅੱਥਰੇ ਨਹੀਂ ਸਨ ਡਰਦੇ। ਇਹ ਇੱਲਤ ਸੀ ਦੂਸਰੇ ਦੇ ਅੰਬਾਂ ਤੋਂ ਚੋਰੀ ਅੰਬ ਤੋੜਨੇ। ਸਕੂਲ ਜਾਂਦਿਆਂ ਰਾਹ ਵਿਚਲੇ ਅੰਬਾਂ, ਖਰਬੂਜ਼ਿਆਂ, ਛੱਲੀਆਂ ਅਤੇ ਗੰਨਿਆਂ ਨੂੰ ਦੇਖ ਕੇ ਖੁਰਕ ਤਾਂ ਹਰੇਕ ਦੇ ਹੋਣ ਲਗ ਪੈਂਦੀ ਸੀ ਕਿ ਤੋੜ-ਤੁੜੱਈਆ ਕਰ ਲਈਏ ਪਰ ਇਨ੍ਹਾਂ ਫਲਾਂ/ਫਸਲਾਂ ਦੀ ਰਾਖੀ ਵੀ ਮਾਲਕ ਵਿਸ਼ੇਸ਼ ਤੌਰ ਉਪਰ ਕਰਦੇ ਸੀ। ਸੋ ਫੜੇ ਜਾਣ ਦਾ ਡਰ ਬਹੁਤਿਆਂ ਨੂੰ ਰੋਕ ਲੈਂਦਾ ਸੀ ਪਰ 'ਦਲੇਰ' ਦਾਅ ਲਾ ਲੈਂਦੇ ਸਨ। ਰਾਖੀ ਕਰਨ ਵਾਲੇ ਕਈ ਵਾਰ ਮਗਰ ਡਾਂਗ/ਡੰਡਾ ਲੈ ਕੇ ਭੱਜਦੇ ਪਰ ਬੱਚੇ ਕਿਥੇ ਡਾਹ ਦਿੰਦੇ ਹਨ!

ਅੰਬ ਫਲਾਂ ਦਾ ਰਾਜਾ ਹੈ। ਸਾਡਾ ਰਾਸ਼ਟਰੀ ਫਲ। ਇਸ ਨੂੰ ਤਪਸ਼ੀ ਖੇਤਰਾਂ ਦਾ ਸੇਬ ਅਤੇ ਦੇਵਤਿਆਂ ਦਾ ਫਲ ਵੀ ਕਿਹਾ ਜਾਂਦੈ। ਇਹ ਆਪਣੀ ਸੁਗੰਧੀ, ਸੁਆਦ ਅਤੇ ਲੱਜ਼ਤ ਨਾਲ ਇਕ ਵਿਲੱਖਣ ਫਲ ਹੈ। ਸਾਨੂੰ ਅੰਬਾਂ ਦੇ ਬੂਟੇ ਉਪਰ ਪੱਕੇ ਹੋਏ ਅੰਬ ਦੇਖ ਕੇ ਇਕ ਰੁਮਾਂਚਕਾਰੀ ਅਹਿਸਾਸ ਹੁੰਦੈ, ਇਕ ਅਨੂਠੇ ਵਿਸਮਾਦ ਦਾ ਸੁਖਧ ਅਨੁਭਵ! ਇਸ ਵਾਰ ਦੇਸੀ ਅੰਬਾਂ ਨੂੰ ਬਹੁਤ ਬੂਰ/ਪੋਰ ਪਿਐ ਪਰ ਵਰ੍ਹਦੀ ਅੱਗ 'ਤੇ ਝੱਖੜ-ਝਾਂਜਿਆਂ ਨੇ ਫਲਾਂ ਦਾ ਝਾੜ ਓਨਾ ਨਹੀਂ ਰਹਿਣ ਦਿੱਤਾ। ਯਾਦ ਹੈ ਨਾ 1959 ਦੀ ਪੰਜਾਬੀ ਫਿਲਮ 'ਭੰਗੜਾ' ਵਿਚ ਗਾਇਆ ਸ਼ਮਸ਼ਾਦ ਬੇਗਮ ਦਾ ਗਾਣਾ-'ਅੰਬੀਆਂ ਦੇ ਬੂਟਿਆਂ 'ਤੇ ਲਗ ਗਿਆ ਬੂਰ ਨੀ, /ਰੁੱਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀ"। ਕਵੀਆਂ ਨੇ ਅੰਬ ਦੇ ਬੂਰ ਦੀ ਉਪਮਾ 'ਬਸੰਤਦੂਤ' ਨਾਲ ਅਤੇ ਮੰਜਰੀ ਦੀ ਕਾਮਦੇਵ ਦੇ ਤੀਰ ਨਾਲ ਕੀਤੀ ਹੈ।

ਅੰਬ ਬਹਾਰ ਦੀ ਰੁੱਤ ਦੇ ਮਗਰ ਮਗਰ ਹੀ ਆ ਜਾਂਦੈ। ਅੰਬ ਦੇ ਮਗਰ ਮਗਰ ਕੋਇਲ ਆ ਜਾਂਦੀ ਐ। ਇਨ੍ਹਾਂ ਤਿੰਨਾਂ ਨੂੰ ਤਕ ਕੇ ਪ੍ਰੇਮ-ਪਰੁੱਚੇ ਦਿਲ 'ਚ ਪੀਆ ਮਿਲਣ ਦੀ ਤੜਪ ਹੋਰ ਪ੍ਰਬਲ ਹੋਣ ਲਗਦੀ ਹੈ। ਬਹਾਰ ਅਤੇ ਅੰਬ ਰੁਮਾਂਸ ਪੈਦਾ ਕਰਦੇ ਹਨ ਪਰ ਕੋਇਲ ਦਾ ਪਰਵਾਸ/ ਪਰਦੇਸ ਹਰ ਪ੍ਰੀਤ-ਪੀੜਤ ਰੂਹ ਅੰਦਰ ਆਪਣੇ ਪਰਦੇਸੀ ਨੂੰ ਮਿਲਣ ਦੀ ਤਾਂਘ ਪ੍ਰਚੰਡ ਕਰਦਾ ਹੈ। ਕੋਇਲ ਦੀ ਕੂ ਕੂ ਹਿਰਦੇ ਵਿਚ ਧੁਰ ਤੀਕ ਧੂਹ ਪਾਉਂਦੀ ਹੈ। ਵਿਆਕੁਲ ਪ੍ਰੇਮਕਾ ਪੁਕਾਰ ਉਠਦੀ ਹੈ- 'ਕੋਇਲਾਂ ਕੂਕਦੀਆਂ, ਪਰਦੇਸੀਆ ਘਰ ਆ'!

ਕਿਹਾ ਜਾਂਦੈ ਕਿ ਅੰਬ ਉੱਤਰ-ਪੂਰਬੀ ਭਾਰਤ-ਬਰਮਾ ਦੇ ਇਲਾਕੇ ਵਿਚ ਪੈਦਾ ਹੋਇਆ ਤੇ ਫਿਰ ਪੂਰੇ ਵਿਸ਼ਵ ਵਿਚ ਫੈਲ ਗਿਆ। ਸ਼ਬਦ-ਵਿਗਿਆਨ ਅਨੁਸਾਰ ਅੰਗਰੇਜ਼ੀ ਦਾ ਸ਼ਬਦ 'ਮੈਂਗੋ' ਦਰਾਵੜੀਅਨ/ਮਲਿਆਲਮ ਮੂਲ ਦੇ 'ਮੱਨਾ' ਤੋਂ ਉਤਪੰਨ ਹੋਇਆ ਜਿਸ ਨੂੰ ਪੁਰਤਗਾਲੀਆਂ ਨੇ, ਜੋ 1498 ਵਿਚ ਕੇਰਲਾ 'ਚ ਮਸਾਲਿਆਂ ਦਾ ਵਪਾਰ ਕਰਨ ਆਏ ਸਨ, ਪਹਿਲਾਂ 'ਮੰਗਾ' ਅਤੇ ਸੋਹਲਵੀਂ ਸਦੀ ਦੇ ਪਿਛਲੇ ਪਹਿਰ 'ਮੈਂਗੋ' ਦੇ ਰੂਪ ਵਿਚ ਅਪਣਾ ਲਿਆ। ਤਾਮਿਲ 'ਚ ਇਸ ਨੂੰ 'ਮੰਗਕੇ' ਜਾਂ 'ਮੰਗੇ', ਸੰਸਕ੍ਰਿਤ 'ਚ 'ਅਮਰਾ' ਅਤੇ ਹਿੰਦੀ/ਬੰਗਾਲੀ 'ਚ 'ਆਮ' ਕਿਹਾ ਜਾਂਦੈ। ਅਮਰਫਲ ਇਸ ਦਾ ਪੁਰਾਣਾ ਨਾਮ ਹੈ ਅਤੇ ਵੈਦਿਕ ਸਾਹਿਤ ਵਿਚ ਇਸ ਨੂੰ 'ਰਸਾਲਾ' ਤੇ 'ਸ਼ਾਹਕਾਰਾ' ਕਿਹਾ ਜਾਂਦੈ। ਅੰਬ ਦਾ ਵਿਗਿਆਨਕ ਨਾਮ 'ਮੈਂਜ਼ੀਫਿਰਾ ਇੰਡੀਕਾ' ਹੈ ਅਤੇ ਇਹ 'ਐਨਾਕਾਰਡੀਸੀ' ਪਰਿਵਾਰ ਨਾਲ ਸਬੰਧਤ ਹੈ।

ਭਾਰਤੀ ਅੰਬ ਦਾ ਆਗਮਨ 4000-5000




Sri Satguru Jagjit Singh Ji eLibrary NamdhariElibrary@gmail.com

ਸਾਲ ਈਸਾ ਪੂਰਵ 'ਚ ਹੋਇਆ ਮੰਨਿਆਂ ਜਾਂਦੈ। ਪਰ ਕਈ ਸਰੋਤਾਂ ਵਿਚ ਫਾਸਿਲ ਪ੍ਰਮਾਣਾਂ ਨੂੰ ਆਧਾਰ ਮੰਨ ਕੇ ਭਾਰਤ, ਹੁਣ ਦੇ ਬੰਗਲਾਦੇਸ਼ ਅਤੇ ਮਿਆਨਮਾਰ ਵਿਚ ਅੰਬ ਦੀ ਹੋਂਦ ਦੇ ਹਵਾਲੇ 25-30 ਮਿਲੀਅਨ ਸਾਲ ਪਹਿਲਾਂ ਦੇ ਦੱਸੇ ਜਾਂਦੇ ਹਨ। ਵੈਦਿਕ ਧਾਰਮਿਕ ਗ੍ਰੰਥਾਂ ਬਰਿਹਾਦਰਿਅੰਕਾ ਉਪਨਿਸ਼ਦ ਅਤੇ ਪੁਰਾਣਾਂ 'ਚ ਵੀ ਹਵਾਲੇ ਮਿਲਦੇ ਹਨ। ਮਹਾਤਮਾ ਬੁੱਧ ਦੁਆਰਾ ਵੀ ਇਕ ਅੰਬਾਂ ਦੇ ਉਪਵਣ 'ਚ ਭਗਤੀ ਕਰਨ ਦੀ ਗਲ ਕਹੀ ਜਾਂਦੀ ਹੈ। ਇਸ ਕਰਕੇ ਹੀ ਬੋਧ ਭਿਖਸ਼ੂਆਂ ਨੇ ਅੰਬਾਂ ਦੇ ਪੌਦਿਆਂ ਦਾ ਪਾਸਾਰ ਕੀਤਾ। ਕਰਮਵਾਰ ਯੂਨਾਨੀ/ਚੀਨੀ ਯਾਤਰੀ ਅਤੇ ਇਤਿਹਾਸਕਾਰ ਮੈਗਥਨੀਜ਼ (350-290-ਈਸਾ ਪੂਰਵ) ਅਤੇ ਹਿਯੂਨ ਸਾਂਗ (602-664 ਈਸਵੀ) ਨੇ ਵੀ ਅੰਬਾਂ ਦਾ ਜ਼ਿਕਰ ਕੀਤੈ ਅਤੇ ਮੋਰੀਆਂ ਵੰਸ਼ ਦੇ ਰਾਜਿਆਂ ਵਲੋਂ ਆਪਣੀ ਖੁਸ਼ਹਾਲੀ ਦੇ ਪ੍ਰਗਟਾ ਲਈ ਸੜਕਾਂ ਦੇ ਦੋਨੋ ਪਾਸੇ ਇਨ੍ਹਾਂ ਦੇ ਲਗਵਾਏ ਜਾਣ ਬਾਰੇ ਲਿਖਿਐ। ਮੁਗਲਾਂ ਨੇ ਵੀ ਬੜੇ ਬਾਗ ਲਗਵਾਏ। ਅਕਬਰ ਨੇ ਤਾਂ ਦਰਭੰਗਾ ਦੇ ਨੇੜੇ 'ਲੱਖਾ ਬਾਗ' ਲਗਵਾਇਆ ਜਿਸ ਵਿਚ ਅੰਬਾਂ ਦੇ ਇਕ ਲੱਖ ਪੌਦੇ ਲਗਵਾਏ। ਮਰਾਠਾ ਪੇਸ਼ਵਾ ਰਘੂਨਾਥ ਪੇਸ਼ਵਾ ਨੇ ਮਰਾਠਿਆਂ ਦੀ ਸ੍ਰੇਸ਼ਟਤਾ ਦਰਸਾਉਣ ਲਈ ਇਕ ਕਰੋੜ ਅੰਬ ਬਿਜਵਾਏ! ਲੋਕਯਾਨ ਅਨੁਸਾਰ ਕੌਮਾਂਤਰੀ ਪੱਧਰ 'ਤੇ ਮਸ਼ਹੂਰ 'ਐਲਫੌਂਜ਼ੋ' ਇਨ੍ਹਾਂ ਅੰਬਾਂ ਵਿਚੋਂ ਹੀ ਵਿਕਸਤ ਹੋਇਆ ਦਸਿਆ ਜਾਂਦੈ। ਭਾਰਤ ਅੰਬਾਂ ਦਾ ਵਿਸ਼ਵ ਭਰ ਵਿਚ ਸਭ ਤੋਂ ਵਧ ਉਤਪਾਦਕ ਅਤੇ ਉਪਭੋਗਤਾ ਹੈ। ਪੂਰੇ ਵਿਸ਼ਵ ਦੀ ਅੰਬਾਂ ਦੀ ਫਸਲ ਵਿਚ ਭਾਰਤ ਦਾ 40% ਯੋਗਦਾਨ ਹੈ।

ਪੰਜਾਬੀ ਵਿਸ਼ਵਕੋਸ਼ ਅਨੁਸਾਰ ਬਾਗਾਂ ਵਿਚ ਲਗਾਏ ਗਏ ਅੰਬਾਂ ਦੀਆਂ 1400 ਕਿਸਮਾਂ ਦੀ ਜਾਣਕਾਰੀ ਮਿਲਦੀ ਹੈ (ਕਈ ਥਾਂ ਇਹ ਅੰਕੜਾ 1500 ਵੀ ਹੈ)। ਇਨ੍ਹਾਂ ਤੋਂ ਇਲਾਵਾ ਕਈ ਜੰਗਲੀ ਤੇ ਦਾਬ ਨਾਲ ਲਗਣ ਵਾਲੀਆਂ ਕਿਸਮਾਂ ਵੀ ਹਨ। ਅੰਬ ਸਾਡੇ ਸਭਿਆਚਾਰ, ਲੋਕਧਾਰਾ ਅਤੇ ਵਿਰਾਸਤ ਦਾ ਅਨਿੱਖੜਵਾਂ ਅੰਗ ਹੈ। ਇਸ ਦੀ ਧਾਰਮਿਕ, ਅਧਿਆਤਮਕ ਅਤੇ ਸਿਹਤ ਸਬੰਧੀ ਬੜੀ ਮਹਾਨਤਾ ਅਤੇ ਮਹੱਤਤਾ ਹੈ। ਕਿਹਾ ਜਾਂਦਾ ਹੈ ਕਿ ਵਰਿਸ਼ਕਾ, ਲਖਸ਼ਮੀ, ਗੋਵਰਧਨ ਅਤੇ ਜਨਣ ਸ਼ਕਤੀ ਦਾ ਦੇਵਤਾ 'ਆਮ' ਵਿਚ ਨਿਵਾਸ ਕਰਦੇ ਹਨ। ਸ਼ਗਨਾਂ ਵੇਲੇ ਅੰਬ ਦੇ ਪੱਤੇ ਘਰ ਦੇ ਪ੍ਰਵੇਸ਼ ਦੁਆਰ ਉਪਰ ਬੰਨੇ ਜਾਂਦੇ ਹਨ। ਬਰਖਾ ਦੇ ਦੇਵਤਾ ਵਰੁਨ ਦੀ ਪੂਜਾ ਵੇਲੇ ਇਸ ਦੀ ਵਰਤੋਂ ਹੁੰਦੀ ਹੈ। 'ਹੋਮਾ ਕੁੰਡਮ' (ਸੰਸਕ੍ਰਿਤ ਸ਼ਬਦ ਜਿਸ ਦਾ ਅਰਥ ਪਵਿੱਤਰ ਅਗਨੀ ਵਿਚ ਅੰਬਾਂ ਦੇ ਪੱਤਿਆਂ ਰਾਹੀਂ ਘੀ ਪਾਉਣ ਦੀ ਰਸਮ ਅਦਾ ਕਰਨਾਂ ਹੈ) ਤੇ ਸਰਸਵਤੀ ਪੂਜਾ ਵੇਲੇ ਵੀ ਪੱਤੇ ਵਰਤੇ ਜਾਂਦੇ ਹਨ।

ਅੰਬ ਸਿਹਤ-ਵਰਧਕ ਵੀ ਹੈ। ਇਹ ਵਿਟਾਮਿਨ ਏ, ਸੀ ਅਤੇ ਡੀ ਦਾ ਬਹੁਤ ਹੀ ਵਧੀਆਂ ਸਰੋਤ ਹੈ। ਅੰਬਾਂ ਦੇ ਪੱਤੇ ਸੜਨ ਨਾਲ ਹੋਏ ਜ਼ਖਮਾਂ, ਜਾਂ ਉਬਲਦੇ ਪਾਣੀ ਵਿਚ ਝੁਲਸਣ ਕਾਰਨ ਹੋਏ ਜ਼ਖਮਾਂ ਅਤੇ ਡਾਇਬਿਟੀਜ਼ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਹ ਹਾਜ਼ਮੇਦਾਰ, ਕਬਜ਼-ਕੁਸ਼ਾ ਅਤੇ ਤਾਕਤ ਦੇਣ ਵਾਲਾ ਹੁੰਦੈ। ਇਸ ਵਿਚ



ਫਾਈਬਰ ਅਤੇ ਐਂਟੀ-ਆਕਸੀਡੈਂਟ ਹੁੰਦੇ ਹਨ। ਇਹ ਅੱਖਾਂ ਅਤੇ ਰੋਗ ਨਿਰੋਧਕ ਸ਼ਕਤੀ ਲਈ ਵੀ ਲਾਭਦਾਇਕ ਹੈ। ਅੰਬ ਦਾ ਅਕਸ ਚਿੱਤਰਕਲਾ/ਕੋਮਲ ਕਲਾਵਾਂ ਵਿਚ ਆਧਾਰੀ ਗੁਣ ਵਜੋਂ ਸ਼ਾਮਲ ਕੀਤਾ ਜਾਂਦੈ, ਬੁਣਾਈ, ਕਢਾਈ, ਮਹਿੰਦੀ, ਰੰਗੋਲੀ ਦੇ ਡਿਜ਼ਾਇਨਾਂ ਵਿਚ ਵਰਤਿਆ ਜਾਂਦੈ। ਅੰਬ ਦੀ ਲੱਕੜ ਵੀ ਕਈ ਥਾਂ ਕੰਮ ਆਉਂਦੀ ਹੈ।

ਜਿਥੇ ਐਲਫੌਂਜ਼ੋ, ਸਫੈਦਾ, ਸਿੰਧੂਰੀ, ਦੁਸਹਿਰੀ, ਮਾਲਦਾ, ਫਾਜ਼ਲੀ, ਲੰਗੜਾ, ਹਾਫੂਜ਼, ਕੇਸਰ, ਚੌਸਾ, ਸਹਾਰਨਪੁਰੀ, ਲਖਨਵੀ, ਤੋਤਾਪਰੀ ਸਮੇਤ ਹੋਰ ਅਨੇਕਾਂ ਅੰਬ ਚੂਪਣ ਲਈ ਵਰਤੇ ਜਾਂਦੇ ਹਨ ਓਥੇ ਰਾਮਕੇਲਾ ਆਚਾਰ ਪਾਏ ਜਾਣ ਲਈ ਚਹੇਤਾ ਹੈ। ਡੈਜ਼ਰਟਸ, ਮਿਲਕ ਸ਼ੇਕ, ਸ਼ਰਬਤ, ਕੁਲਫੀ, ਆਈਸ ਕਰੀਮ ਆਦਿ 'ਚ ਪੱਕੇ ਅੰਬ ਵਰਤੇ ਜਾਣ ਤੋਂ ਇਲਾਵਾ ਕੱਚੇ ਅੰਬਾਂ ਦਾ ਆਚਾਰ, ਅੰਬ ਪਾਪੜ, ਅੰਬਚੂਰ, ਛਾਸ਼ੀਆ, ਮੁਰੱਬਾ, ਖਟ-ਮਿੱਠੀ ਚਟਨੀ ਆਦਿ ਬਣਾਏ ਜਾਂਦੇ ਹਨ।

ਫਾਰਸੀ ਸ਼ਾਇਰ ਅਮੀਰ ਖੁਸਰੋ (1253-1325) ਇਸ ਨੂੰ 'ਨਗਜ਼ਾ ਤਾਰੀਨ ਮੇਵਾ ਹਿੰਦੁਸਤਾਨ' ਸਦਦਾ ਸੀ। ਉਹ ਅੰਬ ਨੂੰ ਇਕ ਅਜਿਹਾ ਮਹਿਬੂਬ ਕਹਿੰਦੈ ਜੋ ਉਸ ਦੇ ਸ਼ਹਿਰ ਸਾਲ ਵਿਚ ਇਕ ਵਾਰ ਆਉਂਦੈ, ਜਿਸ ਉਪਰ ਉਹ ਆਪਣਾ ਸਾਰਾ ਪੈਸਾ ਲੋਟਾ ਦਿੰਦੈ ਅਤੇ ਜੋ ਉਸ ਦੇ ਮੂੰਹ ਨੂੰ ਬੋਸਿਆਂ(ਚੁੰਮਣਾਂ) ਅਤੇ ਅੰਮ੍ਰਿਤਰਸ ਨਾਲ ਭਰ ਦਿੰਦੈ! ਮੁਗਲ ਸ਼ਹਿਨਸ਼ਾਹ ਇਸ ਨੂੰ ਦੈਵੀ ਫਲ ਕਹਿੰਦੇ ਸਨ ਅਤੇ ਦੂਸਰੇ ਮੁਲਕਾਂ ਤੋਂ ਆਏ ਵਿਸ਼ੇਸ਼ ਮਹਿਮਾਨਾਂ ਨੂੰ ਅੰਬਾਂ ਦੇ ਤੋਹਫੇ ਦੇ ਕੇ ਅੰਬ ਨੂੰ ਕੂਟਨੀਤੀ ਦੇ ਸਾਧਨ ਵਜੋਂ ਵਰਤਦੇ ਸਨ। ਸੌਗਾਤ ਦੇ ਤੌਰ ਤੇ ਅੰਬਾਂ ਦੇ ਤੋਹਫੇ ਅੱਜਕਲ੍ਹ ਵੀ ਦਿੱਤੇ ਜਾਂਦੇ ਹਨ। ਹੁਣ ਦਿੱਲੀ ਸਮੇਤ ਵੱਡੇ ਵੱਡੇ ਸ਼ਹਿਰਾਂ ਵਿਚ ਅੰਬਾਂ ਦੇ ਫੈਸਟੀਵਲ ਲਗਣ ਲਗ ਪਏ ਹਨ।

ਅੰਬ ਵੱਖ ਵੱਖ ਆਕਾਰ ਅਤੇ ਸ਼ਕਲਾਂ ਦੇ ਹੁੰਦੇ ਹਨ। ਕਈ ਅੰਡਾਕਾਰ, ਕਈ ਗੋਲ, ਦਿਲ ਦੀ ਸ਼ਕਲ ਦੇ, ਕਈ ਪਤਲੇ ਤੇ ਕਈ ਵਡ-ਆਕਾਰੀ। ਛੋਟੇ ਤੋਂ ਛੋਟਾ ਅੰਬ ਅਲੂਚੇ ਜਿਡਾ ਅਤੇ ਵਡੇ ਤੋਂ ਵਡਾ ਅੰਬ ਦੋ-ਢਾਈ ਕਿਲੋ ਦਾ ਹੋ ਸਕਦੈ। ਅੰਬ ਦਾ ਸਦਾਬਹਾਰ ਪੌਦਾ 50-60 ਫੁੱਟ ਲੰਮਾ ਹੁੰਦੈ। ਇਸ ਦੇ ਫੁਲ ਬੁਹਤ ਛੋਟੇ 2 ਅਤੇ ਗੁਲਾਬੀ-ਭਾ ਮਾਰਵੇਂ ਗੁੱਛੇਦਾਰ ਹੁੰਦੇ ਹਨ। ਭਾਂਵੇਂ ਅੰਬ ਗਿਟਕ ਤੋਂ ਵੀ ਉੱਗ ਪੈਂਦੈ ਪਰ ਇਸ ਨੂੰ ਲਗਾਉਣ ਦੀਆਂ ਪ੍ਰਚੱਲਤ ਵਿਧੀਆਂ ਕਲਮ, ਦਾਬ ਜਾਂ ਚਕਲੀ-ਕੱਢ ਹੀ ਹਨ। ਅੰਬ ਆਪਣੇ ਖੁਸ਼ਬੂਦਾਰ ਸਵਾਦ/ਮਿਠਾਸ ਅਤੇ ਖੁਮਾਰੀਜਨਕ/ਨਸ਼ੀਲੇ ਰੰਗਾਂ ਕਾਰਨ ਘਰ ਘਰ ਦਾ ਲਾਡਲਾ ਫਲ ਹੈ। ਪਰ ਇਸ ਵਾਰ ਚੰਗੀ ਕੁਆਲਟੀ ਦੇ ਅੰਬਾਂ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਹਨ ਅਤੇ ਆਮ ਆਦਮੀ ਨੂੰ ਐਤਕੀਂ ਦੇਸੀ 'ਆਮ' ਨਾਲ ਹੀ ਬੁੱਤਾ ਸਾਰਨਾ ਪੈਣੈ।

ਅੰਬ ਬਾਰੇ ਕਈ ਅਖਾਣ/ਮੁਹਾਵਰੇ/ਲੋਕ-ਬੋਲੀਆਂ ਪ੍ਰਚੱਲਤ ਹਨ-ਅੰਬ ਖਾਣੇ ਨੇ ਕਿ ਪੇੜ ਗਿਣਨੇ ਨੇ, ਅੰਬ ਵੱਢ ਅੱਕਾਂ ਨੂੰ ਵਾੜ ਦੇਣੀ, ਅੰਬਾਂ ਵਿਚੋਂ ਅੱਕ, ਅੰਬੀ ਛਾਵ/ਅੰਬੀ ਛਾਵੜੀ(ਭਾਵ ਨਿਤ ਅਨੰਦ)-'ਜਿੰਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹ ਜੀਉ'।। ਅੰਬਾਂ ਨੂੰ ਵੱਢ ਕੇ ਅੱਕਾਂ ਨਾਲ ਜੀ-ਪਰਚਾਵਾ, ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਲਹਿੰਦੀ/ਤੋਤਿਆਂ ਨੂੰ ਬਾਗ ਬਥੇਰੇ ਅੰਬਾਂ ਦਾ ਮਾਣ ਨਾਂ ਕਰੀਂ, ਅੰਬੀਆਂ ਨੂੰ ਤਰਸੇਂਗੀ ਛਡ ਕੇ ਦੇਸ ਦੁਆਬਾ, ਅੰਬਾਂ ਤੇ ਤੂਤਾਂ ਦੀ ਠੰਢੀ ਠੰਢੀ ਛਾਂ/ਜੀ ਬਾਪੂ ਆ ਜਾਣਾ, ਅੰਬਾਂ ਦੀ ਟਾਹਣੀ ਤੋਤਾ ਬੈਠਾ, ਅੰਬ ਪੱਕਣ ਨਾਂ ਦੇਵੇ/ਸੋਹਣੀ ਭਾਬੋ ਨੂੰ ਦਿਉਰ ਵਸਣ ਨਾਂ ਦੇਵੇ, ਅੰਬੀ ਦਾ ਬੂਟਾ ਹਰਿਆ ਵੇ ਢੋਲਿਆ, /ਸਾਡੇ ਬਨੇਰੇ ਕਾਂ ਵੀ ਨਾਂ ਬੋਲਿਆ, ਅੰਬ ਕੋਲੇ ਇਮਲੀ ਅਨਾਰ ਕੋਲੇ ਟਾਹਲੀ, ਅਕਲ ਬਿਨਾਂ ਨੀ ਗੋਰਾ ਰੰਗ ਖਾਲੀ, ਤੂੰ ਤਾਂ ਭਾਬੀ ਅੰਬ ਦਾ ਬੂਟਾ, ਮੈਂ ਕੇਲਾ ਬਣ ਜਾਂਵਾਂ, ਅੰਬਾਂ ਤੇ ਤੂਤਾਂ ਦੀ ਠੰਡੀ ਛਾਂ, ਛਾਂ ਜੀ ਕੋਈ ਪਰਦੇਸੀ ਯੋਗੀ ਆਣ ਲੱਥੇ, ਆਮ ਕੇ ਆਮ ਗੁਠਲੀਉਂ ਕੇ ਦਾਮ, ਚੱਲ ਮਾਲਬੇ ਦੇਸ ਨੂੰ ਚੱਲੀਏ, ਜਿਥੇ ਕਿੱਕਰਾਂ ਨੂੰ ਅੰਬ ਲਗਦੇ ਆਦਿ।

ਰਾਬਿੰਦਰਾਨਾਥ ਟੈਗੋਰ ਨੇ ਅੰਬ ਬਾਰੇ ਕਈ ਕਵਿਤਾਵਾਂ ਲਿਖੀਆਂ, ਸਮੇਤ ਉਸ ਦੀ ਮਸ਼ਹੂਰ ਰਚਨਾਂ 'ਆਮਰ ਮੌਨਜੋਰੀ' ਦੇ। ਪਰ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦਾ ਕੋਈ ਜਵਾਬ ਨਹੀਂ! ਇਸ ਲੰਮੀ ਕਵਿਤਾ ਵਿਚੋਂ ਸਿਰਫ ਸੰਕੇਤ ਮਾਤਰ ਸਤਰਾਂ ਪੇਸ਼ ਹਨ-

"ਇਕ ਬੂਟਾ ਅੰਬੀ ਦਾ, /ਘਰ ਸਾਡੇ ਲਗਾ ਨੀ,



Sri Satguru Jagjit Singh Ji eLibrary NamdhariElibrary@gmail.com

/ਕੀ ਉਸ ਦਾ ਕਹਿਣਾ ਨੀ, /ਵੇਹੜੇ ਦਾ ਗਹਿਣਾ ਨੀ, /ਪਰ ਮਾਹੀ ਬਾਝੋਂ ਨੀ, /ਪਰਦੇਸੀ ਬਾਝੋਂ ਨੀ, /ਇਹ ਮੈਨੂੰ ਵਡਦਾ ਏ, /ਤੇ ਖੱਟਾ ਲਗਦਾ ਏ, /...ਕੋਇਲ ਦੀਆਂ ਕੂਕਾਂ ਨੀ, / ਮਾਰਨ ਬੰਦੂਕਾਂ ਨੀ...''।

ਗੁਰਬਾਣੀ/ਭਾਈ ਗੁਰਦਾਸ ਦੀ ਬਾਣੀ ਵਿਚ ਵੀ ਅੰਬ ਦਾ ਜ਼ਿਕਰ ਹੈ-

''ਕੋਕਿਲ ਅੰਬ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ''।।
-''ਅੰਬਾਂ ਸਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਏ''।।
-''ਮਉਲੇ ਅੰਬ ਬਸੰਤ ਰੁਤਿਸ਼''।।
-''ਕੋਕਿਲ ਹੋਵਾਂ ਅੰਬਿ ਬਸਾਂਸ਼।।

ਅੰਬਾਲਾ ਸ਼ਹਿਰ ਦਾ ਨਾਮ ਵੀ ਇਥੇ ਪਹਿਲਿਆਂ ਵੇਲਿਆਂ ਵੇਲੇ ਅੰਬਾਂ ਦੇ ਬਾਗ ਹੋਣ ਕਾਰਨ ਪਿਆ। ਮੁਹਾਲੀ ਵਿਚ ਗੁਰਦੁਵਾਰਾ ਅੰਬ ਸਾਹਿਬ ਹੈ। ਪੇਂਦ/ਪਿਉਂਦ ਨਾਲ ਅੰਬ ਲਗਾਉਣ ਦੀ ਵਿਧੀ ਪੁਰਤਗਾਲੀਆਂ ਨੇ ਚਲਾਈ। ਅੰਤਰ-ਰਾਸ਼ਟਰੀ ਪ੍ਰਸਿੱਧੀ ਦਾ ਐਲਫੌਂਜ਼ੋ ਅੰਬ ਗੋਆ ਦੇ ਪਹਿਲੇ ਪੁਰਤਗਾਲੀ ਡਿਯੂਕ ਅਤੇ ਫੌਜੀ ਜਰਨੈਲ ਐਫੌਂਜ਼ੋ ਦ ਅੱਲਬੁਕੁਅਰਕ ਦੇ ਨਾਮ 'ਤੇ ਰਖਿਆ ਗਿਆ। ਅਮਰਪਾਲੀ ਅੰਬ ਇਸੇ ਹੀ ਨਾਮ ਦੀ ਵੈਸ਼ਾਲੀ ਦੀ ਅਪਸਰਾ ਉੱਪਰ ਰਖਿਆ ਗਿਆ। ਕੇਸਰ ਅੰਬ ਜੂਨਾਗੜ੍ਹ (ਗੁਜਰਾਤ) ਦੇ ਨਵਾਬ ਨੇ 1931 ਵਿਚ ਪਹਿਲੀ ਵਾਰ ਬੀਜਿਆ। ਹੋਰ ਤਾਂ ਹੋਰ, ਨਾਮਵਰ ਅੰਬ ਉਤਪਾਦਕ ਹਾਜੀ ਕਲੀਮਉੱਲਾ ਨੇ 'ਮੋਦੀ ਮੈਂਗੋ' ਦੀ ਕਿਸਮ ਬਣਾਈ ਹੈ! ਕਲਕੱਤਾ ਦੇ ਹੁਸਨੇਆਰਾ ਅਤੇ ਲਖਨਊ ਦੇ ਦੁਸਹਿਰੀ ਅੰਬਾਂ ਦੀ ਕਰਾਸ-ਬਰੀਡ ਕਰਕੇ ਇਹ ਕਿਸਮ ਤਿਆਰ ਕੀਤੀ ਗਈ ਹੈ।

ਅੰਬ ਦੇ ਬੂਟੇ ਉਪਰ ਪੱਕੇ ਅੰਬ ਦੇਖਣ ਦਾ ਆਪਣਾ ਹੀ ਰੁਮਾਂਸ ਹੈ। ਸਾਨੂੰ ਇਹ ਦ੍ਰਿਸ਼ ਬੜਾ ਹੀ ਵਿਸਮਾਦ ਕਰ ਦਿੰਦੈ। ਅਸੀਂ ਤਾਂ ਆਪਣੀ ਸ਼ਰੀਕੇ-ਹਯਾਤ ਨੂੰ ਇਹ ਕਹਿ ਛਡਿਐ ਕਿ ਜੇ ਅਸੀਂ ਅੰਬਾਂ ਦੇ ਮੌਸਮ ਵਿਚ ਚਲ ਵਸੇ ਤਾਂ ਉਹ ਸਾਡੀ ਅਰਥੀ ਨਾਲ 5-7 ਅੰਬ ਜ਼ਰੂਰ ਰਖ ਦੇਵੇ। ਉਸ ਨੇ ਵੀ ਸਾਨੂੰ ਦਸ ਛਡਿਐ ਕਿ ਜੇ ਉਹ ਪਹਿਲਾਂ ਤੁਰ ਗਈ(ਜਿਸ ਦਾ ਚਾਂਸ ਬੜਾ ਘਟ ਹੈ) ਤਾਂ ਅਸੀਂ ਉਸ ਦੀ ਅਰਥੀ ਨਾਲ ਕੀ ਰਖੀਏ।

ਮੁਗਲਾਂ ਨੂੰ ਅੰਬਾਂ ਨਾਲ ਐਨਾਂ ਮੋਹ ਸੀ ਕਿ ਕਹਿੰਦੇ ਹਨ ਕਿ ਸ਼ਾਹ ਜਹਾਂ ਵਲੋਂ ਦੱਖਣ ਵਿਚ ਲਗਾਏ ਗਏ ਅੰਬਾਂ ਦੇ ਫਲ ਉਸ ਦਾ ਪੁੱਤਰ ਔਰੰਗਜ਼ੇਬ, ਜੋ ਉਸ ਵੇਲੇ ਦੱਖਣ ਦਾ ਵਜ਼ੀਰ ਸੀ, ਜਦ ਆਪ ਹੀ ਡਕਾਰ ਗਿਆ ਤਾਂ ਅੱਗ ਬਗੂਲਾ ਹੋਏ ਸ਼ਹਿਨਸ਼ਾਹ ਨੇ ਉਸ ਨੂੰ 'ਘਰ-ਨਜ਼ਰਬੰਦੀ' ਦੀ ਸਜ਼ਾ ਦੇ ਮਾਰੀ!

ਇਹ ਵੀ ਕਿਹਾ ਜਾਂਦੈ ਕਿ ਬਾਬਰ ਮੇਵਾੜ ਦੇ ਰਾਣਾ ਸਾਂਘਾਂ ਨਾਲ ਲੜਨ ਤੋਂ ਕਤਰਾਉਂਦਾ ਸੀ ਪਰ ਉਸ ਦੇ ਹਮਾਇਤੀ ਦੌਲਤ ਖਾਂ ਲੋਧੀ ਨੇ ਉਸ ਦਾ ਅੰਬਾਂ ਦੀ ਮਹਿਮਾਮਈ ਮਹਿਕ ਅਤੇ ਮਿਕਨਾਤੀਸੀ ਸੁਆਦ ਨਾਲ ਤੁਆਰਫ ਕਰਵਾਇਆ ਤਾਂ ਉਹ ਜ਼ਰਾ ਟਿਕਾਉ 'ਚ ਆਇਆ। ਮਿਰਜ਼ਾ ਗਾਲਿਬ ਅੰਬਾਂ ਦਾ ਐਨਾਂ ਸ਼ੌਕੀਨ ਸੀ ਕਿ ਜੋ ਅੰਬ ਪਸੰਦ ਨਹੀਂ ਸਨ ਕਰਦੇ ਉਹ ਉਹਨਾਂ ਨੂੰ ਪਸੰਦ ਨਹੀਂ ਸੀ ਕਰਦਾ। ਉਸ ਬਾਰੇ ਇਕ ਦੰਦ-ਕਥਾ ਮਸ਼ਹੂਰ ਹੈ ਕਿ ਇਕ ਗਧੇ ਵਲੋਂ ਅੰਬਾਂ ਦੀ ਢੇਰੀ ਸੁੰਘ ਕੇ ਛਡ ਜਾਣ ਤੇ ਕਿਸੇ ਨੇ ਉਸ ਨੂੰ ਟਿੱਚਰ ਵਜੋਂ ਕਿਹਾ ਕਿ ਮਿਰਜ਼ਾ ਦੇਖੋ! ਗਧੇ ਵੀ ਅੰਬ ਨਹੀਂ ਖਾਂਦੇ। ਹਾਜ਼ਰ-ਜਵਾਬ ਗਾਲਿਬ ਨੇ ਤੁਰੰਤ ਮੋੜਵਾਂ ਤੋੜਾ ਕੱਸਿਆ-ਹਾਂ ਜਨਾਬ, ਗਧੇ ਵਾਕਿਆ ਈ ਅੰਬ ਨਹੀਂ ਖਾਂਦੇ!

ਗਾਲਿਬ ਦਾ ਸੰਸਮਰਨਕਾਰ ਅਲਤਾਫ ਹੁਸੈਨ ਹਾਲੀ ਲਿਖਦੈ ਕਿ ਮਿਰਜ਼ਾ ਇਕ ਦਿਨ ਬਹਾਦਰਸ਼ਾਹ ਜ਼ਫਰ, ਜੋ ਆਪਣੇ ਦਰਬਾਰੀਆਂ ਨਾਲ ਆਪਣੇ ਸ਼ਾਹੀ ਬਾਗ ਵਿਚ ਸੈਰ ਕਰ ਰਿਹਾ ਸੀ, ਦੇਖਦੈ ਕਿ ਅਚਾਨਕ ਗਾਲਿਬ ਅੰਬਾਂ ਦੀਆਂ ਟੀਸੀਆਂ ਵਲ ਦੇਖਣ ਲਗ ਪਿਐ। ਬਾਦਸ਼ਾਹ ਵਲੋਂ ਪੁੱਛਣ ਤੇ ਗਾਲਿਬ ਨੇ ਕਿਹਾ ਕਿ ਇਕ ਬੜੇ ਮਸ਼ਹੂਰ ਸ਼ਾਇਰ ਨੇ ਲਿਖਿਐ ਕਿ ਹਰ ਅੰਬ ਉਪਰ ਉਸ ਦੇ ਮਾਲਿਕ ਦਾ ਨਾਮ ਲਿਖਿਆ ਹੁੰਦੈ। ਮੈਂ ਦੇਖ ਰਿਹਾਂ ਕਿ ਕਿਸ ਅੰਬ ਉਪਰ ਮੇਰਾ ਜਾਂ ਮੇਰੇ ਬਾਪ-ਦਾਦਾ ਦਾ ਨਾਮ ਲਿਖਿਐ! ਬਾਦਸ਼ਾਹ ਮੁਸਕਰਾਇਆ ਅਤੇ ਸ਼ਾਮ ਨੂੰ ਵਧੀਆ 2 ਅੰਬਾਂ ਦੀ ਟੋਕਰੀ ਗਾਲਿਬ ਦੇ ਘਰ ਭੇਜ ਦਿਤੀ! ਉਰਦੂ ਸ਼ਾਇਰ ਅਕਬਰ ਇਲਾਹਾਬਾਦੀ ਦੀ ਜ਼ਰਾ ਅੰਬਾਂ ਬਾਰੇ ਆਸ਼ਕੀ ਦੇਖੋ-

''ਨਾਮਾ ਨਾ ਕੋਈ ਯਾਰ ਕੋ ਪੈਗਾਮ ਭੇਜੀਏ,
ਇਸ ਫਸਲ ਮੇਂ ਕੁਛ ਭੇਜੀਏ ਤੋ ਬਸ ਆਮ ਭੇਜੀਏ।
ਐਸੇ ਜ਼ਰੂਰ ਹੋਂ ਕੀ ਉਨ ਕੋ ਰਖ ਕੇ ਖਾ ਸਕੂੰ,
ਪੁਖਤਾ (ਪੱਕੇ) ਅਗਰ ਹੋਂ ਬੀਸ ਤੋ ਦਸ ਖਾਮ (ਕੱਚੇ) ਭੇਜੀਏ''।

# ਪੁੰਗਰਦੇ ਲੇਖਕਾਂ ਦਾ ਕਵਿਤਾ ਸੰਗ੍ਰਹਿ ਸਿਰਜਕ ਗੁਰਭਜਨ ਗਿੱਲ ਨੂੰ ਲੁਧਿਆਣਾ 'ਚ ਭੇਟ



ਲੁਧਿਆਣਾ : ਨਾਭਾ ਵੱਸਦੇ ਪੰਜਾਬੀ ਕਵੀ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਪ੍ਰਕਾਸ਼ਨ ਘਰ ਪ੍ਰੀਤ ਪਬਲੀਕੇਸ਼ਨ ਦੇ ਮਾਲਕ ਸੁਰਿੰਦਰਜੀਤ ਚੌਹਾਨ ਵੱਲੋਂ ਸੰਪਾਦਿਤ ਪੁੰਗਰਦੇ ਪੰਜਾਬੀ ਕਵੀਆਂ ਦਾ ਸਾਂਝਾ ਕਾਵਿ ਸੰਗ੍ਰਹਿ ਸਿਰਜਕ ਦੀ ਬੀਤੇ ਦਿਨੀਂ ਲੁਧਿਆਣਾ ਵਿੱਚ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਗਿੱਲ ਨੇ ਪਹਿਲੀ ਕਾਪੀ ਪ੍ਰਾਪਤ ਕੀਤੀ। ਇਸ ਪੁਸਤਕ ਵਿੱਚ ਪੰਜਾਹ ਤੋਂ ਵੱਧ ਨਵੇਂ ਕਵੀਆਂ ਤੇ ਕਵਿੱਤਰੀਆਂ ਦਾ ਕਲਾਮ ਸ਼ਾਮਿਲ ਹੈ।

ਗੁਰਭਜਨ ਗਿੱਲ ਨੇ ਸੁਰਿੰਦਰਜੀਤ ਚੌਹਾਨ ਨੂੰ ਨਵੇਂ ਕਵੀਆਂ ਦੀਆਂ ਕਵਿਤਾਵਾਂ ਸੰਗ੍ਰਹਿਤ ਕਰਨ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰੀਤ ਪਬਲੀਕੇਸ਼ਨ ਵੱਲੋਂ ਨਵੀਆਂ ਕਰੂੰਬਲਾਂ ਨੂੰ ਸੰਭਾਲਣ ਦਾ ਮਹਾਨ ਕਾਰਜ ਕੀਤਾ ਜਾ ਰਿਹਾ ਹੈ ਜੋ ਕਿ ਸ਼ਲਾਘਾ ਯੋਗ ਹੈ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਬਲਵਿੰਦਰ ਸਿੰਘ ਸੰਧੂ ਤੇ ਤ੍ਰੈਲੋਚਨ ਲੋਚੀ ਵੀ ਹਾਜ਼ਰ ਸਨ।


Sri Satguru Jagjit Singh Ji eLibrary NamdhariElibrary@gmail.com

# ਦਰੋਪਦੀ ਮੁਰਮੂ : ਕਲਰਕ ਤੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣੀ ਔਰਤ ਦਾ ਪਿਛੋਕੜ




ਝਾਰਖੰਡ ਦੀ ਸਾਬਕਾ ਰਾਜਪਾਲ ਤੇ ਆਦਿਵਾਸੀ ਨੇਤਾ ਦਰੋਪਦੀ ਮੁਰਮੂ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐੱਨ.ਡੀ.ਏ. ਗਠਜੋੜ ਨੇ ਰਾਸ਼ਟਰਪਤੀ ਅਹੁਦੇ ਲਈ ਆਪਣਾ ਉਮੀਦਵਾਰ ਬਣਾਇਆ ਹੈ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇ.ਪੀ. ਨੱਡਾ ਨ 21 ਜੂਨ ਨੂੰ ਇਸ ਦਾ ਐਲਾਨ ਕੀਤਾ। ਜੇ.ਪੀ. ਨੱਡਾ ਨੇ ਦੱਸਿਆ ਕਿ ਪਹਿਲੀ ਵਾਰ ਕਿਸੇ ਆਦਿਵਾਸੀ ਮਹਿਲਾ ਉਮੀਦਵਾਰ ਨੂੰ ਤਰਜੀਹ ਦਿੱਤੀ ਗਈ ਹੈ। ਜੇ ਦਰੋਪਦੀ ਮੁਰਮੂ ਰਾਸ਼ਟਰਪਤੀ ਅਹੁਦੇ ਦੀ ਚੋਣ ਜਿੱਤਦੇ ਹਨ ਤਾਂ ਉਹ ਦੇਸ਼ ਦੇ ਪਹਿਲੇ ਆਦਿਵਾਸੀ ਮਹਿਲਾ ਰਾਸ਼ਟਰਪਤੀ ਹੋਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦ੍ਰੋਪਦੀ ਮੁਰਮੂ ਬਾਰੇ ਲਿਖਿਆ, "ਦਰੋਪਦੀ ਮੁਰਮੂ ਨੇ ਆਪਣਾ ਜੀਵਨ ਸਮਾਜ ਸੇਵਾ ਤੇ ਗਰੀਬਾਂ, ਦਬੇ ਕੁੱਚਲਿਆਂ ਅਤੇ ਹਾਸ਼ੀਏ ਉੱਤੇ ਰਹਿਣ ਵਾਲੇ ਲੋਕਾਂ ਨੂੰ ਸਮਰਪਿਤ ਕੀਤਾ ਹੈ।" "ਉਨ੍ਹਾਂ ਨੂੰ ਚੰਗਾ ਪ੍ਰਸ਼ਾਸਨਿਕ ਤਜਰਬਾ ਹੈ ਅਤੇ ਉਨ੍ਹਾਂ ਦਾ ਰਾਜਪਾਲ ਵਜੋਂ ਸ਼ਾਨਦਾਰ ਕਾਰਜਕਾਲ ਰਿਹਾ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਉਹ ਦੇਸ਼ ਦੇ ਮਹਾਨ ਰਾਸ਼ਟਰਪਤੀ ਹੋਣਗੇ।"

ਦਰੋਪਦੀ ਮੁਰਮੂ ਓਡੀਸ਼ਾ ਦੇ ਮਯੂਰਭੰਜ ਜ਼ਿਲ੍ਹੇ ਤੋਂ ਹਨ ਅਤੇ ਸੰਥਾਲ ਆਦਿਵਾਸੀ ਭਾਈਚਾਰੇ ਤੋਂ ਹਨ। 1979 ਵਿੱਚ ਉਨ੍ਹਾਂ ਨੇ ਭੁਵਨੇਸ਼ਵਰ ਦੇ ਰਮਾਦੇਵੀ ਕਾਲਜ ਤੋਂ ਬੀਏ ਪਾਸ ਕੀਤੀ ਸੀ। ਆਪਣਾ ਪੇਸ਼ਵਰ ਜੀਵਨ ਉਨ੍ਹਾਂ ਨੇ ਸਿੰਜਾਈ ਅਤੇ ਊਰਜਾ ਵਿਭਾਗ ਵਿੱਚ ਕਲਰਕ ਵਜੋਂ ਸ਼ੁਰੂ ਕੀਤਾ। ਸਾਲ 1997 ਵਿੱਚ ਕੌਂਸਲਰ ਦੀ ਚੋਣ ਜਿੱਤ ਕੇ ਉਹ ਓਡੀਸ਼ਾ ਵਿੱਚ ਰਾਇਰੰਗਪੁਰ ਦੇ ਉਪ-ਸਰਪੰਚ ਬਣੇ ਸਨ। ਇਸੇ ਸਾਲ ਉਨ੍ਹਾਂ ਨੂੰ ਭਾਜਪਾ ਦੇ ਐੱਸ.ਟੀ. ਮੋਰਚਾ ਦਾ ਸੂਬਾ ਪ੍ਰਧਾਨ ਚੁਣਿਆ ਗਿਆ ਸੀ। ਉਹ ਮਯੂਰਭੰਜ ਦੇ ਰਾਇਰੰਗਪੁਰ ਤੋਂ ਭਾਜਪਾ ਦੀ ਟਿਕਟ ਉੱਤੇ ਦੋ ਵਾਰ (2000-2009) ਵਿੱਚ ਵਿਧਾਇਕ ਬਣੇ ਸਨ। ਉਹ 2000 ਤੋਂ 2004 ਤੱਕ ਨਵੀਨ ਪਟਨਾਇਕ ਦੇ ਮੰਤਰੀ ਮੰਡਲ ਵਿੱਚ ਵੀ ਰਹੇ। ਦਰੋਪਦੀ ਮੁਰਮੂ 2015 ਤੋਂ 2021 ਤੱਕ ਝਾਰਖੰਡ ਦੀ ਪਹਿਲੀ ਮਹਿਲਾ ਰਾਜਪਾਲ ਉਹ ਵੀ ਆਦਿਵਾਸੀ ਭਾਈਚਾਰੇ ਤੋਂ ਰਹੇ।

## ਕੀ ਖਾਸ ਹੈ ਦਰੋਪਦੀ ਮੁਰਮੂ ਵਿੱਚ

21 ਜੂਨ ਦੀ ਦੇਰ ਸ਼ਾਮ ਜਦੋਂ ਭਾਜਪਾ ਨੇ ਰਾਸ਼ਟਰਪਤੀ ਚੋਣਾਂ ਲਈ ਐੱਨ.ਡੀ.ਏ. ਦੇ ਉਮੀਦਵਾਰ ਵਜੋਂ ਦਰੋਪਦੀ ਮੁਰਮੂ ਦੇ ਨਾਮ ਦਾ ਐਲਾਨ ਕੀਤਾ ਤਾਂ ਉਹ ਨਵੀਂ ਦਿੱਲੀ ਤੋਂ ਲਗਭਗ 1600 ਕਿੱਲੋਮੀਟਰ ਰਾਇਰੰਗਪੁਰ (ਓਡੀਸ਼ਾ) ਦੇ ਆਪਣੇ ਘਰ ਵਿੱਚ ਸਨ। ਇਸ ਤੋਂ ਇੱਕ ਦਿਨ ਪਹਿਲਾਂ 20 ਜੂਨ ਨੂੰ ਉਨ੍ਹਾਂ ਨੇ ਆਪਣਾ 64ਵਾਂ ਜਨਮ ਦਿਨ ਬੜੀ ਸਾਦਗੀ ਨਾਲ ਮਨਾਇਆ ਸੀ। ਉਸ ਸਮੇਂ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਮਹਿਜ਼ 24 ਘੰਟਿਆਂ ਬਾਅਦ ਉਹ ਦੇਸ਼ ਦੇ ਸਭ ਤੋਂ ਵੱਡੇ ਅਹੁਦੇ ਲਈ ਸੱਤਾਧਾਰੀ ਪੱਖ ਵੱਲੋਂ ਉਮੀਦਵਾਰ ਬਣਾਏ ਗਏ ਹਨ। ਆਪਣੀ ਉਮੀਦਵਾਰੀ ਦੇ ਐਲਾਨ ਤੋਂ ਬਾਅਦ ਉਨ੍ਹਾਂ ਨੇ ਸਥਾਨਕ ਮੀਡੀਆ ਨੂੰ ਕਿਹਾ, "ਮੈਂ ਹੈਰਾਨ ਹਾਂ ਅਤੇ ਖੁਸ਼ ਵੀ ਕਿਉਂਕਿ ਮੈਨੂੰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਗਿਆ ਹੈ। ਮੈਨੂੰ ਟੈਲੀਵਿਜ਼ਨ ਦੇਖ ਕੇ ਇਸ ਵਾਰੇ ਪਤਾ ਲੱਗਿਆ। ਰਾਸ਼ਟਰਪਤੀ ਇੱਕ ਸੰਵਿਧਾਨਕ ਅਹੁਦਾ ਹੈ ਅਤੇ ਜੇ ਮੈਂ ਇਸ ਲਈ ਚੁਣੀ ਗਈ ਤਾਂ ਮੈਂ ਸਿਆਸਤ ਤੋਂ ਵੱਖ ਹੋ ਕੇ ਦੇਸ ਦੇ ਲੋਕਾਂ ਲਈ ਕੰਮ ਕਰਾਂਗੀ। ਇਸ ਅਹੁਦੇ ਲਈ ਜੋ ਸੰਵਿਧਾਨਕ ਵਿਵਸਥਾਵਾਂ ਅਤੇ ਹੱਕ ਹਨ, ਮੈਂ ਉਨ੍ਹਾਂ ਦੇ ਮੁਤਾਬਕ ਕੰਮ ਕਰਨਾ ਚਾਹਾਂਗੀ। ਇਸ ਤੋਂ ਜ਼ਿਆਦਾ ਮੈਂ ਹੋਰ ਕੁਝ ਨਹੀਂ ਕਹਿ ਸਕਦੀ।" ਹਾਲਾਂਕਿ ਸਿਆਸੀ ਗਲਿਆਰਿਆਂ ਅਤੇ ਮੀਡੀਆ ਵਿੱਚ ਉਨ੍ਹਾਂ ਦੇ ਨਾਮ ਦੀਆਂ ਚਰਚਾਵਾਂ ਕਈ ਦਿਨਾਂ ਤੋਂ ਚੱਲ ਰਹੀਆਂ ਸਨ।

ਸਾਲ 2017 ਵਿੱਤ ਹੋਏ ਰਾਸ਼ਟਰਪਤੀ ਚੋਣਾਂ ਲਈ ਵੀ ਉਨ੍ਹਾਂ ਦੇ ਨਾਮ ਦੀ ਚਰਚਾ ਹੋਈ ਸੀ ਪਰ ਆਖਰੀ


Sri Satguru Jagjit Singh Ji eLibrary NamdhariElibrary@gmail.com



ਸਮੇਂ ਉੱਪਰ ਭਾਜਪਾ ਨੇ ਉਸ ਸਮੇਂ ਬਿਹਾਰ ਦੇ ਰਾਜਪਾਲ ਰਹੇ ਰਾਮਨਾਥ ਕੋਵਿੰਦ ਨੂੰ ਉਮੀਦਵਾਰ ਐਲਾਨ ਦਿੱਤਾ ਗਿਆ। ਰਾਮ ਨਾਥ ਕੋਵਿੰਦ ਉਹ ਚੋਣ ਜਿੱਤੇ ਵੀ ਅਤੇ ਬਤੌਰ ਰਾਸ਼ਟਰਪਤੀ ਉਨ੍ਹਾਂ ਦਾ ਕਾਰਜਕਾਲ 24 ਜੁਲਾਈ ਨੂੰ ਖ਼ਤਮ ਹੋ ਰਿਹਾ ਹੈ।

## ਕਦੇ ਕਲਰਕ ਵੀ ਰਹੇ ਹਨ ਦਰੋਪਦੀ ਮੁਰਮੂ

ਸਾਲ 1979 ਵਿੱਚ ਭੁਵਨੇਸ਼ਵਰ ਦੇ ਰਮਾਦੇਵੀ ਮਹਿਲਾ ਕਾਲਜ ਤੋਂ ਬੀ.ਏ. ਕਰਨ ਵਾਲੇ ਦਰੋਪਦੀ ਮੁਰਮੂ ਨੇ ਆਪਣੀ ਪੇਸ਼ੇਵਰ ਜ਼ਿੰਦਗੀ ਦੀ ਸ਼ੁਰੂਆਤ ਓਡੀਸਾ ਸਰਕਾਰ ਲਈ ਕਲਰਕ ਦੀ ਨੌਕਰੀ ਵਜੋਂ ਕੀਤੀ। ਉਸ ਸਮੇਂ ਉਹ ਸਿੰਚਾਈ ਅਤੇ ਊਰਜਾ ਵਿਭਾਗ ਵਿੱਚ ਜੂਨੀਅਰ ਸਹਾਇਕ ਸਨ। ਬਾਅਦ ਵਿੱਚ ਕਈ ਸਾਲ ਉਨ੍ਹਾਂ ਨੇ ਅਧਿਆਪਨ ਵੀ ਕੀਤਾ। ਉਨ੍ਹਾਂ ਨੇ ਰਾਇਸ਼ੰਕਰ ਦੇ ਸ਼੍ਰੀ ਅਰਬਿੰਦੋ ਇੰਟੀਗ੍ਰਲ ਐਜੂਕੇਸ਼ਨ ਐਂਡ ਰਿਸਰਚ ਸੈਂਟਰ ਵਿੱਚ ਔਨਰੇਰੀ ਅਧਿਆਪਕ ਵਜੋਂ ਪੜ੍ਹਾਇਆ। ਨੌਕਰੀ ਦੇ ਦਿਨਾਂ ਵਿੱਚ ਉਨ੍ਹਾਂ ਦੀ ਪਛਾਣ ਇੱਕ ਮਿਹਨਤੀ ਕਰਮਚਾਰੀ ਵਾਲੀ ਸੀ।

## ਸਿਆਸੀ ਜੀਵਨ

ਦਰੋਪਦੀ ਮੁਰਮੂ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਵਾਰਡ ਕਾਊਂਸਲਰ ਵਜੋਂ ਸਾਲ 1997 ਵਿੱਚ ਕੀਤੀ ਸੀ। ਉਸ ਸਮੇਂ ਉਹ ਰਾਇਰੰਗਪੁਰ ਨਗਰ ਪੰਚਾਇਤ ਦੀਆਂ ਚੋਣਾਂ ਵਿੱਚ ਐਮਸੀ ਚੁਣੇ ਗਏ ਅਤੇ ਫਿਰ ਨਗਰ ਪੰਚਾਇਤ ਵਿੱਚ ਉਪ-ਸਰਪੰਚ ਚੁਣ ਲਏ ਗਏ। ਉਸ ਤੋਂ ਬਾਅਦ ਉਹ ਸਿਆਸਤ ਵਿੱਚ ਲਗਾਤਾਰ ਅੱਗੇ ਵਧਦੇ ਚਲੇ ਗਏ ਅਤੇ ਰਾਏਰੰਗਪੁਰ ਵਿਧਾਨ ਸਭਾ ਸੀਟ ਤੋਂ ਭਾਜਪਾ ਦੇ ਟਿਕਟ ਉੱਪਰ ਦੋ ਵੀਰ ਵਿਧਾਇਕ (ਸਾਲ 2000 ਅਤੇ 2009) ਬਣੇ। ਪਹਿਲੀ ਵਾਰ ਵਿਧਾਇਕ ਬਣਨ ਤੋਂ ਬਾਅਦ ਉਹ ਸਾਲ 2000 ਤੋਂ 2004 ਤੱਕ ਨਵੀਨ ਪਟਨਾਇਕ ਦੀ ਕੈਬਨਿਟ ਵਿੱਚ ਸੁਤੰਤਰ ਪ੍ਰਭਾਰ ਦੇ ਰਾਜਮੰਤਰੀ ਰਹੇ। ਉਨ੍ਹਾਂ ਨੇ ਮੰਤਰੀ ਵਜੋਂ ਦੋ-ਦੋ ਸਾਲ ਤੱਕ ਵਣਜ ਅਤੇ ਟਰਾਂਸਪੋਰਟ ਵਿਭਾਗ ਅਤੇ ਮੱਛੀ ਪਾਲਣ ਤੋਂ ਇਲਾਵਾ ਪਸ਼ੂ ਰਿਸਰਚ ਵਿਭਾਗ ਸੰਭਾਲਿਆ। ਉਸ ਸਮੇਂ ਨਵੀਨ ਪਟਨਾਇਕ ਦੀ ਪਾਰਟੀ ਬੀਜੂ ਜਨਤਾ ਦਲ ਭਾਜਪਾ ਨਾਲ ਸਮਝੌਤਾ ਸਰਕਾਰ ਚਲਾ ਰਹੀ ਸੀ।

ਸਾਲ 2009 ਵਿੱਚ ਜਦੋਂ ਉਹ ਦੂਜੀ ਵਾਰ ਵਿਧਾਇਕ ਬਣੇ ਤਾਂ ਉਨ੍ਹਾਂ ਕੋਲ ਗੱਡੀ ਵੀ ਨਹੀਂ ਸੀ। ਉਨ੍ਹਾਂ ਦੀ ਕੁੱਲ ਜਮ੍ਹਾਂ ਪੂੰਜੀ ਉਸ ਸਮੇਂ ਸਿਰਫ਼ ਨੌਂ ਲੱਖ ਅਤੇ ਦੇਣਦਾਰੀਆਂ ਚਾਰ ਲੱਖ ਦੀਆਂ ਸਨ। ਉਨ੍ਹਾਂ ਦੇ ਚੋਣ ਹਲਫੀਆ ਬਿਆਨ ਦੇ ਮੁਤਾਬਕ ਉਨ੍ਹਾਂ ਦੇ ਪਤੀ ਸ਼ਿਆਮ ਚਰਣ ਮੁਰਮੂ ਦੇ ਨਾਮ ਇੱਕ ਬਜਾਜ ਚੇਤਕ ਸਕੂਟਰ ਅਤੇ ਇੱਕ ਸਕਾਰਪੀਓ ਗੱਡੀ ਸੀ। ਇਸ ਤੋਂ ਪਹਿਲਾਂ ਉਹ ਚਾਰ ਸਾਲ ਤੱਕ ਮੰਤਰੀ ਰਹਿ ਚੁੱਕੇ ਸਨ। ਉਨ੍ਹਾਂ ਨੂੰ ਓਡੀਸ਼ਾ ਵਿੱਚ ਸਰਬੋਤਮ ਵਿਧਾਇਕਾਂ ਨੂੰ ਮਿਲਣ ਵਾਲਾ ਨੀਲਕੰਠ ਪੁਰਸਕਾਰ ਵੀ ਮਿਲ ਚੁੱਕਿਆ ਹੈ। ਸਾਲ 2015 ਵਿੱਚ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਰਾਜਪਾਲ ਬਣਾਇਆ ਗਿਆ, ਉਸ ਤੋਂ ਐਨ ਪਹਿਲਾਂ ਤੱਕ ਉਹ ਭਾਜਪਾ ਦੇ ਮਯੂਰਭੰਜ ਜ਼ਿਲ੍ਹੇ ਦੇ ਪ੍ਰਧਾਨ ਵੀ ਸਨ। ਉਹ ਸਾਲ 2006 ਤੋਂ 2009 ਤੱਕ ਭਾਜਪਾ ਦੇ ਐੱਸਟੀ ਮੋਰਚੇ ਦੇ ਓਡੀਸ਼ਾ ਸਟੇਟ ਪ੍ਰਧਾਨ ਵੀ ਰਹਿ ਚੁੱਕੇ ਹਨ। ਉਹ ਦੋ ਵਾਰ ਭਾਜਪਾ ਐੱਸਟੀ ਮੋਰਚੇ ਦੀ ਕੌਮੀ ਕਾਰਜਕਰਨੀ ਦੇ ਮੈਂਬਰ ਵੀ ਰਹਿ ਚੁੱਕੇ ਹਨ। ਸਾਲ 2002 ਤੋਂ 2009 ਅਤੇ ਸਾਲ 2013 ਤੋਂ ਅਪ੍ਰੈਲ 2015 ਤੱਕ ਇਸ ਮੋਰਚੇ ਦੀ ਕੌਮੀ ਕਾਰਜਕਰਨੀ ਦੇ ਮੈਂਬਰ ਵੀ ਰਹੇ। ਇਸ ਤੋਂ ਬਾਅਦ ਉਹ ਝਾਰਖੰਡ ਦੇ ਰਾਜਪਾਲ ਨਾਮਜ਼ਦ ਕਰ ਦਿੱਤੇ ਗਏ ਅਤੇ ਉਹ ਭਾਜਪਾ ਦੀ ਸਰਗਰਮ ਸਿਆਸਤ ਤੋਂ ਵੱਖ ਹੋ ਗਏ।

## ਝਾਰਖੰਡ ਦੀ ਪਹਿਲੀ ਮਹਿਲਾ ਰਾਜਪਾਲ

18 ਮਈ 2015 ਨੂੰ ਉਨ੍ਹਾਂ ਨੇ ਝਾਰਖੰਡ ਦੀ ਪਹਿਲੀ ਮਹਿਲਾ ਤੇ ਕਬਾਇਲੀ ਰਾਜਪਾਲ ਵਜੋਂ ਸਹੁੰ ਚੁੱਕੀ। ਉਹ ਛੇ ਸਾਲ, ਇੱਕ ਮਹੀਨਾ ਅਤੇ 18 ਦਿਨ ਇਸ ਅਹੁਦੇ ਉੱਪਰ ਰਹੇ। ਉਹ ਝਾਰਖੰਡ ਦੀ ਪਹਿਲੀ ਰਾਜਪਾਲ ਹਨ ਜਿਨ੍ਹਾਂ ਨੂੰ ਪੰਜ ਸਾਲ ਦਾ ਕਾਰਜਕਾਲ ਤੋਂ ਬਾਅਦ ਵੀ ਅਹੁਦੇ ਤੋਂ ਹਟਾਇਆ ਨਹੀਂ ਗਿਆ। ਰਾਜਪਾਲ ਹੁੰਦਿਆਂ ਉਹ ਉਥੋਂ ਦੇ ਲੋਕਾਂ ਵਿੱਚ ਕਾਫ਼ੀ ਪਸੰਦ ਕੀਤੇ ਗਏ ਸਨ ਅਤੇ ਸੱਤਾ ਅਤੇ ਵਿਰੋਧੀ ਦੋਵਾਂ ਧਿਰਾਂ ਵਿੱਚ ਉਨ੍ਹਾਂ ਦਾ ਰਸੂਖ ਸੀ। ਆਪਣੇ ਕਾਰਜਕਾਲ ਦੇ ਦੌਰਾਨ ਉਨ੍ਹਾਂ ਨੇ ਕਈ ਮਹੱਤਵਪੂਰਨ ਫ਼ੈਸਲੇ ਲਏ। ਹਾਲ ਹੀ ਦੇ ਸਾਲਾਂ ਵਿੱਚ ਕੁਝ ਰਾਜਪਾਲਾਂ ਉੱਪਰ ਸਿਆਸੀ ਏਜੰਟ ਵਜੋਂ ਕੰਮ ਕਰਨ ਦਾ ਇਲਜ਼ਾਮ ਲੱਗਦੇ ਰਹੇ ਹਨ। ਦਰੋਪਦੀ ਮੁਰਮੂ ਨੇ ਰਾਜਪਾਲ ਰਹਿੰਦਿਆਂ ਆਪਣੇ-ਆਪ ਨੂੰ ਅਜਿਹੇ ਵਿਵਾਦਾਂ ਤੋਂ ਦੂਰ ਰੱਖਿਆ।

ਉਨ੍ਹਾਂ ਨੇ ਇਸ ਦੌਰਾਨ ਲਏ ਗਏ ਆਪਣੇ ਕੁਝ ਫ਼ੈਸਲਿਆਂ ਨਾਲ ਭਾਜਪਾ ਗਠਜੋੜ ਦੀ ਪਿਛਲੀ ਰਘੂਬਰ ਦਾਸ ਸਰਕਾਰ ਅਤੇ ਝਾਰਖੰਡ ਮੁਕਤੀ ਮੋਰਚਾ ਗਠਬੰਧਨ ਦੀ ਮੌਜੂਦਾ ਹੇਮੰਤ ਸੋਰੇਨ ਦੀਆਂ ਸਰਕਾਰਾਂ ਨੂੰ ਆਪਣੇ ਕੁਝ ਫ਼ੈਸਲਿਆਂ ਉੱਪਰ ਮੁੜ ਵਿਚਾਰ ਕਰਨ ਦੀ ਨਸੀਹਤ ਦਿੱਤੀ ਸੀ। ਸਰਕਰਾਂ ਵੱਲੋਂ ਭੇਜੇ ਗਏ ਕੁਝ ਬਿਲ ਉਨ੍ਹਾਂ ਨੇ ਬਿਨਾਂ ਕਿਸੇ ਬਹਾਨੇ ਦੇ ਵਾਪਸ ਮੋੜ ਦਿੱਤੇ ਸਨ।

## ਜਦੋਂ ਮੋੜਿਆ ਸੀ.ਐਨ.ਟੀ.-ਐਸ.ਪੀ.ਟੀ. ਐਕਟ ਸੋਧ ਬਿਲ

ਉਹ ਸਾਲ 2017 ਦੇ ਸ਼ੁਰੂਆਤੀ ਮਹੀਨੇ ਸਨ। ਝਾਰਖੰਡ ਵਿੱਚ ਭਾਜਪਾ ਦੀ ਅਗਵਾਈ ਵਾਲੀ ਰਘੂਬਰ ਦਾਸ ਸਰਕਾਰ ਸੀ ਅਤੇ ਉਨ੍ਹਾਂ ਦੇ ਸੰਬੰਧ ਤਤਕਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਤਤਕਾਲੀ ਪ੍ਰਧਾਨ ਅਮਿਤ ਸ਼ਾਹ ਨਾਲ ਕਾਫ਼ੀ ਮਜ਼ਬੂਤ ਮੰਨੇ ਜਾਂਦੇ ਸਨ। ਉਸ ਸਰਕਾਰ ਨੇ ਆਦਿਵਾਸੀਆਂ ਦੀਆਂ ਜ਼ਮੀਨਾਂ ਦੀ ਸੁਰੱਖਿਆ ਲਈ ਬ੍ਰਿਟਿਸ਼ ਸਰਕਾਰ ਦੇ ਸਮੇਂ ਬਣੇ ਛੋਟਾਨਾਗਪੁਰ ਕਾਸ਼ਤਕਾਰੀ ਕਾਨੂੰਨ (ਸੀ.ਐਨ.ਟੀ. ਐਕਟ) ਅਤੇ ਸੰਥਾਲ ਪਰਗਨਾ ਕਾਸ਼ਤਕਾਰੀ ਕਾਨੂੰਨ (ਐਸ.ਪੀ.ਟੀ. ਐਕਟ) ਦੀਆਂ ਕੁਝ ਵਿਵਾਸਥਾਵਾਂ ਵਿੱਚ ਸੋਧ ਦੀ ਤਜਵੀਜ਼ ਤਿਆਰ ਕੀਤੀ। ਵਿਰੋਧੀ ਧਿਰ ਦੇ ਹੰਗਾਮੇ ਅਤੇ ਵਾਕਆਊਟ ਦੇ ਬਾਵਜੂਦ ਰਘੂਬਰ ਦਾਸ ਦੀ ਸਰਕਾਰ ਨੇ ਉਸ ਸੋਧ ਬਿਲ ਨੂੰ ਝਾਰਖੰਡ ਵਿਧਾਨ ਸਭਾ ਤੋਂ ਪਾਸ ਕਰਵਾ ਲਿਆ। ਫਿਰ ਇਸ ਨੂੰ ਰਾਜਪਾਲ ਦੀ ਮਨਜ਼ੂਰੀ ਲਈ ਭੇਜਿਆ ਗਿਆ। ਉਸ ਸਮੇਂ ਰਾਜਪਾਲ ਦ੍ਰੌਪਦੀ ਮੁਰਮੂ ਨੇ ਮਈ 2017 ਵਿੱਚ ਇਹ ਬਿਲ ਬਿਨਾਂ ਦਸਤਖ਼ਤ ਕੀਤਿਆਂ ਵਾਪਸ ਸਰਕਾਰ ਨੂੰ ਭੇਜ ਦਿੱਤਾ।


Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੇ ਸਰਕਾਰ ਨੂੰ ਪੁੱਛਿਆ ਕਿ ਇਸ ਨਾਲ ਆਦਿਵਾਸੀਆਂ ਨੂੰ ਕੀ ਲਾਭ ਮਿਲੇਗਾ। ਸਰਕਾਰ ਇਸ ਦਾ ਜਵਾਬ ਨਹੀਂ ਦੇ ਸਕਦੀ ਅਤੇ ਉਹ ਬਿਲ ਕਾਨੂੰਨ ਨਹੀਂ ਬਣ ਸਕਿਆ। ਉਸ ਸਮੇਂ ਭਾਜਪਾ ਵਿੱਚ ਹੀ ਆਗੂ ਅਤੇ ਲੋਕ ਸਭਾ ਦੇ ਸਾਬਕਾ ਉਪਚੇਅਰਮੈਨ ਕੜੀਆ ਮੁੰਡਾ ਅਤੇ ਸਾਬਕਾ ਮੁੱਖ ਮੰਤਰੀ (ਮੌਜੂਦਾ ਕੇਂਦਰੀ ਮੰਤਰੀ) ਅਰਜੁਨ ਮੁੰਡਾ ਨੇ ਇਸ ਬਿਲ ਦਾ ਵਿਰੋਧ ਕੀਤਾ ਸੀ ਅਤਮ ਰਾਜਪਾਲ ਨੂੰ ਚਿੱਠੀ ਲਿਖੀ ਸੀ। ਉਸੇ ਦੌਰਾਨ ਜਮਸ਼ੇਦਪੁਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਇਸ ਸੋਧ ਬਿਲ ਦੇ ਖਿਲਾਫ਼ ਰਾਜ ਭਵਨ ਨੂੰ ਕਰੀਬ 200 ਇਤਰਾਜ਼ ਮਿਲੇ ਸਨ। ਇਸ ਵਜ੍ਹਾ ਤੋਂ ਉਸ ਉੱਪਰ ਸਹੀ ਪਾਉਣ ਦਾ ਸਵਾਲ ਹੀ ਨਹੀਂ ਸੀ। ਉਸ ਸਮੇਂ ਉਨ੍ਹਾਂ ਨੇ ਦੱਸਿਆ ਕਿ ਸਰਕਾਰ ਨੂੰ ਕੁਝ ਗੱਲਾਂ ਸਪਸ਼ਟ ਕਰਨ ਲਈ ਕਿਹਾ ਗਿਆ ਹੈ।



ਉਸੇ ਦੌਰਾਨ ਉਹ ਦਿੱਲੀ ਗਏ ਅਤੇ ਉੱਥੇ ਪ੍ਰਧਾਨ ਮੰਤਰੀ ਸਮੇਤ ਕੁਝ ਅਹਿਮ ਮੰਤਰੀਆਂ ਨਾਲ ਵੀ ਮਿਲੇ। ਇਸ ਤੋਂ ਪਹਿਲਾਂ ਤਤਕਾਲੀ ਮੁੱਖ ਸਕੱਤਰ ਰਾਜਬਾਲਾ ਵਰਮਾਨੇ ਤਿੰਨ ਜੂਨ ਨੂੰ ਅਤੇ ਉਦੋਂ ਦੇ ਮੁੱਖ ਮੰਤਰੀ ਰਘੁਬਰ ਦਾਸ ਨੇ 20 ਜੂਨ ਨੂੰ ਰਾਜਪਾਲ ਨਾਲ ਮੁਲਾਕਾਤ ਕਰਨ ਦੀ ਕੋਸਿਸ਼ ਕੀਤੀ ਪਰ ਦ੍ਰੋਪਦੀ ਮੁਰਮੂ ਉੱਪਰ ਕੋਈ ਅਸਰ ਨਹੀਂ ਹੋਇਆ। ਉਹ ਆਪਣੇ ਫ਼ੈਸਲੇ ਟਿਕੇ ਰਹੇ। ਉਸੇ ਸਰਕਾਰ ਦੇ ਕਾਰਜਕਾਲ ਦੌਰਾਨ ਜਦਗੋਂ ਪੱਥਲਗਾੜੀ ਵਿਵਾਦ ਹੋਇਆ ਤਾਂ ਦ੍ਰੋਪਦੀ ਮੁਰਮੂ ਨੇ ਆਦਿਵਾਸੀ ਸਵੈਸ਼ਾਸਨ ਪ੍ਰਣਾਲੀ ਦੇ ਤਹਿਤ ਬਣੇ ਗ੍ਰਾਮ ਪ੍ਰਧਾਨਾਂ ਅਤੇ ਮਾਨਕੀ, ਮੁਡਿਆਂ ਨੂੰ ਰਾਜ ਭਵਨ ਸੱਦ ਕੇ ਗੱਲਬਾਤ ਕੀਤੀ ਅਤੇ ਇਸ ਮਾਮਲੇ ਦੇ ਹੱਲ ਦੀ ਕੋਸ਼ਿਸ਼ ਕੀਤੀ। ਦਸੰਬਰ 2019 ਵਿੱਚ ਰਘੁਬਰ ਦਾਸ ਸਰਕਾਰ ਦੇ ਪਤਨ ਤੋਂ ਬਾਅਦ ਜੇ.ਐੱਮ.ਐੱਮ. ਆਗੂ ਹੇਮੰਤ ਸੋਰੇਨ ਝਾਰਖੰਡ ਦੇ ਮੁੱਖ ਮੰਤਰੀ ਬਣੇ। ਕੁਝ ਮਹੀਨਿਆਂ ਬਾਅਦ, ਉਸੇ ਸਰਕਾਰ ਨੇ ਰਾਜਪਾਲ ਦੀ ਸਹਿਮਤੀ ਲਈ ਕਬਾਇਲੀ ਸਲਾਹਕਾਰ ਕਮੇਟੀ (ਟੀਏਸੀ) ਦੇ ਸੰਵਿਧਾਨ ਵਿੱਚ ਸੋਧ ਕਰਨ ਲਈ ਇੱਕ ਬਿੱਲ ਭੇਜਿਆ, ਪਰ ਦ੍ਰੋਪਦੀ ਮੁਰਮੂ ਨੇ ਬਿੱਲ ਨੂੰ ਸਰਕਾਰ ਨੂੰ ਵਾਪਸ ਕਰ ਦਿੱਤਾ। ਬਿੱਲ ਟੀਏਸੀ ਦੇ ਗਠਨ ਵਿੱਚ ਰਾਜਪਾਲ ਦੀ ਭੂਮਿਕਾ ਨੂੰ ਖ਼ਤਮ ਕਰ ਰਿਹਾ ਸੀ। ਗਵਰਨਰ ਹੁੰਦਿਆਂ ਉਹ ਸਕੂਲਾਂ-ਕਾਲਜਾਂ ਦਾ ਦੌਰਾ ਕਰਦੇ ਰਹਿੰਦੇ ਸਨ। ਇਸ ਕਾਰਨ ਕਸਤੂਰਬਾ ਸਕੂਲਾਂ ਦੀ ਹਾਲਤ ਸੁਧਰੀ। ਸਾਲ 2016 ਵਿੱਚ, ਉਨ੍ਹਾਂ ਨੇ ਯੂਨੀਵਰਸਿਟੀਆਂ ਲਈ ਲੋਕ ਅਦਾਲਤ ਲਗਾਈ ਅਤੇ ਵਿਰੋਧ ਦੇ ਬਾਵਜੂਦ ਚਾਂਸਲਰ ਦਾ ਪੋਰਟਲ ਸ਼ੁਰੂ ਕੀਤਾ। ਇਸ ਨਾਲ ਯੂਨੀਵਰਸਿਟੀਆਂ ਵਿੱਚ ਦਾਖਲੇ ਸਮੇਤ ਬਾਕੀ ਪ੍ਰਕਿਰਿਆਵਾਂ ਨੂੰ ਆਨਲਾਈਨ ਕਰਨ ਦਾ ਰਾਹ ਖੁੱਲ੍ਹ ਗਿਆ। ਉਹ ਵੀਡੀਓ ਕਾਨਫਰੰਸਿੰਗ ਰਾਹੀਂ ਵੱਖ-ਵੱਖ ਉਪ ਕੁਲਪਤੀਆਂ ਨਾਲ ਵੀ ਗੱਲਬਾਤ ਕਰਦੇ ਰਹਿੰਦੇ ਸਨ। ਉਹ ਕਬਾਇਲੀ ਭਾਸ਼ਾਵਾਂ ਦੇ ਅਧਿਐਨ ਸਬੰਧੀ ਲਗਾਤਾਰ ਹਦਾਇਤਾਂ ਦਿੰਦੇ ਰਹਿੰਦੇ। ਇਸ ਕਾਰਨ ਯੂਨੀਵਰਸਿਟੀਆਂ ਵਿੱਚ ਲੰਮੇ ਸਮੇਂ ਤੋਂ ਬੰਦ ਪਏ ਝਾਰਖੰਡ ਦੀਆਂ ਆਦਿਵਾਸੀ ਅਤੇ ਖੇਤਰੀ ਭਾਸ਼ਾਵਾਂ ਦੇ ਅਧਿਆਪਕ ਮੁੜ ਨਿਯੁਕਤ ਕੀਤੇ ਜਾਣ ਲੱਗੇ ਹਨ। ਰਾਜਪਾਲ ਹੁੰਦਿਆਂ ਦਰੋਪਦੀ ਮੁਰਮੂ ਨੇ ਰਾਜ ਭਵਨ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਦਾਖਲਾ ਦਿੱਤਾ। ਉਨ੍ਹਾਂ ਨੂੰ ਮਿਲਣ ਵਾਲਿਆਂ ਵਿੱਚ ਜੇਕਰ ਹਿੰਦੂ ਧਰਮ ਦੇ ਲੋਕ ਸ਼ਾਮਲ ਹੁੰਦੇ ਤਾਂ ਉਨ੍ਹਾਂ ਨੇ ਰਾਜ ਭਵਨ ਵਿੱਚ ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ ਨੂੰ ਵੀ ਬਰਾਬਰ ਦਾ ਸਤਿਕਾਰ ਦਿੱਤਾ।




## ਸੰਘਰਸ਼ਮਈ ਜ਼ਿੰਦਗੀ

ਰਾਏਰੰਗਪੁਰ (ਓਡੀਸ਼ਾ) ਤੋਂ ਰਾਇਸੀਨਾ ਹਿਲਜ਼ (ਰਾਸ਼ਟਰਪਤੀ ਭਵਨ) ਤੱਕ ਪਹੁੰਚਣ ਦੀ ਦੌੜ ਵਿੱਚ ਸ਼ਾਮਲ ਦਰੋਪਦੀ ਮੁਰਮੂ ਦੀ ਸ਼ੁਰੂਆਤੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਹੋਈ ਸੀ। ਉਹ ਭਾਰਤ ਦੀ ਆਜ਼ਾਦੀ ਤੋਂ ਲਗਭਗ 11 ਸਾਲ ਬਾਅਦ, ਮਯੂਰਭੰਜ ਜ਼ਿਲ੍ਹੇ ਦੇ ਪਿੰਡ ਬੈਦਾਪੋਸੀ ਵਿੱਚ 20 ਜੂਨ 1958 ਨੂੰ ਬਿਰਾਂਚੀ ਨਰਾਇਣ ਟੁਡੂ ਦੀ ਧੀ ਵਜੋਂ ਪੈਦਾ ਹੋਏ ਸਨ। ਉਹ ਸੰਥਾਲ ਆਦਿਵਾਸੀ ਹਨ ਅਤੇ ਉਨ੍ਹਾਂ ਦੇ ਪਿਤਾ ਉਸ ਪੰਚਾਇਤ ਦੇ ਮੁਖੀ ਰਹੇ ਹਨ। ਜੇਕਰ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ, ਤਾਂ ਉਹ ਆਜ਼ਾਦੀ ਤੋਂ ਬਾਅਦ ਪੈਦਾ ਹੋਣ ਵਾਲੀ ਪਹਿਲੀ ਰਾਸ਼ਟਰਪਤੀ ਹੋਣਗੇ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਗੱਲਾਂ ਜਨਤਕ ਨਹੀਂ ਹਨ। ਉਨ੍ਹਾਂ ਦਾ ਵਿਆਹ ਸ਼ਿਆਮ ਚਰਨ ਮੁਰਮੂ ਨਾਲ ਹੋਇਆ ਸੀ ਪਰ ਛੋਟੀ ਉਮਰ ਵਿੱਚ ਹੀ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ। ਉਨ੍ਹਾਂ ਦੇ ਤਿੰਨ ਬੱਚੇ ਸਨ ਪਰ ਇਨ੍ਹਾਂ ਦੋਹਾਂ ਪੁੱਤਰਾਂ ਦੀ ਵੀ ਬੇਵਕਤੀ ਮੌਤ ਹੋ ਗਈ। ਉਨ੍ਹਾਂ ਦੇ ਇੱਕ ਪੁੱਤਰ, ਲਕਸ਼ਮਣ ਮੁਰਮੂ ਦੀ ਅਕਤੂਬਰ 2009 ਵਿੱਚ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ ਸੀ। ਉਦੋਂ ਉਹ ਸਿਰਫ਼ 25 ਸਾਲਾਂ ਦਾ ਸੀ। ਮੀਡੀਆ ਰਿਪੋਰਟਾਂ ਅਨੁਸਾਰ, ਆਪਣੀ ਮੌਤ ਤੋਂ ਇੱਕ ਰਾਤ ਪਹਿਲਾਂ, ਉਹ ਆਪਣੇ ਦੋਸਤਾਂ ਨਾਲ ਭੁਵਨੇਸ਼ਵਰ ਦੇ ਇੱਕ ਹੋਟਲ ਵਿੱਚ ਡਿਨਰ ਕਰਨ ਗਿਆ ਸੀ। ਉਥੋਂ ਵਾਪਸ ਆਉਣ ਤੋਂ ਬਾਅਦ ਸਿਹਤ ਵਿਗੜ ਗਈ। ਉਸ ਸਮੇਂ ਉਹ ਆਪਣੇ ਚਾਚੇ ਦੇ ਘਰ ਰਹਿੰਦਾ ਸੀ। ਘਰ ਆ ਕੇ ਉਸ ਨੇ ਕੇ ਸੌਣ ਦੀ ਇੱਛਾ ਪ੍ਰਗਟਾਈ ਅਤੇ ਸੌਣ ਦਿੱਤਾ ਗਿਆ। ਜਦੋਂ ਦੇਰ ਰਾਤ ਤੱਕ ਉਸ ਦੇ ਕਮਰੇ ਦਾ ਦਰਵਾਜ਼ਾ ਨਾ ਖੁੱਲ੍ਹਿਆ ਤਾਂ ਪਰਿਵਾਰਕ ਮੈਂਬਰ ਉਸ ਨੂੰ ਪਹਿਲਾਂ ਨਿੱਜੀ ਹਸਪਤਾਲ ਅਤੇ ਬਾਅਦ ਵਿੱਚ ਰਾਜਧਾਨੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਦਰੋਪਦੀ ਮੁਰਮੂ ਦੀ ਇੱਕਲੌਤੀ ਜੀਵਤ ਸੰਤਾਨ ਧੀ, ਇਤਿਸ਼੍ਰੀ ਮੁਰਮੂ ਹੈ, ਜੋ ਰਾਂਚੀ ਵਿੱਚ ਰਹਿੰਦੀ ਹੈ। ਇਤਿਸ਼੍ਰੀ ਦਾ ਵਿਆਹ ਗਣੇਸ਼ ਚੰਦਰ ਹੇਮਬਰਮ ਨਾਲ ਹੋਇਆ ਹੈ। ਉਹ ਰਾਇਰੰਗਪੁਰ ਦੇ ਵਾਸੀ ਹਨ ਅਤੇ ਜੋੜੇ ਦੀ ਇੱਕ ਬੇਟੀ ਆਦਯਸ਼੍ਰੀ ਹੈ। ਰਾਜਪਾਲ ਹੁੰਦਿਆਂ ਦਰੋਪਦੀ ਮੁਰਮੂ ਨੇ ਆਪਣੀ ਬੇਟੀ ਅਤੇ ਜਵਾਈ ਨਾਲ ਕੁਝ ਪਰਿਵਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ। ਉਹ ਜ਼ਿਆਦਾਤਰ ਮੰਦਰਾਂ ਵਿੱਚ ਜਾਂਦੇ ਸਨ।


Sri Satguru Jagjit Singh Ji eLibrary NamdhariElibrary@gmail.com

# ਪਾਲੀਵੁੱਡ ਖ਼ਬਰਨਾਮਾ



ਅਮਰਦੀਪ ਸਿੰਘ ਗਿੱਲ

## ਐਮੀ ਵਿਰਕ ਦੀਆਂ ਆ ਰਹੀਆਂ ਨੇ ਧੜਧੜ ਫਿਲਮਾਂ

ਐਮੀ ਵਿਰਕ ਧੜਾਧੜ ਫਿਲਮਾਂ ਸੁੱਟੀ ਜਾ ਰਿਹਾ। ਕੋਰੋਨਾਂ ਮਾਹਾਂਮਾਰੀ ਮਗਰੋਂ ਉਸ ਦੀਆਂ ਸੱਤ ਫਿਲਮਾਂ ਆਈਆਂ। ਜਿਨ੍ਹਾਂ 'ਚੋਂ 'ਪੁਆੜਾ', 'ਕਿਸਮਤ 2' ਅਤੇ 'ਸੌਂਕਣ ਸੌਂਕਣੇਂ' ਨੂੰ ਬਾਹਲਾ ਹੁੰਗਾਰਾ ਮਿਲਿਆ ਪਰ 'ਭੁਜ ਦ ਪਰਾਈਡ', '83', 'ਆ-ਜਾ ਮੈਕਸੀਕੋ ਚੱਲੀਏ' ਅਤੇ 'ਸ਼ੇਰ ਬੱਗਾ' ਠੰਢੀਆਂ ਰਹੀਆਂ। ਇਸੇ ਸਾਲ ਉਸ ਦੀਆਂ ਚਾਰ ਫਿਲਮਾਂ ਹੋਰ ਆਉਣਗੀਆਂ 'ਬਾਜਰੇ ਦਾ ਸਿੱਟਾ', 'ਲੌਂਗ ਲਾਚੀ 2', 'ਓਏ ਮੱਖਣਾਂ', 'ਅਰਜਨਟਾਇਨਾਂ'। ਥੋਕ 'ਚ ਫਿਲਮਾਂ ਕਰਨ ਦੀ ਉਸ ਦੀ ਪਾਲਿਸੀ ਸਮਝ ਨਹੀਂ ਆਈ ਜਾਂ ਤੇ ਉਹ ਸਮਝਦਾ ਹੁਣ ਉਹਦੇ ਨਾਂਅ 'ਤੇ ਫਿਲਮ ਨੂੰ ਓਪਨਿੰਗ ਲੱਗ ਜਾਂਦੀ ਹੈ ਤੇ ਵਗਦੀ ਗੰਗਾ 'ਚ ਜਿੰਨੇ ਹੱਥ ਧੋ ਲਏ ਜਾਣ ਵਾਹਵਾ ਚੰਗਾ। ਮੈਨੂੰ ਨੀ ਲਗਦਾ ਇਹ ਕੁਝ ਬਹੁਤੀ ਦੇਰ ਚੱਲੂ। ਅਗਰ ਤੁਸੀਂ ਲੋਕਾਂ ਸਾਹਮਣੇ ਕੁਝ ਵੀ ਕੱਚਾ ਪਿੱਲਾ ਪਲੇਟਾਂ ਭਰ-ਭਰ ਪਰੋਸੋਗੇ ਤਾਂ ਉਹ ਖਾਣੋਂ ਹਟ ਜਾਣਗੇ। ਐਮੀ ਸਾਬ ਨੂੰ 'ਸ਼ੇਰ ਬੱਗਾ' ਦੇ ਨਾ-ਮਾਤਰ ਹੁੰਗਾਰੇ ਤੋਂ ਕੰਨ ਹੋ ਜਾਣੇ ਚਾਹੀਦੇ ਨੇ। 'ਸੌਂਕਣ ਸ਼ੌਂਕਣੇ' ਦੀ ਸਫਲਤਾ ਦੀ ਜੁਗਾਲੀ ਬਹੁਤੀ ਦੇਰ ਨੀ ਕਰ ਹੋਣੀ। ਥੋੜ੍ਹੀਆਂ ਫਿਲਮਾਂ ਕਰੋ ਪਰ ਮਿਆਰੀ। ਦੇਰ ਨਾਲ ਫਿਲਮ ਆਊ ਤਾਂ ਜਨਤਾ ਦੀ ਉਤਸੁਕਤਾ ਵੀ ਵਧੂ। ਆਮਿਰ ਖਾਨ ਅਤੇ ਦਿਲਜੀਤ ਹੀ ਨੂੰ ਦੇਖ ਲਓ। ਵਕਫ਼ੇ ਮਗਰੋਂ ਇਕ ਫਿਲਮ ਆਉਂਦੀ ਹੈ ਤੇ ਦਰਸ਼ਕਾਂ ਦੀ ਭੀੜ ਉਮੜਦੀ ਹੈ।





## ਪੰਜਾਬੀ ਫਿਲਮ ਸਨਅਤ ਦੇ ਮਹਾਨ ਅਦਾਕਾਰ ਸਨ ਡਾ. ਸੁਰਿੰਦਰ ਸ਼ਰਮਾ

ਪੰਜਾਬੀ ਫਿਲਮਾਂ 'ਚ ਕਦੇ ਡਾ. ਸੁਰਿੰਦਰ ਸ਼ਰਮਾ ਜੀ ਦੀ ਤੂਤੀ ਬੋਲਦੀ ਹੁੰਦੀ ਸੀ, ਅੱਜ ਇਹ ਮਹਾਨ ਅਦਾਕਾਰ ਚੁੱਪਚਾਪ ਹੀ ਚਲਾ ਗਿਆ, ਮੈਨੂੰ ਲਗਦਾ ਪੰਜਾਬੀ ਫਿਲਮ ਇੰਡਸਟਰੀ ਨੂੰ ਪਤਾ ਵੀ ਨਹੀਂ ਲੱਗਿਆ ਹੋਣਾ ਕਿ ਸ਼ਰਮਾ ਜੀ ਨਹੀਂ ਰਹੇ। ਬਾਈ ਗੁੱਗੂ ਗਿੱਲ ਅਤੇ ਯੋਗਰਾਜ ਜੀ ਦੇ ਜ਼ਮਾਨੇ ਦੀਆਂ ਫਿਲਮਾਂ 'ਚ ਹੱਸਣ ਹਸਾਉਣ ਦੀ ਜ਼ਿੰਮੇਵਾਰੀ ਸੁਰਿੰਦਰ ਸ਼ਰਮਾ ਜੀ ਦੇ ਸਿਰ ਹੁੰਦੀ ਸੀ। ਮੈਂ ਆਖਰੀ ਵਾਰ ਸ਼ਰਮਾ ਜੀ ਨੂੰ ਮਨਮੋਹਨ ਸਿੰਘ ਜੀ ਦੀ ਫਿਲਮ 'ਇੱਕ ਕੁੜੀ ਪੰਜਾਬ ਦੀ' 'ਚ ਵੇਖਿਆ ਸੀ। ਬਚਪਨ ਵਿੱਚ ਬਲਵੰਤ ਗਾਰਗੀ ਦੇ ਪ੍ਰਸਿੱਧ ਨਾਟਕ 'ਕੇਸਰੋ' 'ਚ ਬਠਿੰਡੇ ਇਨ੍ਹਾਂ ਦੀ ਅਦਾਕਾਰੀ ਵੇਖੀ ਸੀ, ਇੱਕ ਪੜ੍ਹਿਆ ਲਿਖਿਆ ਵਿਦਵਾਨ ਬੰਦਾ ਸਟੇਜ ਅਤੇ ਫਿਲਮਾਂ 'ਚ ਕਿਸ ਤਰ੍ਹਾਂ ਦੇ ਰੋਲ ਨਿਭਾਉਂਦਾ ਸੀ ਮੈਨੂੰ ਬਚਪਨ ਵਿੱਚ ਉਨ੍ਹਾਂ ਨੂੰ ਵੇਖ ਬੜੀ ਹੈਰਾਨੀ ਹੋਈ ਸੀ, 'ਕੇਸਰੋ' ਨਾਟਕ ਹੋਵੇ ਜਾਂ ਪੰਜਾਬੀ ਫਿਲਮ 'ਬਦਲਾ ਜੱਟੀ ਦਾ' ਸ਼ਰਮਾ ਜੀ ਆਪਣੇ ਕਿਰਦਾਰ 'ਚ ਜਾਨ ਪਾ ਦਿੰਦੇ ਸਨ। ਵਕਤ ਬਦਲਿਆ, ਲੋਕ ਬਦਲੇ, ਸਿਨੇਮਾ ਬਦਲਿਆ, ਇਹ ਦੁਨੀਆ ਬੜੀ ਜ਼ਾਲਮ ਹੈ ਚੜਦੇ ਸੂਰਜ ਨੂੰ ਸਲਾਮਾਂ ਕਰਦੀ ਹੈ, ਇਸੇ ਅਖੌਤੀ 'ਬਦਲਾਅ' 'ਚ ਸ਼ਰਮਾ ਜੀ ਪੰਜਾਬੀ ਸਿਨੇਮਾ ਤੋਂ ਦੂਰ ਹੋ ਗਏ ਤੇ ਅੱਜ ਉਨ੍ਹਾਂ ਦੇ ਵਿਛੋੜੇ ਦੀ ਖ਼ਬਰ ਮਿਲੀ, ਮਨ ਉਦਾਸ ਹੋ ਗਿਆ। ਅਸੀਂ ਜਿਉਂਦੇ ਲੋਕ ਬਹੁਤ ਜ਼ਾਲਿਮ ਹੁੰਦੇ ਹਾਂ, ਸਾਡੇ ਰੁਝੇਵੇਂ, ਸਾਡੇ ਕੰਮ ਸਾਡੇ ਤੋਂ ਵੀ ਵੱਧ ਜ਼ਾਲਿਮ ਹੁੰਦੇ ਹਨ, ਅਸੀਂ ਜਿਉਂਦੇ ਮਨੁੱਖਾਂ ਨੂੰ ਮਿਲਦੇ ਨਹੀਂ ਅਤੇ ਕਈ ਵਾਰ ਮਰਿਆਂ ਬਾਰੇ ਵੀ ਸਾਨੂੰ ਪਤਾ ਨਹੀਂ ਲਗਦਾ। ਸ਼ਾਮ ਵੇਲੇ ਮੈਨੂੰ ਪੈੱਗ ਲਾ ਕੇ ਮੈਸਜ ਕਰਨ ਵਾਲੇ ਦੋਸਤਾਂ 'ਤੇ ਕਈ ਵਾਰ ਬਹੁਤ ਗੁੱਸਾ ਆਉਂਦਾ ਹੈ ਜਿਹੜੇ ਲਿਖਦੇ ਹਨ 'ਬਾਈ ਮਿਲਣ ਨੂੰ ਬਹੁਤ ਜੀਅ ਕਰਦਾ, ਬਣਾ ਲਓ ਯਾਰ ਕਦੇ ਪ੍ਰੋਗਰਾਮ!' ਦਿਨ ਵੇਲੇ ਓਹ ਦੋਸਤ ਕਦੇ ਵੀ ਫ਼ੋਨ ਜਾਂ ਮੈਸਜ ਨਹੀਂ ਕਰਦੇ। ਕੀ ਸ਼ਰਮਾ ਜੀ ਵੀ ਦਿਨ ਵੇਲੇ ਕਿਸੇ ਸੱਜਣ ਮਿੱਤਰ ਦਾ ਫੋਨ ਜਾਂ ਮੈਸਜ ਉਡੀਕਦੇ ਚਲੇ ਗਏ ?



## ਦਿਲਜੀਤ ਨੇ ਇਕ ਵਾਰੀ ਫਿਰ ਰਚਿਆ ਇਤਿਹਾਸ

ਵੈਨਕੂਵਰ ਦੇ ਰੋਜਰਸ ਏਰੀਨਾ ਵਿੱਚ ਪਹਿਲੀ ਵਾਰ ਕਿਸੇ ਇੰਡੀਅਨ ਕਲਾਕਾਰ ਦਾ ਸ਼ੋ ਹੋਇਆ ਤੇ ਉਹ ਵੀ ਸੋਲਡ ਆਊਟ ਰੋਜਰਸ ਏਰੀਨਾ ਇੱਕ ਬਹੁਤ ਹੀ ਮਹਿੰਗਾ ਸਟੇਡੀਅਮ ਹੈ ਜਿੱਥੇ ਆਈਸ ਹਾਕੀ ਦੇ ਮੈਚ ਤੇ ਹੋਰ ਹੌਲੀਵੁੱਡ ਕਲਾਕਾਰਾਂ ਦੇ ਸ਼ੋਅ ਹੁੰਦੇ ਹਨ। ਦਿਲਜੀਤ ਨੇ ਆਪਣਾ ਸ਼ੋਅ ਦੀਪ ਸਿੱਧੂ, ਸੰਦੀਪ ਸਿੱਧੂ ਤੇ ਮੂਸੇਵਾਲੇ ਦੇ ਨਾਂਅ ਕਰਕੇ ਇਤਿਹਾਸ ਰਚ ਦਿੱਤਾ।

••



. Sri Satguru Jagjit Singh Ji eLibrary NamdhariElibrary@gmail.com .

# ਖਾਈਏ ਤਾਂ ਆਖਿਰ ਕੀ ਖਾਈਏ



**ਪ੍ਰੋ. ਜਸਵੰਤ ਸਿੰਘ ਗੰਡਮ**

ਫਗਵਾੜਾ, ਮੋਬਾਈਲ : 98766-55055

ਅੱਜਕਲ੍ਹ ਅਸੀਂ ਕਿਸੇ ਖਾਣ ਵਾਲੀ ਚੀਜ਼ ਨੂੰ ਹੱਥ ਵੀ ਲਾਉਂਦੇ ਹਾਂ ਤਾਂ ਉਸ ਤੋਂ ਸੌ ਹੱਥ ਦੂਰ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ। ਲੂਣੀ ਸ਼ੈ ਅਸੀਂ ਨਹੀਂ ਖਾ ਸਕਦੇ ਕਿਉਂਕਿ ਪਿਛਲੇ 40 ਸਾਲ ਤੋਂ ਬਲੱਡ ਪਰੈਸ਼ਰ (ਬੀ.ਪੀ.) ਹੈ। ਡਾਕਟਰ ਕਹਿੰਦੇ ਹਨ ਕਿ ਬੀ.ਪੀ. ਵਾਲੇ ਨੂੰ ਲੂਣ ਤੋਂ ਇਸ ਤਰ੍ਹਾਂ ਦੂਰ ਰਹਿਣਾ ਚਾਹੀਦੈ ਜਿਵੇਂ ਗੋਕਾ ਪਸ਼ੂ ਪਾਣੀ ਤੋਂ ਦੂਰ ਰਹਿੰਦੈ। ਅਸੀਂ ਬਥੇਰਾ ਆਪਣੇ ਡਾਕਟਰ ਨੂੰ ਸਮਝਾਉਂਦੇ ਹਾਂ ਕਿ ਅਸੀਂ ਗੋਕਾ ਸ਼੍ਰੇਣੀ 'ਚ ਨਹੀਂ ਆਉਂਦੇ ਸਗੋਂ ਮਹਿਰੂ ਸ਼੍ਰੇਣੀ 'ਚ ਆਉਂਦੇ ਹਾਂ ਅਤੇ ਪਾਣੀ ਵਿਚ ਵੜਨਾ, ਲੇਟਣਾ ਅਤੇ ਝੋਟੇ/ਮਹੇਂ ਵਾਂਗ ਸਪਾਟ ਪਏ ਰਹਿਣਾ ਸਾਡਾ ਜਨਮ ਸਿੱਧ ਅਧਿਕਾਰ ਹੈ। ਪਰ ਡਾਕਟਰ ਵਧੇਰੇ ਹੀ ਸ਼ਹਿਰੀ ਹੈ ਤੇ ਉਸ ਨੂੰ ਗੋਕਾ-ਮਹਿਰੂ ਸ਼੍ਰੇਣੀ ਬਾਰੇ ਓਨੀ ਕੁ ਹੀ ਸਮਝ ਹੈ ਜਿੰਨੀ ਕੁ ਗੰਨਾ ਚੂਪਣ ਅਤੇ ਖਾਣ ਦੇ ਫਰਕ ਜਾਨਣ ਵਿਚ ਹੈ (ਖੈਰ ਮਸ਼ੀਨੀ ਖੇਤੀ ਦੇ ਯੁੱਗ ਵਿਚ ਹੁਣ ਤਾਂ ਬਹੁਤੇ ਪੇਂਡੂ ਭਰਾਵਾਂ (ਅਤੇ ਭੈਣਾਂ) ਨੂੰ ਵੀ ਘੱਟ ਵਧ ਹੀ ਪਤਾ ਹੋਣੈ ਕਿ ਇਹ ਕਿਸ ਬਲਾ ਜਾਂ ਬਲਾਵਾਂ ਦਾ ਨਾਮ ਹੈ?)

ਸੋ ਸਾਨੂੰ ਤਾਂ ਹੁਣ ਲੂਣ ਦੀ ਸ਼ਕਲ ਹੀ ਭੁੱਲ ਗਈ ਹੈ। ਸੁਣਿਐ ਕਿ ਚਿੱਟਾ ਜਿਹਾ ਹੁੰਦੈ ਪਰ 'ਚਿੱਟੇ' ਦਾ ਨਾਮ ਸੁਣ ਕੇ ਸਾਨੂੰ ਓਦਾਂ ਈਂ ਕਾਂਬਾ ਛਿੜ ਜਾਂਦੈ ਜਿਦਾਂ 'ਚਿੱਟਾ' ਨਾ ਮਿਲਣ 'ਤੇ ਇਸ ਦੇ ਆਦੀਆਂ ਨੂੰ ਛਿੜਦੈ। ਸਾਨੂੰ ਤਾਂ ਹੁਣ ਕੋਈ ਨਮਕ ਜਾਂ ਲੂਣ ਹਰਾਮੀ ਵੀ ਨਹੀਂ ਕਹਿ ਸਕਦੈ ਕਿਉਂਕਿ ਅਸੀਂ ਲੂਣ ਖਾਂਦੇ ਈ ਨਹੀਂ! (ਅੱਜਕਲ੍ਹ ਤਾ ਕੋਈ ਇਹ ਵੀ ਚੈਲੇਂਜ ਨਹੀਂ ਕਰ ਸਕਦਾ ਕਿ ਜੇ ਮਾਂ ਦਾ ਦੁੱਧ ਪੀਤਾ ਤਾਂ ਬਾਹਰ ਨਿਕਲ ਕਿਉਂਕਿ ਸਭ ਬੋਤਲ ਦਾ ਈ ਦੁੱਧ ਪੀਂਦੇ ਹਨ)। ਬਸ ਹੁਣ ਤਾਂ ਅਸੀਂ 1973 ਦੀ ਫਿਲਮ 'ਨਮਕ ਹਰਾਮ' ਦੇਖ ਹੀ ਸਾਰ ਲੈਂਦੇ ਹਾਂ। ਅਸੀਂ ਤਾਂ ਇਹ ਲੋਕ-ਸਤਰ ਵਰਤਣੋਂ ਵੀ ਗਏ ਕਿ- "ਮਿੱਤਰਾਂ ਦੀ ਲੂਣ ਦੀ ਡਲੀ ਤੂੰ ਮਿਸ਼ਰੀ ਬਰੋਬਰ ਜਾਣੀ"! ਸਾਨੂੰ 'ਆਟੇ 'ਚ ਲੂਣ ਬਰਾਬਰ' ਮੁਹਾਵਰੇ ਦਾ ਅਰਥ ਭੁੱਲਿਆਂ ਦਹਾਕੇ ਹੋ ਗਏ ਹਨ।

ਹੁਣ ਤਾਂ ਮਿਸ਼ਰੀ ਵੀ ਮੂੰਹ ਮੋੜ ਗਈ ਹੈ ਜਾਂ ਇਉਂ ਕਹਿ ਲਉ ਸਾਨੂੰ ਉਸ ਤੋਂ ਮੂੰਹ ਮੋੜਨਾ ਪਿਐ। ਪਤਾ ਨਹੀਂ ਕਿਥੋਂ ਆ ਨਾਮੁਰਾਦ 'ਮਿੱਠੀ' ਬਿਮਾਰੀ ਆ ਚੰਬੜੀ ਕਿ ਮਿੱਠਾ ਖਾਣੋਂ ਈ ਜਾਂਦੇ ਰਹੇ। ਬਾਜ਼ਾਰ ਵਿਚੋਂ ਲੰਘਦੇ ਹਾਂ ਤਾਂ ਵਡੀ ਸਾਰੀ ਕੜ੍ਹਾਹੀ 'ਚ ਤਾਜ਼ਾ ਤਾਜ਼ਾ ਤਲੀਆਂ ਜਾ ਰਹੀਆਂ ਜਲੇਬੀਆਂ ਸਾਨੂੰ ਇਉਂ ਸੈਨਤਾਂ ਮਾਰਦੀਆਂ ਹਨ ਜਿਵੇਂ ਪੁਰਾਣੇ ਵੇਲਿਆਂ ਵੇਲੇ ਘਰ ਦਿਆਂ ਤੋਂ ਡਰਦੇ ਅਸੀਂ ਆਪਣੀ ਸਹੇਲੀ ਨੂੰ ਸੈਨਤਾਂ ਮਾਰਿਆ ਕਰਦੇ ਸਾਂ। ਹੁਣ ਤਾਂ ਭਲਾ ਘਰ ਦੇ ਡਰਦੇ ਹਨ ਨਿਆਣਿਆਂ ਤੋਂ ਅਤੇ ਪਤਾ ਹੀ ਉਦੋਂ ਲਗਦੈ ਜਦੋਂ ਸਹੇਲਾ/ਸਹੇਲੀ ਲਾੜਾ-ਲਾੜੀ ਬਣ ਘਰ 'ਚ ਆ ਧਮਕਦੇ ਹਨ। ਝੱਟ ਮੰਗਣੀ ਫੱਟ ਵਿਆਹ! (ਵਿਆਹ ਵੀ ਨਹੀਂ ਰਹਿਣਾ, 'ਲਿਵ-ਇਨ' ਈ ਹੋਈ ਜਾ ਰਿਹੈ)

ਗੋਲ ਗੋਲ ਅਤੇ ਮਹਿਕਦਾਰ ਤਾਜ਼ਾ ਜਲੇਬੀ ਸਾਨੂੰ ਆਪਣਾ ਮੂੰਹ ਵਿੰਗਾ ਟੇਡਾ ਬਣਾ ਕੇ ਚਿੜਾਉਂਦੀ ਰਹਿੰਦੀ ਐ ਕਿ ਸਾਡੀ ਹੁਣ ਐਨੀਂ ਵੀ ਔਕਾਤ ਨਹੀਂ ਕਿ ਅਸੀਂ ਉਸ ਨੂੰ ਖਾ ਸਕੀਏ। ਵੰਨ ਸਵੰਨੀਆਂ ਮਿਠਿਆਈਆਂ ਵਲ ਸਧਰਾਈਆਂ ਨਜ਼ਰਾਂ ਨਾਲ ਦੇਖ ਕੇ ਅੱਗੇ ਲੰਘ ਜਾਈਦੈ। ਘਰ ਕੋਈ ਬਰਫੀ ਦਾ ਡੱਬਾ ਆ ਜਾਏ ਤਾਂ ਸਾਡੀ ਜਾਨ ਦੀ ਦੁਸ਼ਮਣ, ਨਹੀਂ ਸੱਚ ਸਾਡੀ ਜਾਨੂੰ, ਸਾਡੀ ਸ਼ੋਨਾ, ਸਾਡੀ ਬੇਬੀ ਜਾਣੀ ਅੱਤ-ਪਿਆਰੀ ਪਤਨੀ ਡੱਬਾ ਲੁਕਾ ਦਿੰਦੀ ਹੈ ਜਾਂ ਕਿਸੇ ਨੂੰ ਦੇ ਦਿੰਦੀ ਹੈ। 'ਵੰਡ ਖਾਈਏ ਖੰਡ ਖਾਈਏ, ਅੱਡ ਖਾਈਏ ਹੱਡ ਖਾਈਏ' ਅਖਾਣ ਦੀ ਮਹਾਨਤਾ ਵੀ ਭੁੱਲਦੀ ਜਾ ਰਹੀ ਹੈ ਕਿਉਂਕਿ ਖੰਡ ਖਾਣੀ ਵੀ ਡਾਕਟਰ ਨੇ ਮਨ੍ਹਾਂ ਕੀਤੀ ਹੈ।



ਭਲਾ ਉਹ ਕਿਹੋ ਜਿਹੇ ਭਲੇ ਵੇਲੇ ਸਨ ਕਿ ਵੇਲਣੇ 'ਤੇ ਗੁੜ ਕੱਢਣ ਵੇਲੇ ਹੀ ਰੋਜ਼ ਅੱਧਾ-ਪੌਣਾ ਕਿੱਲੋ ਗੁੜ-ਸ਼ੱਕਰ ਖਾ ਜਾਈਦਾ ਸੀ। ਉਦੋਂ ਗੁੜ ਵਿਚ ਰੰਬਾ (ਮੌਜਾਂ) ਹੁੰਦਾ ਸੀ ਪਰ ਹੁਣ ਤਾਂ ਸਾਰਾ ਗੁੜ ਗੋਬਰ ਹੋ ਗਿਐ। ਗੰਨੇ ਤਾਂ ਐਨੇ ਚੂਪੀ ਦੇ ਸਨ ਕਿ ਮੂੰਹ ਛਿੱਲਿਆਂ ਜਾਂਦਾ ਸੀ ਚੂਪ ਚੂਪ। ਆਹ ਬੀ.ਪੀ.-ਸ਼ੀ.ਪੀ. ਜਾਂ ਸ਼ੂਗਰ-ਵੂਗਰ ਦਾ ਤਾਂ ਨਾਮ ਵੀ ਨਹੀਂ ਸੀ ਸੁਣਿਆਂ ਕਦੀ। ਪਤਾ ਨਹੀਂ ਪਤਾ ਈ ਨਹੀਂ ਸੀ ਲਗਦਾ ਇਨ੍ਹਾਂ ਬਿਮਾਰੀਆਂ ਦਾ ਜਾਂ ਉਦੋਂ ਹੁੰਦੀਆਂ ਈ ਨਹੀਂ ਸਨ। ਜਾਂ ਸ਼ਾਇਦ ਉਦੋਂ ਪਿੰਡਾਂ ਵਿਚ ਡਾਕਟਰ ਨਹੀਂ ਸਨ ਹੁੰਦੇ। ਪਿੰਡ ਤਾਂ ਪਿੰਡ, ਸਾਡੇ ਤਾਂ ਸ਼ਹਿਰ ਵਿਚ ਵੀ 2-3 ਡਾਕਟਰ ਹੀ ਸਨ। ਹੁਣ ਸੁਖ ਨਾਲ ਸੈਂਕੜੇ ਹਨ। ਹੁਣ ਵੀ ਕਿਧਰੇ ਗੁੜ ਦੀ ਪੱਕ ਰਹੀ ਪੱਤ ਦੀ ਮਹਿਕ ਆ ਜਾਏ ਤਾਂ ਸਾਡਾ ਦਿਲ ਕਰਦੈ ਕਿ ਕੜ੍ਹਾਹੇ ਵਿਚ ਹੀ ਛਾਲ ਮਾਰ ਦਈਏ ਅਤੇ ਗੰਡ ਵਿਚ ਤਾਜ਼ਾ ਬਣਿਆਂ ਗੁੜ ਜਾਣ ਤੋਂ ਪਹਿਲਾਂ ਹੀ ਛਕ ਜਾਈਏ। ਪਰ ਤੱਤਾ ਤੱਤ ਗੁੜ ਖਾਣ ਦਾ ਸਵਰਗੀ ਹੁਲਾਰਾ ਹੁਣ ਨਹੀਂ ਨਸੀਬ ਹੁੰਦਾ। ਨਾਂ ਹੀ 'ਜਿੰਨਾ ਗੁੜ ਪਾਉ ਓਨਾਂ ਹੀ ਮਿੱਠਾ ਹੋਊ', 'ਤੇਰੇ ਮੂੰਹ ਵਿਚ ਘੀ ਸ਼ੱਕਰ', 'ਖੰਡ ਖੀਰ ਹੋਣਾ' ਵਰਗੇ ਮੁਹਾਵਰੇ ਈ ਕੋਈ ਮਹੱਤਵ ਰਖਦੇ ਹਨ ਸਾਡੇ ਲਈ।

ਸ਼ੱਕਰ ਤਾਂ ਸ਼ੱਕਰ ਰੋਗ ਖਾ ਗਿਆ, ਘੀ/ਘਿਉ ਵੀ ਜਾਂਦਾ ਰਿਹਾ। ਡਾਕਟਰ ਘਿਉ ਖਾਣੋਂ ਮਨਾਂ ਕਰਦੇ ਹਨ, ਅਖੇ ਚਿਕਨਾਈ ਨਾਲ ਧਮਣੀਆਂ 'ਚ ਨੁਕਸ ਪੈ ਜਾਂਦੈ, ਕੁਲੈਸਟਰੋਲ ਵਧ ਜਾਂਦੈ ਅਤੇ ਪਤਾ ਨਹੀਂ ਹੋਰ ਕੀ ਕੀ ਘਟ ਵਧ ਜਾਂਦੈ। ਦੁੱਧ ਵੀ ਕਹਿੰਦੇ ਹਨ ਮਲਾਈ ਲਾਹ ਕੇ ਪੀਉ। ਭਲਾ ਮਲਾਈ ਤੋਂ ਬਿਨਾਂ ਦੁੱਧ ਸੁਆਹ ਦਾ ਦੁੱਧ ਹੋਊ? ਕਯਾ ਸਨ ਉਹ ਜ਼ਮਾਨੇ ਜਦ ਤੜਕੇ ਤੜਕੇ ਦੁੱਧ ਰਿੜਕ ਰਹੀ ਮਾਂ ਕੋਲ ਬਹਿ ਕੇ ਅਧਰਿੜਕਾ ਪੀਵੀ ਦਾ ਸੀ (ਸੁਣਿਐ ਕਦੀ ਅਧਰਿੜਕਾ?), ਬਹੀ ਰੋਟੀ ਉੱਪਰ ਧੜੀ ਪੱਕਾ ਮੱਖਣ ਦਾ ਪੇੜਾ ਰਖ ਕੇ ਅੰਬ ਦੇ ਅਚਾਰ ਨਾਲ ਰੋਟੀ ਖਾਈਦੀ ਸੀ, ਕਈ ਵਾਰ ਲੂਣ ਹੀ ਪਾ ਲਈਦਾ ਸੀ। ਮਲਾਈਦਾਰ ਦਹੀਂ ਖਾਈਦਾ ਸੀ ਜਿਸ ਦੀ ਹੁਣ ਮਨਾਹੀ ਹੈ, ਜਾਣੀ ਉਹ ਮਾਂ ਵਾਕਿਆ ਈ ਮਰ ਗਈ ਜੋ ਦਹੀਂ ਨਾਂ ਟੁੱਕ ਦਿੰਦੀ ਸੀ! ਰਾਤ ਨੂੰ ਸੌਣ ਤੋਂ ਪਹਿਲਾਂ ਇਕ ਫੁੱਟ ਲੰਮਾਂ ਕੜੇ ਵਾਲਾ ਗਲਾਸ ਭਰ ਕੇ ਦੁੱਧ ਪੀਂਦੇ ਸਾਂ। ਸਾਡੇ ਲਈ ਤਾਂ ਹੁਣ 'ਘਿਉ ਖਿਚੜੀ' ਅਤੇ 'ਘਿਉ ਸ਼ੱਕਰ ਹੋਣ' ਦੇ ਮੁਹਾਵਰੇ ਵੀ ਮਾਇਨਾਹੀਣ ਹੋ ਗਏ ਹਨ।

ਚੋਪੜੀ ਰੋਟੀ ਵੀ ਮਨ੍ਹਾ ਹੈ। ਸੁੱਕੀ ਰੋਟੀ ਖਾਣ ਵੇਲੇ ਸ਼ੇਖ ਫਰੀਦ ਯਾਦ ਆ ਜਾਂਦਾ-"ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ। ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ"। ਅਤੇ ਨਾਲ ਹੀ ਉਸ ਦੀ ਨਸੀਹਤ ਚੇਤੇ ਆ ਜਾਂਦੀ ਐ-"ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ। ਫਰੀਦਾ ਦੇਖਿ ਪਰਾਈ ਚੋਪੜੀ ਨਾਂ ਤਰਸਾਏ ਜੀਉ"।

ਹਾਂ, ਅਸੀਂ ਆਪਣੀ ਡਾਰਲਿੰਗ ਨੂੰ ਅਜੇ ਵੀ ਹਨੀ, ਸਵੀਟ-ਹਾਰਟ, ਖੰਡ-ਮਿਸ਼ਰੀ, ਮੇਰੀ ਮਿੱਠੋ ਕਹਿੰਦੇ ਹਾਂ ਪਰ ਐਨੀਂ ਚਮਚੀ ਮਾਰਨ ਉਪਰੰਤ ਵੀ ਸਾਨੂੰ ਚਾਹ ਵਿਚ ਇਕ ਚਮਚਾ ਵੀ ਖੰਡ ਪਾਉਣ ਦੀ ਆਗਿਆ ਨਹੀਂ



Sri Satguru Jagjit Singh Ji eLibrary NamdhariElibrary@gmail.com

ਹੈ।

ਰੈੱਡ ਮੀਟ ਦੀ ਦੁਕਾਨ ਦੇ ਤਾਂ ਲਾਗਿਉਂ ਵੀ ਨਹੀਂ ਲੰਘ ਸਕਦੇ। ਇਹ ਹੁਕਮ ਮੇਰੀ 'ਬਿਹਤਰ/ਬਦਤਰ-ਅੱਧ' ਨੇ ਸਾਦਰ ਕੀਤੈ। 'ਮਹਾਂਮਹੀਮ' ਮੁਹਤਰਿਮਾਂ ਅਨੁਸਾਰ ਸਾਡੇ ਸਰੀਰ ਉੱਪਰ ਪਹਿਲਾਂ ਹੀ ਐਨਾਂ ਮਾਸ ਚੜ੍ਹਿਐ ਕਿ ਸਾਨੂੰ ਹੁਣ ਹੋਰ ਮਾਸ ਖਾਣ ਦੀ ਲੋੜ ਨਹੀਂ। ਮੁਰਗੇ ਦੀ ਕੁੱਕੜੂ-ਘੜੂੰ ਸੁਨਣ ਦੀ ਤਾਂ ਇਜਾਜ਼ਤ ਹੈ ਪਰ ਢਿੱਡ ਦਾ ਸ਼ਿੰਗਾਰ ਬਣਾਉਣ ਦੀ ਨਹੀਂ ਕਿਉਂਕਿ ਸੁਖ ਨਾਲ ਡਿੱਢ ਜੀ ਮਹਾਰਾਜ ਸਾਤੋਂ ਇਕ-ਡੇੜ ਫੁੱਟ ਅੱਗੇ ਅੱਗੇ ਚਲਦੇ ਹਨ। ਆਂਡਾ ਕਿਸੇ ਦੇ ਮੂੰਹ ਉਪਰ ਮਾਰ ਕੇ ਕੁੱਟ ਖਾ ਸਕਦੇ ਹਾਂ ਪਰ ਉਸ ਨੂੰ ਖਾ ਨਹੀਂ ਸਕਦੇ। ਜੇ ਕਦੀ ਕਦਾਈਂ ਮਿਹਰਬਾਨੀ 'ਚ ਖਾਣ ਦੀ ਆਗਿਆ ਮਿਲ ਵੀ ਜਾਂਦੀ ਹੈ ਤਾਂ ਉਹ ਜ਼ਰਦੀ ਤੋਂ ਬਿਨਾਂ। ਭਲਾ ਜ਼ਰਦੀ ਤੋਂ ਬਿਨਾਂ ਆਂਡਾ ਤਾਂ ਐਦਾਂ ਈ ਹੋਇਆ ਜਿਦਾਂ ਖੋਏ-ਕਰੀਮ ਤੋਂ ਬਿਨਾਂ ਕੁਲਫੀ। ਸੋ, ਅਸੀਂ ਖਾਂਦੇ ਈ ਨਈਂ।

ਵਾਹ ! ਕੁਲਫੀ ਦਾ ਨਾਮ ਸੁਣ ਕੇ ਹੀ ਮੂੰਹ ਵਿਚ ਪਾਣੀ ਆ ਗਿਐ। ਦਰਅਸਲ ਜੀਭ ਦੇ ਸੁਆਦ ਦੇ ਮਾਮਲੇ ਵਿਚ ਬੁੱਢਾ-ਬੱਚਾ ਬਰਾਬਰ ਹੁੰਦੇ ਹਨ। ਪਰ ਬੱਚੇ ਤਾਂ ਆਈਸ ਕਰੀਮ, ਕੁਲਫੀ, ਫਲੂਦਾ, ਚਾਕਲੇਟ ਆਦਿ ਲਪ-ਗੜੱਪੀ ਖਾਂਦੇ ਰਹਿੰਦੇ ਹਨ ਪਰ ਉਮਰ ਅਤੇ ਰੋਗ ਮਾਰੇ ਬੁੱਢੇ ਇਨ੍ਹਾਂ ਸੁਆਦਲੀਆਂ ਚੀਜ਼ਾਂ ਦੇ ਦੂਰੋਂ ਦਰਸ਼ਨ ਕਰਕੇ ਹੀ ਸਾਰ ਲੈਂਦੇ ਹਨ (ਹਾਂ, ਕਦੀ ਕਦਾਈਂ ਚੀਟਿੰਗ ਵੀ ਚਲ ਜਾਂਦੀ ਹੈ)।

ਹੁਣ ਤਾਂ ਕਣਕ ਦਾ ਆਟਾ ਵੀ ਮਨਾਂ ਕਰਦੇ ਹਨ। ਅਖੇ ਕੋਧਰੇ ਦਾ ਆਟਾ ਖਾਉ, ਬਾਜਰਾ ਜਾਂ ਮਿਕਸ ਕੀਤਾ ਵਿਸ਼ੇਸ਼ ਆਟਾ ਖਾਉ। ਸਾਰੀ ਉਮਰ ਕਣਕ ਦਾ ਆਟਾ ਖਾਂਦਿਆਂ ਲੰਘ ਗਈ, ਹੁਣ ਬੁੱਢੇ ਵਾਰੇ ਰੋਕ ਰਹੇ ਐ। ਚਿੱਟਾ ਆਟਾ, ਚਿੱਟੀ ਬਰੈੱਡ, ਚਿੱਟੇ ਚੌਲ, ਆਲੂ ਤੇ ਪਤਾ ਨਹੀਂ ਕੀ ਕੀ ਖਾਣੋਂ ਰੋਕਿਆ ਜਾ ਰਿਹੈ। ਅਸੀਂ ਤਾਂ ਲੋਕਬੋਲੀ ਸੁਣਦੇ ਆ ਰਹੇ ਹਾਂ ਕਿ 'ਚਿੱਟੇ ਚੌਲ ਜਿਹਨਾਂ ਨੇ ਪੁੰਨ ਕੀਤੇ ਰੱਬ ਨੇ ਬਣਾਈਆਂ ਜੋੜੀਆਂ'। ਸਾਡੇ ਮਾਮਲੇ ਵਿਚ ਪਤਾ ਨਹੀਂ ਕੀ ਪੁੰਨ ਕੀਤੇ ਹੋਣੈ?

ਅਸੀਂ ਯੋਜਨਾ ਬਣਾਈ ਹੈ ਕਿ ਇਕ ਲੋਕ-ਹਿਤੈਸ਼ੀ "ਫੂਡੀਜ਼ ਫਰੰਟ" ਬਣਾਈਏ। ਇਹ ਫਰੰਟ ਪੁਰਾਤਨ ਯੂਨਾਨੀ ਦਾਰਸ਼ਨਿਕ ਐਪੀਕਿਯੂਰਸ (341-270 ਬੀ.ਸੀ.) ਦੇ ਸਿਧਾਂਤ 'ਖਾਉ, ਪੀਉ ਕਰੋ ਅਨੰਦ' ਦਾ ਧਾਰਨੀ ਹੋਵੇਗਾ। ਇਸ ਫਰੰਟ ਦੇ ਮੈਂਬਰਾਂ ਦਾ ਠੂਸ ਠੂਸ ਕੇ ਖਾਣਾ ਮੌਲਿਕ ਅਧਿਕਾਰ ਹੋਵੇਗਾ।

ਸਾਡਾ ਇਕ ਜਾਣਕਾਰ ਹੈ ਜੋ ਹਰ ਇਕ ਖਾਣ ਵਾਲੀ ਚੀਜ਼ ਦੀਆਂ ਕੈਲੋਰੀਆਂ ਦਾ ਚਾਰਟ ਆਪਣੀ ਬੋਝੇ ਵਿਚ ਰਖਦੈ। ਉਹਨੂੰ ਪਤਾ ਹੁੰਦੈ ਕਿ ਇਕ ਰੋਟੀ ਜਾਂ ਚਾਹ ਦੇ ਇਕ ਕੱਪ ਵਿਚ ਕਿੰਨੀਆਂ ਕੈਲੋਰੀਆਂ ਹੁੰਦੀਆਂ ਹਨ। ਇਕ ਆਮ ਬੰਦੇ ਨੂੰ ਇਕ ਦਿਨ 'ਚ ਕਰੀਬ 2000 ਕੈਲੋਰੀਆਂ ਚਾਹੀਦੀਆਂ ਹਨ। ਜੇ ਸਵੇਰ ਵੇਲੇ 3-4 ਭਾਰੇ ਭਾਰੇ ਆਲੂ ਪਰੌਂਠਿਆਂ, ਮੱਖਣ, ਦਹੀਂ, ਲੱਸੀ ਵਾਲਾ 'ਹਲਕਾ' ਜਿਹਾ ਨਾਸ਼ਤਾ ਕਰ ਲਈਏ ਤਾਂ ਇਹ ਲਗਭਗ ਪੂਰੀਆਂ ਹੋ ਜਾਂਦੀਆਂ ਹਨ। ਬਾਕੀ ਜੋ ਸਾਰੀ ਦਿਹਾੜੀ ਠੂਸਦੇ ਰਹਿੰਦੇ ਹਾਂ ਉਹ ਸਾਰਾ ਵਾਧੂ। ਮੇਰੇ ਵਰਗੇ ਤਾਂ ਕੈਲੋਰੀਆਂ 'ਬਰਨ' ਵੀ ਨਹੀਂ ਕਰਦੇ (ਜੋ 'ਬਰਨ' ਕਰਦੇ ਹਨ ਉਹ ਵਧ ਖਾਂਦੇ ਈ ਨਹੀਂ)।



ਪ੍ਰੋ. ਜਸਵੰਤ ਸਿੰਘ ਗੰਡਮ ਆਪਣੀ ਨਵੀਂ ਪੁਸਤਕ "ਸੁੱਤੇ ਸ਼ਹਿਰ ਦਾ ਸਫਰ" ਪੰਜਾਬੀ ਦੇ ਪ੍ਰਸਿੱਧ ਲੇਖਕ, ਫੋਕਲੋਰ ਰਿਸਰਚਰ ਅਤੇ ਸਾਹਿਤ ਅਕਾਡਮੀ ਐਵਾਰਡ ਜੇਤੂ ਪ੍ਰੋ. ਕਿਰਪਾਲ ਕਜ਼ਾਕ ਨੂੰ ਭੇਟ ਕਰਦਿਆਂ।

ਇਕ ਮੀਡੀਆ ਰਿਪੋਰਟ ਅਨੁਸਾਰ ਲੰਡਨ ਦੇ ਰੈਸਟੋਰੈਂਟਾਂ ਵਿਚ ਖਾਣੇ ਦੇ ਮੀਨੂ (ਭੋਜਨ ਸੂਚੀ) ਵਿਚ ਹਰ ਖਾਣ ਵਾਲੀ ਚੀਜ਼ ਦਾ ਰੇਟ ਅਤੇ ਉਸ ਵਿਚਲੀਆਂ ਕੈਲੋਰੀਆਂ ਦੀ ਮਾਤਰਾ ਵੀ ਲਿਖੀ ਮਿਲਦੀ ਹੈ। ਖਾਣ ਵਾਲਾ ਸ਼ਸ਼ੋਪੰਜ ਵਿਚ ਹੀ ਪਿਆ ਰਹਿੰਦੈ ਕਿ ਕੀ ਖਾਵੇ ਤੇ ਕੀ ਛਡੇ?

ਪਰ ਇਹ ਵੀ ਸੱਚ ਹੈ ਕਿ ਜਿਧਰੋਂ ਰੋਕਿਆ ਜਾਵੇ ਬੰਦਾ ਓਧਰ ਨੂੰ ਹੀ ਜਾਂਦੈ। ਰੱਬ ਨੇ 'ਈਵ' (ਹਵਾ/ਔਰਤ) ਨੂੰ ਸੁਰਗ ਵਿਚ ਸੇਬ ਖਾਣੋਂ ਰੋਕਿਆ ਸੀ। ਸ਼ੈਤਾਨ ਦੇ ਕਹਿਣੇ 'ਚ ਆ ਕੇ ਉਸ ਨੇ ਨਾਂ ਸਿਰਫ ਆਪ ਹੀ ਉਹ ਵਰਜਿਤ ਫਲ ਖਾਧਾ ਸਗੋਂ 'ਆਦਮ' (ਬੰਦਾ) ਨੂੰ ਵੀ ਖੁਆਇਆ! ਇਸੇ ਲਈ ਤਾਂ ਕਹਾਵਤ ਬਣੀ ਹੈ ਕਿ ਵਰਜਿਤ ਫਲ ਮਿੱਠਾ ਲਗਦੈ। ਅਸੀਂ ਵੀ ਤਾਂ ਆਖਿਰ ਈਵ ਤੇ ਆਦਮ ਦੀ ਔਲਾਦ ਹਾਂ, ਵਰਜਿਤ ਫਲ ਤਾਂ ਖਾਂਵਾਂਗੇ ਹੀ। ਉਂਝ ਵੀ 'ਜ਼ਿੰਦਗੀ ਜ਼ਿੰਦਾ ਦਿਲੀ ਕਾ ਨਾਮ ਹੈ/ਮੁਰਦਾ ਦਿਲ ਕਯਾ ਖਾਕ ਜੀਆ ਕਰਤੇ ਹੈਂ'?

ਵੈਸੇ, ਹਾਸੇ-ਮਜ਼ਾਕ ਵਿਚ ਥੋੜੀ ਸੰਜੀਦਗੀ ਨਾਲ ਸੋਚੀਏ ਤਾਂ 'ਮਾਡਰੇਸ਼ਨ' (ਨਿਯਮਤਤਾ/ਸੰਜਮ) ਆਦਰਸ਼ਕ ਜ਼ਿੰਦਗੀ ਦਾ ਸਾਰ ਹੈ। ਗੁਰੂ ਗੋਬਿੰਦ ਸਿੰਘ ਜੀ ਤਾ 'ਅਲਪ ਅਹਾਰ ਸੁਲਪ ਸੀ ਨਿੰਦ੍ਰਾ' (ਘਟ ਖਾਣ ਅਤੇ ਘਟ ਸੌਣ) ਦੀ ਨਸੀਹਤ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-"ਬਾਬਾ ਹੋਰੁ ਖਾਣਾ ਖੁਸੀ ਖੁਆਰ॥ ਜਿਤੁ ਖਾਧੈ ਤਨੁ ਪੀੜੀਐ ਮਨ, ਮਹਿ ਚਲਹਿ ਵਿਕਾਰ"॥ ਮਿੱਠੇ ਬਾਰੇ ਤਾਂ ਸ਼ੇਖ ਫਰੀਦ ਨੇ ਗੱਲ਼ ਹੀ ਮੁਕਾ ਦਿਤੀ- "ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ"॥

ਸੰਜਮ ਨਾਲ ਖਾਣ ਦੇ ਨਾਲ ਜੇ ਸੈਰ-ਕਸਰਤ ਵੀ ਜੁੜ ਜਾਏ ਤਾਂ ਡਾਕਟਰ ਦੇ ਜਾਣ ਦੀ ਲੋੜ ਹੀ ਨਹੀਂ ਪਏਗੀ। ਡਾਕਟਰ ਪ੍ਰਹੇਜ਼ਗਾਰੀ ਅਤੇ ਕਈ ਖਾਣ-ਪੀਣ ਦੀਆਂ ਵਸਤਾਂ ਤੋਂ ਇਸ ਲਈ ਵਰਜਦੇ ਹਨ ਕਿ ਸਾਡੀ ਉਮਰ ਵਿਚ ਕੁਝ ਹੋਰ ਸਾਲ ਜੁੜ ਜਾਣ। 'ਤੇ ਜਾਂ ਫਿਰ ਅਸੀਂ ਸਿਹਤਮੰਦ ਰਹੀਏ। ਪਰ ਕਹਿੰਦੇ ਹਨ ਕਿ ਜ਼ਿੰਦਗੀ ਵਿਚਲੇ ਸਾਲ ਮਹੱਤਵਪੂਰਨ ਨਹੀਂ ਹੁੰਦੇ,ਸਾਲਾਂ ਵਿਚਲੀ ਜ਼ਿੰਦਗੀ ਵਧੇਰੇ ਮਾਇਨੇ ਰਖਦੀ ਹੈ। ਹੁਣ ਕਬਰ'ਚ ਲੱਤਾਂ ਹਨ,ਨਦੀ ਕਿਨਾਰੇ ਰੁਖੜਾ ਹੈ, ਯਾਰੋ ਖਾਂਦੇ-ਪੀਂਦੇ ਮਰਦੇ ਆਂ। ਮਨ-ਪਸੰਦ ਦੀ ਸ਼ੈ ਖਾਣ ਨੂੰ ਤਰਸ ਤਰਸ ਕੇ ਪਿਛਲੀ ਉਮਰੇ ਦੋ-ਚਾਰ ਸਾਲ ਹੋਰ ਮਿਲ ਵੀ ਗਏ ਤਾਂ ਕੀ ਮਿਲੇ?(ਵੈਸੇ ਧਰਮ ਵਾਲੇ ਤਾਂ ਇਹ ਕਹਿੰਦੇ ਹਨ ਕਿ ਪ੍ਰਾਣੀ ਦੇ ਸਾਹ ਨੀਅਤ ਹਨ, ਨਾਂ ਵਧਾਏ ਤੇ ਨਾਂ ਘਟਾਏ ਜਾ ਸਕਦੇ ਹਨ)। ਅੰਬ ਅਤੇ ਖਰਬੂਜ਼ੇ ਮੇਰੀ ਕਮਜ਼ੋਰੀ ਹਨ। ਹੁਣ ਦੋਨੋਂ ਮਨ੍ਹਾਂ ਹਨ,ਪਰ ਮੈਂ ਕਦੇ ਕਦੇ ਦਾਅ ਲਾ ਲੈਨਾਂ। ਮੈ ਤਾਂ ਆਪਣੀ ਮਾਲਕਣ(ਜਿਸ ਨੂੰ ਆਮ ਭਾਸ਼ਾ'ਚ ਪਤਨੀ ਕਹਿੰਦੇ ਹਨ) ਨੂੰ ਕਹਿ ਛਡਿਐ ਹੈ ਕਿ ਜੇ ਮੈਂ ਅੰਬਾਂ-ਖਰਬੂਜ਼ਿਆਂ ਦੀ ਰੁੱਤੇ ਮਰਾਂ ਤਾਂ ਮੇਰੀ ਅਰਥੀ ਨਾਲ ਦੋ-ਚਾਰ ਅੰਬ ਤੇ ਇਕ-ਦੋ ਖਰਬੂਜ਼ੇ ਜ਼ਰੂਰ ਰਖ ਦੇਵੇ। ਉਸ ਨੇ ਵੀ ਦਸ ਛਡਿਐ ਕਿ ਜੇ ਉਹ ਪਹਿਲਾਂ ਚਲ ਵਸੀ (ਵੈਸੇ ਐਦਾਂ ਹੋਣ ਦੇ ਚਾਂਸ ਘਟ ਈ ਹਨ) ਤਾਂ ਉਸ ਲਈ ਕੀ ਕਰਨੈ।

ਇਕ ਦਿਨ ਵਰਜਤਾਂ 'ਤੇ ਫੂਡ-ਬੈਰੀਕੇਡਾਂ (ਭੋਜਨ-ਰੋਕਾਂ) ਤੋਂ ਅੱਕ ਕੇ ਮੈਂ ਡਾਕਟਰ ਨੂੰ ਪੁੱਛਿਆ ਕਿ ਜਨਾਬ ਸਭ ਕੁਝ ਖਾਣ ਤੋਂ ਮਨਾਂ ਕਰੀ ਜਾ ਰਹੇ ਹੋ, ਖਾਈਏ ਤਾਂ ਆਖਿਰ ਕੀ ਖਾਈਏ? ਡਾਕਟਰ ਨੇ ਅਗੋਂ ਮਲਕੜੇ ਜਿਹੇ ਮਲਵੀਂ ਜ਼ੁਬਾਨੇ ਜਵਾਬ ਦਿਤਾ' ਕੁਝ ਭੁੱਖੇ ਰਹਿਣਾ ਸਿੱਖੋ'! ਮੈਂ ਕਿਹਾ, "ਡਾਕਟਰ ਸਾਹਿਬ ! ਭੁੱਖੇ ਰਹਿ ਕੇ ਮਰਨ ਨਾਲੋਂ ਖਾਂਦੇ-ਪੀਂਦੇ ਮਰਨਾਂ ਚੰਗੈ !"



Sri Satguru Jagjit Singh Ji eLibrary NamdhariElibrary@gmail.com

# ਪ੍ਰੋ. ਗੰਡਮ ਦੀ ਪੁਸਤਕ 'ਸੁੱਤੇ ਸ਼ਹਿਰ ਦਾ ਸਫਰ' ਉਪਰ ਚਰਚਾ

**• ਲੇਖਕ ਆਪਣੇ ਆਲੇ ਦੁਆਲੇ 'ਚੋਂ ਹੀ ਲਿਖਣ-ਸਮੱਗਰੀ ਚੁਣਦਾ ਹੈ-ਪ੍ਰੋ. ਗੰਡਮ**




ਪੰਜਾਬੀ ਵਿਰਸਾ ਟਰੱਸਟ ਫਗਵਾੜਾ ਵਲੋਂ ਪ੍ਰਸਿੱਧ ਪੰਜਾਬੀ ਲੇਖਕ ਅਤੇ ਸੀਨੀਅਰ ਪੱਤਰਕਾਰ ਪ੍ਰੋ. ਜਸਵੰਤ ਸਿੰਘ ਗੰਡਮ ਦੀ ਨਵੀਂ ਪੁਸਤਕ 'ਸੁੱਤੇ ਸ਼ਹਿਰ ਦਾ ਸਫਰ' ਉੱਪਰ ਇਕ 'ਪੁਸਤਕ ਚਰਚਾ' ਸਮਾਗਮ ਕੀਤਾ ਗਿਆ। ਇਸ ਦੇ ਪ੍ਰਧਾਨਗੀ ਮੰਡਲ ਵਿਚ ਉੱਘੇ ਸਮਾਜ ਸੇਵੀ ਅਤੇ ਸੱਨਤਕਾਰ ਸ਼੍ਰੀ ਅਸ਼ਵਨੀ ਕੋਹਲੀ, ਸੀਨੀਅਰ ਪੱਤਰਕਾਰ ਸ਼੍ਰੀ ਟੀ.ਡੀ. ਚਾਵਲਾ, ਲੇਖਕ ਸ਼੍ਰੀ ਰਵਿੰਦਰ ਚੋਟ, ਪ੍ਰੋ. ਜਸਵੰਤ ਸਿੰਘ ਗੰਡਮ, ਐਡਵੋਕੇਟ ਐਸ.ਐਲ. ਵਿਰਦੀ ਅਤੇ ਕਾਲਮਨਵੀਸ ਪ੍ਰਿੰ. ਗੁਰਮੀਤ ਪਲਾਹੀ ਸੁਸ਼ੋਭਤ ਸਨ।

ਆਪਣੀ ਪੁਸਤਕ ਬਾਰੇ ਬੋਲਦਿਆਂ ਪ੍ਰੋ. ਗੰਡਮ ਨੇ ਕਿਹਾ ਕਿ ਲੇਖਕ ਆਪਣੀ ਲਿਖਣ ਸਮੱਗਰੀ ਆਪਣੇ ਆਲੇ ਦੁਆਲੇ ਵਿਚੋਂ ਹੀ ਇਕੱਤਰ ਕਰਦਾ ਹੈ। "ਸਮਾਜ ਜੋ ਕੁਝ ਵੀ ਲੇਖਕ ਨੂੰ ਦਿੰਦਾ ਹੈ, ਉਹੀ ਕੁਝ ਉਹ ਸਮਾਜ ਨੂੰ ਮੋੜਦਾ ਹੈ," ਉਨ੍ਹਾਂ ਕਿਹਾ। ਇਥੇ ਉਨ੍ਹਾਂ ਸਾਹਿਰ ਲੁਧਿਆਣਵੀ ਦਾ ਇਕ ਮਸ਼ਹੂਰ ਸ਼ੇਅਰ ਵੀ ਬੋਲਿਆ- "ਦੁਨੀਆ ਨੇ ਤਜਰਬਾਤ-ਓ-ਹਵਾਦਿਸ ਕੀ ਸ਼ਕਲ ਮੇਂ,/ ਜੋ ਕੁਛ ਮੁਝੇ ਦੀਆ ਹੈ ਵੋ ਲੌਟਾ ਰਹਾ ਹੂੰ ਮੈਂ"।

ਪ੍ਰੋ. ਗੰਡਮ ਨੇ ਅਗੋਂ ਕਿਹਾ ਕਿ ਲੇਖਕ ਤੂੜੀ ਦੇ ਢੇਰ ਵਿਚੋਂ ਦਾਣੇ ਅਲੱਗ ਕਰਦਾ ਹੈ, ਆਟੇ ਨੂੰ ਛਾਨਣੀ ਲਾ ਕੇ ਆਟਾ ਅਤੇ ਬੂਰਾ ਵੱਖਰੇ ਵੱਖਰੇ ਕਰਦਾ ਹੈ। ਇਸ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਜ਼ਿੰਦਗੀ ਦੇ ਤਜਰਬਿਆਂ, ਲੋਕਾਂ ਦੇ ਮਸਲਿਆਂ ਅਤੇ ਆਲੇ ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਉਹ ਕਸ਼ੀਦ ਕੀਤੇ ਸ਼ਬਦਾਂ ਦਾ ਜਾਮਾ ਪਹਿਨਾਉਂਦਾ ਹੈ। ਜੋ ਕੁਝ ਵੀ ਭੱਦਾ ਜਾਂ ਘ੍ਰਿਣਿਤ ਹੁੰਦਾ ਹੈ ਉਸ ਨੂੰ ਛਾਨਣੀ ਲਾ ਕੇ ਬਾਹਰ ਕਢ ਦਿੰਦਾ ਹੈ। ਲੇਖਕ ਆਪਣੀ ਕਾਲਪਨਿਕਤਾ ਦਾ ਵੀ ਪ੍ਰਯੋਗ ਕਰਦਾ ਹੈ। ਪ੍ਰੋ. ਗੰਡਮ ਨੇ ਸਾਹਿਤ ਨੂੰ ਸਮਾਜ ਦਾ ਦਰਪਨ ਕਿਹਾ।

ਆਪਣੀਆਂ ਵਿਅੰਗਆਤਮਕ ਲਿਖਤਾਂ ਬਾਰੇ ਉਨ੍ਹਾਂ ਕਿਹਾ ਕਿ ਵਿਅੰਗ ਭਲੀ ਕਿਸਮ ਦਾ ਹੈ। ਬਹੁਤੇ ਲੋਕ ਦੂਸਰਿਆਂ ਉੱਪਰ ਹੱਸਣਾ ਪਸੰਦ ਕਰਦੇ ਹਨ। ਪਰ ਕਦੀ ਕਦੀ ਆਪਣੇ-ਆਪ ਉੱਪਰ ਵੀ ਹਸ ਲੈਣਾ ਚਾਹੀਦੈ। ਵੈਸੇ, ਹਾਸਾ ਉਹ ਹੀ ਅੱਛਾ ਹੁੰਦੈ ਜੋ ਸਭ ਰਲ ਕੇ ਹਸਣ"।

ਪ੍ਰਸਿੱਧ ਕਾਲਮਨਵੀਸ ਪ੍ਰਿੰ: ਗੁਰਮੀਤ ਪਲਾਹੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪ੍ਰੋ. ਗੰਡਮ ਦੀ ਪੁਸਤਕ ਬਹੁ-ਪਰਤੀ ਹੈ ਜਿਸ ਵਿਚ ਵਿਚਾਰਆਤਮਕ ਲੇਖ, ਕਟਾਕਸ਼, ਅਨੁਵਾਦਿਤ ਕਹਾਣੀਆਂ ਅਤੇ ਇਕ ਸਖੀ ਦਿਲ ਇਨਸਾਨ ਕੁਲਵਿੰਦਰ ਸਿੰਘ ਬਾਸੀ ਦੇ ਤੁਰ ਜਾਣ 'ਤੇ ਦੁਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 144 ਪੰਨਿਆਂ ਦੀ ਪੁਸਤਕ ਵਿਚ 28 ਲੇਖ ਹਨ ਜਿਨ੍ਹਾਂ ਵਿਚੋਂ 11 ਵਿਚਾਰਾਤਮਕ, 8 ਵਿਅੰਗਮਈ, 4 ਅਨੁਵਾਦਿਤ ਕਾਹਣੀਆਂ, 4 ਪੰਛੀਆਂ ਬਾਰੇ ਅਤੇ ਇਕ ਆਪਣੇ ਮਿੱਤਰ ਦੇ ਤੁਰ ਜਾਣ ਉਪਰ ਲੇਖ ਹਨ। ਉਨ੍ਹਾਂ ਨੇ ਟਰਾਟਸਕੀ ਲੈਨਿਨ ਵਲੋਂ ਕੀਤੀ ਗਈ ਟਿੱਪਣੀ ਦਾ ਜ਼ਿਕਰ ਕੀਤਾ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਜਿਸ ਰਾਹੀਂ ਲੇਖਕ ਸਮਾਜਕ ਵਿਵਸਥਾ ਦੀ ਸਥਿਤੀ ਨੂੰ ਵੇਖ ਕੇ ਉਸ ਵਿਚਲੇ ਚਿੱਬਾਂ ਨੂੰ ਠੀਕ ਕਰਨ ਲਈ ਇਹ ਹਥੌੜੇ ਦਾ ਕੰਮ ਵੀ ਕਰਦਾ ਹੈ। ਪ੍ਰਿੰ. ਪਲਾਹੀ ਨੇ ਕਿਹਾ ਕਿ ਪ੍ਰੋ. ਗੰਡਮ ਦੀ ਪੁਸਤਕ ਕਾਲੇ ਰੰਗ ਦੀ ਕੈਨਵਸ ਉੱਤੇ ਰੰਗੀਲੇ ਫੁਲ ਦੀ ਤਰ੍ਹਾਂ ਹੈ, ਜਿਹੜੀ ਮਨੁੱਖੀ ਹੋਂਦ ਦੇ ਖ਼ਤਰੇ ਦੀ ਸਥਿਤੀ ਨੂੰ ਸਮਝ ਕੇ ਉਸ ਖ਼ਤਰੇ ਤੋਂ ਮੁਕਤ ਹੋਣ ਦੇ ਸੰਭਾਵੀ ਅਤੇ ਸੰਭਵ ਯਤਨਾਂ ਪ੍ਰਤੀ ਸੁਚੇਤ ਕਰਦੀ ਹੈ। ਪੰਜਾਬੀ ਲੇਖਕ ਰਵਿੰਦਰ ਚੋਟ ਨੇ ਇਸ ਕਿਤਾਬ ਨੂੰ ਕਵਿਤਾ ਵਿਚ ਵਾਰਤਕ ਕਹਿ ਕੇ ਵਡਿਆਇਆ। ਐਡਵੋਕੇਟ ਐਸ.ਐਲ. ਵਿਰਦੀ ਨੇ ਪੁਸਤਕ ਵਿਚਲੀਆਂ ਅਨੁਵਾਦਿਤ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ। ਟੀ.ਡੀ. ਚਾਵਲਾ ਨੇ ਕਿਹਾ ਕਿ ਕਿਤਾਬ ਬੜੀ ਖੋਜ ਭਰਪੂਰ ਹੈ। ਅਸ਼ਵਨੀ ਕੋਹਲੀ ਨੇ ਪ੍ਰੋ. ਗੰਡਮ ਦੀ ਬੇਬਾਕੀ ਅਤੇ ਦਲੇਰੀ ਦੀ ਸਲਾਹਨਾ ਕੀਤੀ।

ਇਸ ਮੌਕੇ ਪੰਜਾਬੀ ਕਵੀ ਬਲਦੇਵ ਰਾਜ ਕੋਮਲ ਨੇ ਸਰੋਤਿਆਂ ਨੂੰ ਆਪਣੀ ਗਜ਼ਲ ਸੁਣਾਈ। ਪ੍ਰਵਿੰਦਰਜੀਤ ਸਿੰਘ ਨੇ ਮੰਚ ਸੰਚਾਲਨ ਕੀਤਾ। ਹੋਰਨਾਂ ਤੋਂ ਇਲਾਵਾ ਸਮਾਗਮ ਵਿਚ ਸ਼੍ਰੀਮਤੀ ਬੰਸੋ ਦੇਵੀ, ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ, ਕਾਮਰੇਡ ਜੈਪਾਲ, ਮਾਸਟਰ ਮਨਦੀਪ ਸਿੰਘ, ਨਰਿੰਦਰ ਸੈਣੀ, ਸੁਖਵਿੰਦਰ ਸਿੰਘ ਸੱਲ, ਮਨੋਹਰ ਸਿੰਘ ਪੰਚ, ਗੋਬਿੰਦ ਸਿੰਘ, ਮੈਡਮ ਗੁਰਪ੍ਰੀਤ ਕੌਰ, ਮੈਡਮ ਸੁਖਜੀਤ ਕੌਰ, ਮੋਨਿਕਾ, ਸਿਮਰਨਜੀਤ ਕੌਰ, ਰੇਖਾ, ਗਗਨਜੀਤ ਕੌਰ, ਪਾਲਕੀ, ਕਮਲੇਸ਼ ਸੰਧੂ ਹਾਜ਼ਰ ਸਨ।

••


Sri Satguru Jagjit Singh Ji eLibrary NamdhariElibrary@gmail.com





. Sri Satguru Jagjit Singh Ji eLibrary NamdhariElibrary@gmail.com .

# ਜਿਊਂਦੇ ਜੀ ਕਿਸੇ 'ਤੇ ਏਨੇ ਇਲਜ਼ਾਮ ਨਾ ਲਗਾਓ ਕਿ ਉਸ ਦੇ ਜਾਣ ਮਗਰੋਂ ਸਫ਼ਾਈਆਂ ਦੇਣੀਆਂ ਔਖੀਆਂ ਹੋ ਜਾਣ : ਮਨਕੀਰਤ ਔਲਖ



ਚੰਡੀਗੜ੍ਹ: ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਕਲੀਨ ਚਿੱਟ ਮਿਲਣ ਤੋਂ ਬਾਅਦ ਪੰਜਾਬੀ ਗਾਇਕ ਮਨਕੀਰਤ ਔਲਖ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕੀਤੀ ਹੈ। ਉਹਨਾਂ ਲਿਖਿਆ, "ਪਤਾ ਨਹੀਂ ਦੁਨੀਆ 'ਤੇ ਕਿੰਨੇ ਹੋਰ ਦਿਨ ਦਾ ਮਹਿਮਾਨ ਹਾਂ। ਗੈਂਗਸਟਰ ਪਿਛਲੇ ਕਰੀਬ 1 ਸਾਲ ਤੋਂ ਮੈਨੂੰ ਧਮਕੀਆਂ ਦੇ ਰਹੇ ਨੇ। ਜਿਊਂਦੇ ਜੀ ਕਿਸੇ 'ਤੇ ਏਨੇ ਇਲਜ਼ਾਮ ਨਾ ਲਗਾਓ ਕਿ ਉਸ ਦੇ ਜਾਣ ਮਗਰੋਂ ਸਫ਼ਾਈਆਂ ਦੇਣੀਆਂ ਔਖੀਆਂ ਹੋਣ। ਇਕ ਦਿਨ ਆਏ ਹਾਂ ਤੇ ਇਕ ਦਿਨ ਸਾਰਿਆਂ ਨੇ ਜਾਣਾ ਇਸ ਸੰਸਾਰ ਤੋਂ"।

ਪੰਜਾਬੀ ਗਾਇਕ ਨੇ ਅੱਗੇ ਲਿਖਿਆ, "ਪਹਿਲਾਂ ਹੀ ਕਿੰਨੀਆਂ ਮਾਵਾਂ ਦੇ ਪੁੱਤ ਬਿਨਾਂ ਕਿਸੇ ਕਾਰਨ ਤੋਂ ਚਲੇ ਗਏ। ਸਾਰਿਆਂ ਨੂੰ ਅਪੀਲ ਹੈ ਕਿ ਇਸ ਕੰਮ ਨੂੰ ਇੱਥੇ ਹੀ ਰੋਕ ਦਿਓ ਤਾਂ ਜੋ ਕਿਸੇ ਹੋਰ ਮਾਂ ਨੂੰ ਇਸ ਦੁੱਖ 'ਚੋਂ ਨਾ ਲੰਘਣਾ ਪਵੇ"।

ਦੱਸ ਦੇਈਏ ਕਿ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਮਨਕੀਰਤ ਔਲਖ ਨੂੰ ਕਲੀਨ ਚਿੱਟ ਮਿਲ ਗਈ ਹੈ। ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਦੇ ਏ.ਡੀ.ਜੀ.ਪੀ. ਪ੍ਰਮੋਦ ਬਾਨ ਨੇ ਇਕ ਮੀਡੀਆ ਅਦਾਰੇ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹਨਾਂ ਦੀ ਤਫਤੀਸ਼ ਦੌਰਾਨ ਇਸ ਮਾਮਲੇ ਵਿਚ ਮਨਕੀਰਤ ਔਲਖ ਦਾ ਨਾਂਅ ਸਾਹਮਣੇ ਨਹੀਂ ਆਇਆ ਹੈ।

ਸਿੱਧੂ ਮੂਸੇਵਾਲਾ ਦਾ 'ਐਸ.ਵਾਈ.ਐੱਲ.' ਗੀਤ ਆਉਣ ਤੋਂ ਬਾਅਦ ਬੱਬੂ ਮਾਨ ਨੂੰ ਸੋਸ਼ਲ ਮੀਡੀਆ 'ਤੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਕ ਲਾਈਵ ਸ਼ੋਅ ਦੇ ਦੌਰਾਨ ਗਾਇਕ ਅਤੇ ਅਦਾਕਾਰ ਬੱਬੂ ਮਾਨ ਨੇ ਫੇਸਬੁੱਕ 'ਤੇ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਠੋਕਵਾਂ ਜਵਾਬ ਦਿੱਤਾ ਹੈ। ਉਨ੍ਹਾਂ ਨੇ ਆਪਣੇ ਸ਼ਾਇਰਾਨਾ ਅੰਦਾਜ਼ 'ਚ ਜਵਾਬ ਦਿੱਤਾ ਹੈ । 'ਆਓ ਨਿੱਜੀ ਰੰਜਿਸ਼ਾ ਛੱਡ ਕੇ ਪੜ੍ਹੀਏ ਬਾਬੇ ਦੀ ਬਾਣੀ, ਤਰਸ ਤਰਸ ਕੇ ਮਰ ਜਾਓਗੇ ਜਿੱਦਣ ਮੁੱਕ ਗਿਆ ਪਾਣੀ। ਹਰ ਮੁਜ਼ਰਿਮ ਦੇ ਖਾਨੇ ਵਿੱਚ ਬੇਈਮਾਨ ਭਰਿਆ ਕਰੋ, ਫੇਸਬੁੱਕੀ ਵਿਦਵਾਨੋ ਮੇਰੀ ਕਿਰਦਾਰਨੋਸ਼ੀ ਕਰਿਆ ਕਰੋ'। ਬੱਬੂ ਮਾਨ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ ।



ਦੱਸ ਦਈਏ ਕਿ ਬੀਤੇ ਦਿਨ ਸਿੱਧੂ ਮੂਸੇਵਾਲਾ ਦਾ ਗੀਤ 'ਐਸ.ਵਾਈ.ਐੱਲ.' ਆਇਆ ਹੈ। ਇਸ ਗੀਤ ਨੇ ਯੂ-ਟਿਊਬ 'ਤੇ ਲਗਾਤਾਰ ਟ੍ਰੈਂਡ ਕੀਤਾ। ਪਰ ਕੇਂਦਰ ਸਰਕਾਰ ਨੇ 24 ਘੰਟਿਆਂ ਬਾਅਦ ਇਸ ਨੂੰ ਯੂ-ਟਿਊਬ ਤੋਂ ਹਟਾ ਦਿੱਤਾ। ਇਸ ਦੇ ਨਾਲ ਹੀ ਇਸ ਗੀਤ ਦੀ ਪੰਜਾਬ ਹੀ ਨਹੀਂ ਦੇਸ਼ ਵਿਦੇਸ਼ 'ਚ ਵੀ ਚਰਚਾ ਹੋ ਰਹੀ ਹੈ।

ਸਿੱਧੂ ਮੂਸੇਵਾਲਾ ਨੇ ਇਸ ਗੀਤ 'ਚ ਪੰਜਾਬ ਦੇ ਮੁੱਦਿਆਂ ਨੂੰ ਬਿਆਨ ਕੀਤਾ ਹੈ ਅਤੇ ਬੜੇ ਜ਼ੋਰ ਸ਼ੋਰ ਦੇ ਨਾਲ ਇਨ੍ਹਾਂ ਮੁੱਦਿਆਂ ਨੂੰ ਲੋਕਾਂ ਤੱਕ ਪਹੁੰਚਾਇਆ ਹੈ ਅਤੇ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੱਸ ਦਈਏ ਕਿ ਸਿੱਧੂ ਮੂਸੇਵਾਲ ਦਾ ਕਤਲ ਬੀਤੀ 29 ਮਈ ਨੂੰ ਕੁਝ ਹਥਿਆਰਬੰਦ ਲੋਕਾਂ ਵੱਲੋਂ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਇਸ ਮਾਮਲੇ 'ਚ ਪੁਲਿਸ ਲਗਾਤਾਰ ਮੁਲਜ਼ਮਾਂ ਦੀ ਧਰ ਪਕੜ ਕਰ ਰਹੀ ਹੈ।



Sri Satguru Jagjit Singh Ji eLibrary NamdhariElibrary@gmail.com

# ਯੋਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ ਦਾ ਲੁਧਿਆਣਾ ਵਿੱਚ ਸਨਮਾਨ

**• ਸਮਾਗਮ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀ ਦੇ ਸਾਬਕਾ ਉਪ ਕੁਲਪਤੀ ਡਾ. ਸ. ਪ. ਸਿੰਘ ਨੇ ਕੀਤੀ**



ਲੁਧਿਆਣਾ: ਲੋਕ ਮੰਚ ਪੰਜਾਬ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਲੁਧਿਆਣਾ ਦੇ ਸਹਿਯੋਗ ਨਾਲ ਗੁੱਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਵਿਚ ਪੰਜਾਬੀ ਮਾਂ ਬੋਲੀ ਦੇ ਜਾਏ ਪੰਜਾਬੀਅਤ ਦੇ ਸਰਵਣ ਪੁੱਤਰ ਅਤੇ ਯੂਰਪੀ ਪੰਜਾਬੀ ਸੱਥ ਯੂਕੇ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੂੰ ਪੰਜਾਬ ਦਾ ਮਾਣ ਪੁਰਸਕਾਰ ਵਿੱਚ ਇਕਵੰਜਾ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਫੁਲਕਾਰੀ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਪ੍ਰਚਾਰ ਪੁਸਤਕ ਸੱਭਿਆਚਾਰ ਅਤੇ ਮਾਂ ਬੋਲੀ ਪ੍ਰਸਾਰ ਹਿੱਤ ਕੀਤੇ ਵਡਮੁੱਲੇ ਕਾਰਜਾਂ ਦੇ ਲਈ ਦਿੱਤਾ ਗਿਆ।

ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪ੍ਰਧਾਨ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਰਸਮੀ ਤੌਰ ਤੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਅੱਜ ਸਾਡੇ ਲਈ ਖੁਸ਼ੀ ਵਾਲੀ ਗੱਲ ਹੈ ਕਿ ਲੋਕ ਮੰਚ ਪੰਜਾਬ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਮੁਦਈ ਸਰਦਾਰ ਮੋਤਾ ਸਿੰਘ ਸਰਾਏ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਸ. ਮੋਤਾ ਸਿੰਘ ਦੀ ਜਾਣ ਪਛਾਣ ਕਰਵਾਉਂਦਿਆਂ ਹੋਇਆ ਉਨ੍ਹਾਂ ਨੇ ਕਿਹਾ ਕਿ ਪੇਸ਼ੇ ਵਜੋਂ ਭਾਵੇਂ ਉੱਥੇ ਵਿੱਤੀ ਸਲਾਹਕਾਰ ਹਨ ਪਰ ਪੰਜਾਬੀ ਕਿਤਾਬਾਂ ਪ੍ਰਤੀ ਮੋਹ ਇਸ ਗੱਲ ਤੋਂ ਝਲਕਦਾ ਹੈ ਕਿ ਉਹ ਹੁਣ ਤੱਕ ਸਤਾਰਾਂ ਕਰੋੜ ਰੁਪਏ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਵਾ ਕੇ ਪਾਠਕਾਂ ਤੱਕ ਪੁੱਜਦਾ ਕਰ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਨਾਲ ਵੀ ਉਨ੍ਹਾਂ ਦੀ ਸਾਂਝ ਪੁਰਾਣੀ ਹੈ ਕੋਰੋਨਾ ਕਾਲ ਦੌਰਾਨ ਹੋਏ ਬਹੁਤ ਸਾਰੇ ਆਨਲਾਈਨ ਪ੍ਰੋਗਰਾਮਾਂ ਵਿੱਚ ਉਹ ਅਕਸਰ ਹੀ ਸ਼ਿਰਕਤ ਕਰਦੇ ਰਹੇ ਹਨ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਇਸ ਮੌਕੇ ਕਿਹਾ ਕਿ ਪੁਸਤਕ ਸੱਭਿਆਚਾਰ ਨੂੰ ਅਥਾਹ ਮੁਹੱਬਤ ਕਰਨ ਵਾਲੇ ਮੋਤਾ ਸਿੰਘ ਸਰਾਏ ਨੇ ਯੂਰਪ ਵਿੱਚ ਵਸੇ ਪੰਜਾਬੀ ਸਾਹਿਤਕਾਰਾਂ ਤੇ ਪਾਠਕਾਂ ਨੂੰ ਜੋੜ ਕੇ ਇਕ ਕਾਫ਼ਲਾ ਤਿਆਰ ਕੀਤਾ ਹੈ। ਆਸਟ੍ਰੇਲੀਆ ਕੈਨੇਡਾ ਅਮਰੀਕਾ ਅਤੇ ਖਾੜੀ ਦੇਸ਼ਾਂ ਵਿੱਚ ਵੀ ਯੂਰਪੀ ਪੰਜਾਬੀ ਸੱਥ ਦੀਆਂ 43 ਇਕਾਈਆਂ ਸਥਾਪਤ ਕੀਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੀ ਮਿੱਟੀ ਦਾ ਜੰਮਿਆ ਜਾਇਆ ਮੋਤਾ ਸਿੰਘ ਸਰਾਏ ਘਰ ਘਰ ਸ਼ਬਦ ਸੰਚਾਰ ਨੂੰ ਪਹੁੰਚਾਉਣ ਲਈ ਨਿਰੰਤਰ ਯਤਨਸ਼ੀਲ ਹੈ।

ਡਾ ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਚੇਅਰਮੈਨ ਪੰਜਾਬੀ ਲੋਕ ਮੰਚ ਨੇ ਦੱਸਿਆ ਕਿ ਸ.ਮੋਤਾ ਸਿੰਘ ਸਰਾਏ ਜਲੰਧਰ ਦੇ ਇਕ ਛੋਟੇ ਜਿਹੇ ਪਿੰਡ ਦੇ ਜੰਮਪਲ ਹਨ ਲਾਇਲਪੁਰ ਖਾਲਸਾ ਕਾਲਜ ਜਲੰਧਰ 'ਚ ਆਪਣੀ ਮਾਸਟਰ ਡਿਗਰੀ ਕਰਨ ਉਪਰੰਤ ਉਹ ਲੰਦਨ ਉਚੇਰੀ ਵਿੱਦਿਆ ਦੇ ਲਈ ਚੱਲੇ ਗਈਅਤੇ ਇਸੇ ਧਰਤੀ ਨੂੰ ਉਹਨਾਂ ਨੇ ਆਪਣੀ ਕਰਮ ਭੂਮੀ ਚੁਣਿਆ ਪਰ ਅੱਜ ਉਨ੍ਹਾਂ ਦੀ ਪਛਾਣ ਉਨ੍ਹਾਂ ਦੇ ਸਾਹਿਤਕ ਕਾਰਜਾਂ ਕਰਕੇ ਵਿਸ਼ਵ ਪੱਧਰੀ ਬਣ ਗਈ ਹੈ। ਲੋਕ ਮੰਚ ਪੰਜਾਬ ਦੇ ਪ੍ਰਧਾਨ ਸਰਦਾਰ ਸੁਰਿੰਦਰ ਸਿੰਘ ਸੁੰਨੜ ਯੂ ਐੱਸ ਏ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਮੋਤਾ ਸਿੰਘ ਸਰਾਏ ਨੇ ਹੁਣ ਤੱਕ ਉਹ ਮੁੱਲਵਾਨ ਪੁਸਤਕਾਂ ਛਪਵਾਈਆਂ ਹਨ ਜਿਹੜੀਆਂ ਪੈਸੇ ਦੀ ਥੁੜ ਕਾਰਨ ਹੁਣ ਤੱਕ ਪਾਠਕਾਂ ਤੱਕ ਪਹੁੰਚ ਹੀ ਨਹੀਂ ਸਨ ਸਕੀਆਂ ਸ਼੍ਰੋਮਣੀ ਪੰਜਾਬੀ ਕਵੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਬੁੱਟਰ ਨੇ ਇਸ ਸਮੇਂ ਕਿਹਾ ਕਿ ਸਰਦਾਰ ਮੋਤਾ ਸਿੰਘ ਸਰਾਏ ਨੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹ ਵੇਂ ਪ੍ਰਕਾਸ਼ ਪੁਰਬ ਤੇ ਯੂਕੇ ਤੋਂ ਖਾਸ ਤੌਰ ਇੱਥੇ ਪਹੁੰਚ ਕੇ ਪੰਦਰਾਂ ਹਜ਼ਾਰ ਕਿਤਾਬਾਂ ਆਪਣੇ ਹੱਥੀਂ ਵੰਡੀਆਂ ਉਹ ਨਿਰੰਤਰ ਜਿਸ ਉਤਸ਼ਾਹ ਅਤੇ ਭਾਵਨਾ ਨਾਲ ਕੰਮ ਕਰ ਰਹੇ ਹਨ ਉਸ ਤੋਂ ਇਹ ਨਿਸ਼ਚਿਤ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਹੋਰਨਾਂ ਭਾਸ਼ਾਵਾਂ ਤੋਂ ਕੋਈ ਖ਼ਤਰਾ ਨਹੀਂ ਸਰਦਾਰ ਮੋਤਾ ਸਿੰਘ ਸਰਾਏ ਨੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕਰਦੇ ਹੋਏ ਕਿਹਾ ਕਿ ਪੰਜਾਬੀਆਂ ਕੋਲ ਸਾਹਿਤਿਕ ਅਮੀਰੀ ਅਤੇ ਵਿਰਸਾ ਹੈ ਪਰ ਅਸੀਂ ਅਜੇ ਤਕ ਇਸ ਨੂੰ ਸੰਭਾਲਣ ਦੇ ਵਿੱਚ ਨਾਕਾਮਯਾਬ ਹੋਏ ਹਾਂ ਉਨ੍ਹਾਂ ਕਿਹਾ ਕਿ ਬਾਬਾ ਫ਼ਰੀਦ ਕੁੱਲ ਲੁਕਾਈ ਦਾ ਪਹਿਲਾ ਕਵੀ ਹੈ ਪਰ ਅਸੀਂ ਇਹ ਗੱਲ ਵਿਸ਼ਵ ਪੱਧਰ ਤੱਕ ਵੀ ਪਹੁੰਚਾਉਣ ਵਿੱਚ ਅਸਫ਼ਲ ਰਹੇ ਹਾਂ ਉਨ੍ਹਾਂ ਨੇ ਕਿਹਾ ਕਿ ਪੰਜਾਬੀ ਸੱਥ ਯੂਕੇ ਦਾ ਮੁੱਖ ਉਦੇਸ਼ ਇਹ ਹੈ ਕਿ ਜਿਹਨਾਂ ਲਿਖਤਾਂ ਤੇ ਅਜੇ ਤੱਕ ਕੋਈ ਖੋਜ ਨਹੀਂ ਹੋਈ ਜਾਂ ਕਿਸੇ ਕਾਰਨ ਮਹੱਤਵਪੂਰਨ ਲਿਖਤਾਂ ਅਣਪ੍ਰਕਾਸ਼ਿਤ ਰਹੀਆਂ ਹਨ ਉਨ੍ਹਾਂ ਨੂੰ ਪ੍ਰਕਾਸ਼ਿਤ ਕਰ ਕੇ ਪਾਠਕਾਂ ਤੱਕ ਪੁੱਜਦਾ ਕੀਤਾ ਜਾਵੇ ਉਨ੍ਹਾਂ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਨੂੰ ਅਤਿਅੰਤ ਖੁਸ਼ੀ ਹੈ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਪਰਵਾਸੀ ਪੰਜਾਬੀ ਸਾਹਿਤ ਬਾਰੇ ਸੰਜੀਦਗੀ ਨਾਲ ਕੰਮ ਕਰ ਰਿਹਾ ਹੈ ਅਤੇ ਪਰਵਾਸੀ ਪੰਜਾਬੀ ਲੇਖਕਾਂ ਨੂੰ ਇਕ ਮੰਚ ਵੀ ਮੁਹੱਈਆ ਕਰ ਰਿਹਾ ਹੈ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਜੀ ਨੇ ਪ੍ਰੋਗਰਾਮ ਦੇ ਅਖੀਰ ਤੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਇਸ ਮੌਕੇ ਡਾ ਗੁਰਚਰਨ ਕੌਰ ਕੋਚਰ ਡਾ ਗੁਰਇਕਬਾਲ ਸਿੰਘ ਜਨਰਲ ਸਕੱਤਰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਸ਼ਾਇਰ ਤਰਲੋਚਨ ਲੋਚੀ ਬੁੱਧ ਸਿੰਘ ਨੀਲੋਂ, ਸਰਦਾਰ ਹਰਸ਼ਰਨ ਸਿੰਘ ਨਰੂਲਾ ਮੈਂਬਰ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਪ੍ਰੋਫੈਸਰ ਮਨਜੀਤ ਸਿੰਘ ਛਾਬੜਾ ਡਾ ਭੁਪਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਪ੍ਰੋ ਗੁਰਪ੍ਰੀਤ ਸਿੰਘ ਪ੍ਰੋ ਸ਼ਰਨਜੀਤ ਕੌਰ ਡਾ ਹਰਪ੍ਰੀਤ ਸਿੰਘ ਦੂਆ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਰਹੇ ਇਸ ਮੌਕੇ ਸ ਗੁਰਬਚਨ ਸਿੰਘ ਜਗਪਾਲ ਆਸਟਰੇਲੀਆ, ਸ. ਗੁਰਸ਼ਰਨ ਸਿੰਘ ਨਰੂਲਾ ਮੈਂਬਰ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ, ਪ੍ਰੋ.ਮਨਜੀਤ ਸਿੰਘ ਛਾਬੜਾ, ਡਾ ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ.ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ, ਡਾ. ਤੇਜਿੰਦਰ ਕੌਰ, ਸੁਰਜੀਤ ਭਗਤ, ਸ਼ਾਇਰ ਬਲਵਿੰਦਰ ਸੰਧੂ ਪਟਿਆਲਾ, ਡਾ. ਰਾਮ ਮੂਰਤੀ , ਮਨਦੀਪ ਕੌਰ ਭੰਮਰਾ, ਸੁਰਿੰਦਰਜੀਤ ਚੌਹਾਨ, ਕੁਲਵਿੰਦਰ ਸਿੰਘ ਸਰਾਏ ਜ਼ਿਲ੍ਹਾ ਸਿੱਖਿਆ ਅਫ਼ਸਰ ਨਵਾਂ ਸਹਿਰ ਅਤੇ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਮਿੰਨੀ ਕਹਾਣੀ ਦਰਬਾਰ ਤੇ ਕਹਾਣੀ ਵਿਸ਼ਲੇਸ਼ਣ



ਲੁਧਿਆਣਾ : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਮਿੰਨੀ ਕਹਾਣੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਬੁਲਾਏ ਗਏ ਲੇਖਕਾਂ ਵਲੋਂ ਮਿੰਨੀ ਕਹਾਣੀਆਂ ਦਾ ਪਾਠ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਡਾ.ਲਖਵਿੰਦਰ ਜੌਹਲ, ਡਾ.ਸ਼ਿਆਮ ਸੁੰਦਰ ਦੀਪਤੀ, ਸੁਰਿੰਦਰ ਕੈਲੇ, ਰਵਿੰਦਰ ਸਿੰਘ ਕੰਗ ਅਤੇ ਡਾ.ਗੁਰਇਕਬਾਲ ਸਿੰਘ ਸ਼ਾਮਿਲ ਹੋਏ। ਸ਼ਾਮਿਲ ਲੇਖਕਾਂ ਵਲੋਂ ਮਿੰਨੀ ਕਹਾਣੀ ਦਰਬਾਰ ਤੋਂ ਬਾਅਦ ਵਿਸ਼ੇਸ਼ਗ ਡਾ.ਕੁਲਦੀਪ ਸਿੰਘ ਦੀਪ ਅਤੇ ਪ੍ਰੋ. ਗੁਰਦੀਪ ਸਿੰਘ ਢਿਲੋਂ ਨੇ ਆਪਣੀਆਂ ਵਿਦਵਤ ਟਿੱਪਣੀਆਂ ਰਾਹੀਂ ਅਜੋਕੀ ਮਿੰਨੀ ਕਹਾਣੀ ਦੀ ਦਿਸ਼ਾ ਅਤੇ ਰੂਪਕ ਪੱਖ ਤੇ ਭਰਪੂਰ ਚਰਚਾ ਕੀਤੀ।

ਸਮਾਗਮ ਦੌਰਾਨ ਅਣੂ ਸਤੰਬਰ 2022 ਅੰਕ, 'ਇੱਕ ਮੋਚਰਾ ਇਹ ਵੀ' ਮਿੰਨੀ ਕਹਾਣੀ ਸੰਗ੍ਰਿਹ 'ਸ਼ਬਦ ਤਿੰਝਣ' ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ.ਲਖਵਿੰਦਰ ਜੌਹਲ ਨੇ ਕਿਹਾ ਕਿ ਅਜਿਹੇ ਸਮਾਗਮ ਜਿੱਥੇ ਨਵ-ਲੇਖਕਾਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਹੌਸਲਾ ਅਫ਼ਜਾਈ ਦਿੰਦੇ ਹਨ ਉੱਥੇ ਰਚਨਾਵਾਂ ਉੱਪਰ ਵਿਦਵਾਨਾਂ ਦੀਆਂ ਟਿੱਪਣੀਆਂ ਅਜੋਕੇ ਸਾਹਿਤ ਦਾ ਮੁਲਾਂਕਣ ਕਰਦੀਆਂ ਹਨ। ਮੈਂ ਵੀ ਦਹਾਕਾ ਪਹਿਲਾਂ ਮਿੰਨੀ ਕਹਾਣੀ ਲਿਖ ਕੇ ਸਾਹਿਤ ਦੇ ਪਿੜ ਵਿਚ ਆਇਆ ਸੀ, ਜਿਸ ਨੂੰ 'ਅਣੂ' ਪੱਤਰਕਾਂ ਨੇ ਛਾਪ ਕੇ ਮੈਨੂੰ ਸਾਹਿਤ ਰਚਨਾ ਵੱਲ ਉਤਸ਼ਾਹਿਤ ਕੀਤਾ। ਡਾ.ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਅਜਿਹੇ ਸਮਾਗਮ ਅਕਾਡਮੀ ਦੇ ਸਾਹਿਤਕ ਪ੍ਰੋਗਰਾਮਾਂ ਦਾ ਹਿੱਸੇ ਹੁੰਦੇ ਹਨ। ਅਕਾਡਮੀ ਦੇ ਮਿੰਨੀ ਕਹਾਣੀ ਪ੍ਰੋਗਰਾਮ ਨਿਰੰਤਰਤਾ ਦਾ ਹਿੱਸਾ ਹਨ।

ਅਸੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਜੁੜੇ ਰਹਿਣ ਲਈ ਆਪਣੀਆਂ ਸਭਾਵਾਂ ਦੁਬਾਰਾ ਜਤਨ ਕਰਦੇ ਰਹਿੰਦੇ ਹਾਂ। ਸਾਡੀ ਓਂਟਰੀਓ ਫ਼ਰੈਂਡਜ਼ ਕਲੱਬ ਵਲੋਂ ਮਿੰਨੀ ਕਹਾਣੀ ਦੀ ਪੁਸਤਕ 'ਫ਼ਲਕ' ਪੰਜਾਬੀ, ਹਿੰਦੀ ਅਤੇ ਸ਼ਾਹਮੁੱਖੀ ਵਿਚ ਛਾਪ ਕੇ ਵੱਖ-ਵੱਖ ਲਾਇਬ੍ਰੇਰੀਆਂ ਵਿਚ ਪਹੁੰਚਾਣ ਦਾ ਯਤਨ ਕੀਤਾ ਹੈ। ਇਸ ਸਮਾਗਮ ਦੇ ਕਨਵੀਅਰ ਸੁਰਿੰਦਰ ਕੈਲੇ ਅਤੇ ਮੰਚ ਸੰਚਾਲਕ ਜਗਦੀਸ਼ ਰਾਏ ਕੁਲਰੀਆਂ ਸਨ। ਸਮਾਗਮ ਵਿਚ ਦੂਰ-ਦੁਰਾਡਿਆਂ ਤੋਂ ਵੱਡੀ ਗਿਣਤੀ ਵਿਚ ਮਿੰਨੀ ਕਹਾਣੀਕਾਰ ਸ਼ਾਮਿਲ ਹੋਏ। ਡਾ.ਰਵਿੰਦਰ ਭੱਠਲ, ਡਾ. ਗੁਲਜ਼ਾਰ ਪੰਧੇਰ, ਜਨਮੇਜਾ ਜੌਹਲ, ਪਰਮਜੀਤ ਕੌਰ ਮਹਿਕ, ਜਸਬੀਰ ਝੱਜ, ਸਹਿਬਾਜ਼ ਖ਼ਾਨ, ਜਸਵਿੰਦਰ ਕੌਰ ਦੱਧਾਹੂਰ, ਸੁਰਿੰਦਰ ਬਿਰਹਾ, ਸਵਰਨ ਸਿੰਘ ਪਤੰਗ, ਅਮਨਦੀਪ ਕੌਰ, ਜੈਸਮੀਨ ਕੌਰ ਸਿੱਧੂ, ਗੁਰਚਰਨ ਕੌਰ ਕੋਚਰ ਆਦਿ ਸ਼ਾਮਿਲ ਹੋਏ।

# ਮਨ ਮਾਨ 'ਰਾਵੀ ਦੀ ਰੀਝ' ਲੈ ਕੇ ਹਾਜ਼ਰ

ਮੇਰੀ ਬਹੁਤ ਹੀ ਪਿਆਰੀ ਭੈਣਾਂ ਵਰਗੇ ਸਖੀ ਮਨ ਮਾਨ, ਜੋ ਕਿ ਕਿਸੇ ਵੀ ਜਾਣ ਪਹਿਚਾਣ ਦੇ ਮੁਹਥਾਜ ਨਹੀਂ ਹਨ ਕਿਉਂਕਿ ਉਹ ਸਾਹਿਤ ਦੇ ਵਿਹੜੇ ਵਿੱਚ ਪਹਿਲਾਂ ਹੀ ਅਪਣੀ ਇਕ ਨਿਵੇਕਲੀ ਅਤੇ ਸਥਿਰ ਪਹਿਚਾਣ ਬਣਾ ਚੁੱਕੇ ਹਨ। ਉਨ੍ਹਾਂ ਦੀ ਸ਼ਾਇਰੀ ਜਿੰਨੀ ਸਿਖਰ ਤੋਂ ਬੋਲਦੀ ਹੈ ਓਨੀ ਹੀ ਗੰਭੀਰ ਅਤੇ ਸੂਖਮ ਖਿਆਲ ਵੀ ਹੁੰਦੀ ਹਨ ਜੋ ਕਿ ਅਸੀਂ ਅਕਸਰ ਹੀ ਫੇਸਬੁਕ ਦੇ ਜ਼ਰੀਏ ਪੜ੍ਹਦੇ ਰਹਿੰਦੇ ਹਾਂ। ਉਹ ਇਕ ਮਾਂ ਅਤੇ ਪਤਨੀ ਹੋਣ ਦੇ ਨਾਲ-ਨਾਲ ਅਧਿਆਪਕੀ ਵੀ ਕਰ ਰਹੇ ਹਨ ਪਰ ਇਸ ਮਸ਼ਰੂਫ਼ੀਅਤ ਵਿੱਚੋਂ ਫੇਰ ਵੀ ਉਨ੍ਹਾਂ ਨੇ ਸਮੇਂ ਦਾ ਦਸਵੰਧ ਕੱਢ ਕੇ ਮਾਂ ਬੋਲੀ ਦੀ ਝੋਲੀ ਪਾਇਆ ਅਤੇ ਅਪਣੇ ਖਿਆਲਾਂ ਦੀ ਰਵਾਨਗੀ ਨੂੰ 'ਰਾਵੀ ਦੀ ਰੀਝ' ਤੱਕ ਲੈ ਕੇ ਆਏ ਹਨ। ਜੋ ਕਿ ਸਾਹਿਤ ਪ੍ਰੇਮੀਆਂ ਲਈ ਬੜੇ ਹੀ ਮਾਣ ਵਾਲੀ ਗੱਲ ਹੈ। ਸੋ ਸਾਡਾ ਸਾਰਿਆਂ ਦਾ ਫਰਜ਼ ਬਣਦਾ ਏ ਕਿ ਉਨ੍ਹਾਂ ਦੀ ਇਸ ਅਣਥੱਕ ਮਿਹਨਤ ਦਾ ਖੁੱਲ੍ਹੇ ਦਿਲ ਨਾਲ ਦਿਲ ਦੀਆਂ ਬਰੂਹਾਂ 'ਤੇ ਦੀਵੇ ਬਾਲ਼ ਕੇ ਇਸਤਕਬਾਲ ਕਰੀਏ ਅਤੇ ਪਿਆਰ ਦੇਈਏ।




ਸਾਨੂੰ ਸਾਡੇ ਸਫਰ ਵਿੱਚ ਇਕ ਹੋਰ ਸਾਥੀ ਮਿਲ ਗਿਆ ਹੈ, ਇਸ ਗੱਲ ਦੀ ਬੇਪਨਾਹ ਖ਼ੁਸ਼ੀ ਮਹਿਸੂਸ ਕਰ ਰਹੀ ਹਾਂ ਅਤੇ ਮਨ ਮਾਨ ਜੀ ਨੂੰ ਢੇਰ ਸਾਰੀਆਂ ਮੁਬਾਰਕਾਂ ਦਿੰਦੀ ਹਾਂ। ਮਨ ਜੀ ਤੁਹਾਡੀ ਇਸ ਕਿਰਤ ਲਈ ਦੁਆ ਕਰਦੀ ਹਾਂ ਕਿ 'ਰਾਵੀ ਦੀ ਰੀਝ' ਸਿਖਰ ਛੋਹੇ ਅਤੇ ਤੁਹਾਡੀ ਮਿਹਨਤ ਨੂੰ ਮਣਾਂ ਮੂਹੀ ਬੂਰ ਪਵੇ।

ਮਨ ਦੇ ਚਾਰੇ ਕੋਨੇ ਰਲ ਕੇ ਕਰਦੇ ਹਨ ਅਰਜੋਈ।
ਸ਼ਾਲਾ ਪੂਰ ਚੜੇ ਰਾਵੀ ਨੇ ਜੋ ਜੋ ਰੀਝ ਸੰਜੋਈ।

**-ਨੀਲੂ ਜਰਮਨੀ**



Sri Satguru Jagjit Singh Ji eLibrary NamdhariElibrary@gmail.com

# ਸੰਗੀਤ ਅਤੇ ਫ਼ਿਲਮ ਇੰਡਸਟਰੀ 'ਚ ਕਦਮ ਵਧਾ ਰਹੀ ਖ਼ੂਬਸੂਰਤੀ ਅਤੇ ਕਲਾ ਦਾ ਸੁਮੇਲ ਐ - ਦੀਪ ਸ਼ਿਖਾ




ਗੁਰਬਾਜ ਗਿੱਲ
ਮੋਬਾਈਲ : 98723-62507


ਹਰ ਇਨਸਾਨ ਵਿੱਚ ਕੋਈ ਨਾ ਕੋਈ ਕਲਾ ਛੁਪੀ ਹੁੰਦੀ ਹੈ। ਲੋੜ ਸਿਰਫ਼ ਇਸ ਗੱਲ ਦੀ ਹੁੰਦੀ ਹੈ ਕਿ ਇਸ ਕਲਾ ਨੂੰ ਵਕਤ ਸਿਰ ਪਹਿਚਾਨਣ ਅਤੇ ਹੀਰੇ ਨੂੰ ਤਰਾਸ਼ਣ ਵਾਲੇ ਕਿਸੇ ਜੌਹਰੀ ਦੀ ਨਿਗਾ ਉਸ ਇਨਸਾਨ 'ਤੇ ਪੈ ਜਾਵੇ। ਜਿਸ ਨਾਲ਼ ਇਹ ਸੁਮੇਲ ਹੋ ਜਾਂਦਾ ਹੈ, ਉਹ ਆਪਣੀ ਮਿਹਨਤ ਅਤੇ ਲਗਨ ਨਾਲ਼ ਇਸ ਕਲਾ ਦੇ ਸਿਰ 'ਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਲੱਗ ਜਾਂਦਾ ਹੈ। ਕਹਿੰਦੇ ਹਨ ਕਿ 'ਲਹਿਰੋਂ ਸੇ ਡਰ ਕਰ ਕਭੀ ਨੌਕਾ ਪਾਰ ਨਹੀਂ ਹੋਤੀ ਔਰ ਕੋਸ਼ਿਸ਼ ਕਰਨੇ ਵਾਲੋਂ ਕੀ ਕਭੀ ਹਾਰ ਨਹੀਂ ਹੋਤੀ'। ਅਜਿਹੀ ਹੀ ਇੱਕ ਮਿਹਨਤੀ ਤੇ ਦ੍ਰਿੜ੍ਹ ਇਰਾਦੇ ਵਾਲ਼ੀ ਸੰਗੀਤ ਅਤੇ ਫ਼ਿਲਮ ਇੰਡਸਟਰੀ ਵਿੱਚ ਸਥਾਪਤੀ ਵੱਲ ਕਦਮ ਵਧਾ ਰਹੀ – ਦੀਪ ਸ਼ਿਖਾ।

ਦੀਪ ਸ਼ਿਖਾ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਪ੍ਰਸਿੱਧੀ ਦੀਆਂ ਬੁਲੰਦੀਆਂ ਛੂਹ ਲਈਆਂ ਹਨ। ਅੱਜ ਐਕਟਿੰਗ ਅਤੇ ਮਾਡਲਿੰਗ ਦੇ ਖ਼ੇਤਰ ਵਿੱਚ ਦੀਪ ਸ਼ਿਖਾ ਕਿਸੇ ਜਾਣ-ਪਹਿਚਾਣ ਦੀ ਮੁਹਥਾਜ ਨਹੀਂ ਹੈ। ਉਸ ਦੁਆਰਾ ਕੀਤੀਆਂ ਵੀਡੀਓ ਐਲਬਮਾਂ ਦੀ ਦਰਸ਼ਕਾਂ ਨੂੰ ਉਡੀਕ ਰਹਿੰਦੀ ਹੈ। ਇਸ ਦੀ ਜਿਉਂਦੀ ਜਾਗਦੀ ਮਿਸਾਲ ਸੰਸਾਰ ਪ੍ਰਸਿੱਧ ਗਾਇਕ ਜੈਜ਼ੀ ਬੀ, ਅਮਰਿੰਦਰ ਗਿੱਲ, ਅੰਮ੍ਰਿਤ ਮਾਨ, ਕੌਰ ਬੀ, ਗਿੰਨੀ ਕਪੂਰ ਅਤੇ ਹੋਰ ਵੀ ਬਹੁਤ ਸਾਰੇ ਕਲਾਕਾਰਾਂ ਦੇ ਗੀਤਾਂ ਵਿੱਚ ਆਪਣੀ ਖ਼ੂਬਸੂਰਤੀ ਅਤੇ ਕਲਾ ਦੇ ਜੌਹਰ ਵਿਖਾ ਕੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ ਹੈ। ਚੰਡੀਗੜ੍ਹ ਵਿਖੇ 2 ਦਸੰਬਰ 1998 ਨੂੰ ਪਿਤਾ ਧਰਮੇਂਦਰ ਸਿੰਘ ਅਤੇ ਮਾਤਾ ਮਾਂਡਵੀ ਦੇਵੀ ਦੇ ਘਰ ਜਨਮੀ ਦੀਪ ਸ਼ਿਖਾ ਨੇ 32 ਮਾਡਲ ਗੋਰਮਿੰਟ ਸਕੂਲ (ਸੀ. ਬੀ. ਐਸ. ਈ.) ਤੋਂ +2 ਤੱਕ ਦੀ ਪੜ੍ਹਾਈ ਫੈਸ਼ਨ ਡਿਜ਼ਾਇਨਿੰਗ ਵਿੱਚ ਪਾਸ ਕੀਤੀ। ਚੰਡੀਗੜ੍ਹ ਵਿਖੇ ਰਹਿ ਕੇ ਐਕਟਿੰਗ ਅਤੇ ਮਾਡਲਿੰਗ ਦੇ ਖ਼ੇਤਰ ਵਿੱਚ ਸਰਗਰਮ ਦੀਪ ਸ਼ਿਖਾ ਨੇ ਬਾਲੀਵੁੱਡ ਕਵਰ ਸੌਂਗ 'ਜਾਨ ਬਣ ਗਏ' ਆਡੀਓ ਲੈਪ ਪ੍ਰੋਡਕਸ਼ਨ ਰਾਹੀਂ ਕੀਤਾ, ਜਿਸ ਨੇ ਬੇਹੱਦ ਮਕਬੂਲੀਅਤ ਦਿਵਾਈ। ਉਸ ਨੇ ਬਹੁਤ ਸਾਰੇ ਪ੍ਰਿੰਟ ਐਡਜ਼, ਟੀ.ਵੀ. ਐਡਜ਼ ਅਤੇ ਮਿਊਜ਼ਿਕ ਵੀਡੀਓਜ਼ ਵਿੱਚ ਮਾਡਲਿੰਗ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ ਹੈ। ਦੀਪ ਸ਼ਿਖਾ ਹੁਣ ਤੱਕ ਪੰਜਾਬੀ ਦੇ ਪ੍ਰਸਿੱਧ ਗਾਇਕਾਂ ਦੇ ਵੀਡੀਓਜ਼ ਵਿੱਚ ਕੰਮ ਕਰ ਚੁੱਕੀ ਹੈ। ਸਪੋਰਟਿੰਗ ਆਰਟਿਸਟ ਤੌਰ 'ਤੇ ਉਸ ਨੇ 2016 ਵਿੱਚ ਕੰਮ ਕਰਨਾ ਸ਼ੁਰੂ ਕੀਤਾ, ਉਸ ਤੋਂ ਬਾਅਦ ਦੀਪ ਸ਼ਿਖਾ ਨੇ ਪਿਛਾਂਹ ਮੁੜ ਕੇ ਨਹੀਂ ਵੇਖਿਆ। ਕਾਫੀ ਸਾਰੇ ਕੰਪੀਟੀਸ਼ਨਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਉਹ ਪਹਿਲੇ ਜਾਂ ਦੂਜੇ ਸਥਾਨ 'ਤੇ ਆਉਂਦੀ ਰਹੀ ਹੈ। ਪਰੰਪਰਾ ਆਰਟਸ ਥੀਏਟਰ ਚੰਡੀਗੜ੍ਹ ਨਾਲ ਟੈਗੋਰ ਥੀਏਟਰ ਚੰਡੀਗੜ੍ਹ ਵਿੱਚ 'ਟੋਬਾ ਟੇਕ ਸਿੰਘ', 'ਇੱਕ ਘੁੱਟ ਦਾਰੂ ਦੀ', 'ਕੁਰਸੀ ਨਾਚ ਨਚਾਏ', 'ਸਰਹੰਦ ਦੀ ਦੀਵਾਰ' ਅਤੇ ਹੋਰ ਵੀ ਬਹੁਤ ਸਾਰੇ ਨਾਟਕਾਂ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਅਤੇ ਖ਼ੂਬ ਨਾਮਣਾ ਖੱਟਿਆ। ਚੰਡੀਗੜ੍ਹ ਦੇ ਸੈਕਟਰ 32 ਬੀ, 1242/01, ਨੇੜੇ ਸ਼ਿਵ ਸ਼ਕਤੀ ਮੰਦਿਰ ਵਿਖੇ ਆਪਣੇ ਪਰਿਵਾਰ ਨਾਲ ਖ਼ੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਹੀ ਦੀਪ ਸ਼ਿਖਾ ਦਾ ਆਉਣ ਵਾਲੇ ਸਮੇਂ ਵਿੱਚ ਫ਼ਿਲਮ, ਸੰਗੀਤ ਅਤੇ ਗਲੈਮਰ ਸੰਸਾਰ ਵਿੱਚ ਇੱਕ ਵੱਖਰਾ ਮੁਕਾਮ ਹੋਵੇਗਾ। ਇਹ ਮਾਣਮੱਤੀ ਮੁਟਿਆਰ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ, ਪੰਜਾਬੀ ਫ਼ਿਲਮ ਸੰਗੀਤ ਅਤੇ ਗਲੈਮਰ ਇੰਡਸਟਰੀ ਨੂੰ ਅਗਲੇ ਮੁਕਾਮ ਤੱਕ ਪਹੁੰਚਾਵੇ ਅਤੇ ਦੀਪ ਸ਼ਿਖਾ ਦਾ ਹਰ ਇੱਕ ਸੁਪਨਾ ਪੂਰਾ ਹੋਵੇ, ਹਰ ਦਿਲ ਤੇ ਰਾਜ ਕਰੇ ਅਤੇ ਸਾਰੀ ਦੁਨੀਆਂ 'ਤੇ ਉਹਦਾ ਨਾਮ ਹੋਵੇ।








Sri Satguru Jagjit Singh Ji eLibrary NamdhariElibrary@gmail.com

# 1965 ਤੋਂ ਲੈ ਕੇ 1985 ਤੱਕ ਦੇ ਪੰਜਾਬੀ ਦੋ-ਗਾਣਿਆਂ ਦੀ ਮਲਿਕਾ ਸੁਰਿੰਦਰ ਸੀਮਾ

1948 ਵਿੱਚ ਪਿਤਾ ਸ਼੍ਰੀ ਕਾਲੀ ਚਰਨ ਅਤੇ ਮਾਤਾ ਵਿੱਦਿਆ ਵੰਤੀ ਦੇ ਘਰ ਕਸ਼ਮੀਰ ਵਿੱਚ ਸੀਮਾ ਦਾ ਜਨਮ ਹੋਇਆ ਸੀਮਾ ਨੂੰ ਬਚਪਨ ਤੋਂ ਹੀ ਸੰਗੀਤ ਦਾ ਸ਼ੌਕ ਸੀ। ਸੀਮਾ ਨੇ ਬੀ. ਏ. ਤੱਕ ਦੀ ਪੜ੍ਹਾਈ ਕੀਤੀ, ਉਪਰੰਤ ਅੰਬਾਲੇ ਆ ਟਿਕੀ ਤੇ ਇਥੇ ਸੰਗੀਤ ਦੀ ਐਮ. ਏ. ਕਰ ਲਈ। ਪਟਿਆਲੇ ਵਾਲੇ ਸਿਰੀ ਰਾਮ ਨਾਲ ਸਟੇਜ਼ਾਂ 'ਤੇ ਗਾਉਣ ਲੱਗ ਪਈ ਤੇ ਸਿਰੀ ਰਾਮ ਨਾਲ ਉਸ ਦੇ ਗੀਤ ਵੀ ਰਿਕਾਰਡ ਹੋਏ ਜਿਨ੍ਹਾਂ 'ਚ

ਕੁੜੀ ਤੂੰ ਧੂਰੀ ਦੀ।
ਹੈ ਸ਼ਹਿਰ ਮੇਰਾ ਪਟਿਆਲਾ
ਜੋੜੀ ਬਣ ਜਾਊਗੀ
ਤੂੰ ਪਿਆਰ ਮੇਰੇ ਨਾਲ ਪਾਲਾ

ਬਹੁਤ ਮਕਬੂਲ ਹੋਇਆ। ਇਹ ਮਿਲਾਪ ਵਿਆਹ ਵਿੱਚ ਤਬਦੀਲ ਹੋ ਗਿਆ ਪਰ ਸਿਰੀ ਰਾਮ ਪਹਿਲਾਂ ਹੀ ਵਿਆਹਿਆ ਹੋਇਆ ਸੀ ਤੇ ਬਾਲ ਬੱਚੇਦਾਰ ਸੀ। ਕੁੱਝ ਦੇਰ ਬਾਅਦ ਸਿਰੀ ਰਾਮ ਦੀ ਮੌਤ ਹੋ ਗਈ। 1967 ਵਿੱਚ ਸੀਮਾਂ ਦਾ ਸੈਟ ਪ੍ਰਸਿੱਧ ਗਾਇਕ ਹਰਚਰਨ ਗਰੇਵਾਲ ਨਾਲ ਹੋ ਗਿਆ। ਅਨੇਕਾਂ ਹੀ ਗੀਤ ਗਰੇਵਾਲ ਸੀਮਾਂ ਦੀ ਆਵਾਜ਼ ਵਿੱਚ ਰਿਕਾਰਡ ਹੋਏ ਤੇ ਜੋੜੀ ਹਿੱਟ ਰਹੀ ਤੇ ਇਹ ਮਿਲਾਪ ਵਿਆਹ 'ਚ ਤਬਦੀਲ ਹੋ ਗਿਆ। ਸੀਮਾ ਸੁਰਿੰਦਰ ਸੀਮਾ ਤੋਂ ਸੀਮਾ ਗਰੇਵਾਲ ਬਣ ਗਈ ਇਤਿਫਾਕ ਕਿ ਗਰੇਵਾਲ ਵੀ ਪਹਿਲਾਂ ਸ਼ਾਦੀ ਸ਼ੁਦਾ ਸੀ



ਘਰੇਲੂ ਕਲੇਸ਼ ਕਰ ਕੇ ਇਹ ਜੋੜੀ ਟੁੱਟ ਗਈ ਉਸ ਤੋਂ ਬਾਅਦ ਸੀਮਾ ਦਾ ਮੇਲ ਸੀਤਲ ਸਿੰਘ ਸੀਤਲ ਨਾਲ ਹੋਇਆ ਦੇਸ਼ ਤੋਂ ਇਲਾਵਾ ਵਿਦੇਸ਼ੀ ਦੌਰੇ ਵੀ ਸੀਮਾ ਸੀਤਲ ਦੇ ਕਾਫੀ ਲੱਗੇ ਅਨੇਕਾਂ ਹੀ ਰਿਕਾਰਡ ਵੀ ਬਣੇ ਇਹ ਮੇਲ ਵੀ ਵਿਆਹ ਵਿੱਚ ਬਦਲ ਗਿਆ ਤੇ ਸੀਮਾ ਸੀਤਲ ਬਣ ਗਈ।

ਕੁਦਰਤ ਦੇ ਰੰਗ ਸੀਤਲ ਵੀ ਪਹਿਲਾਂ ਹੀ ਸ਼ਾਦੀ ਸ਼ੁਦਾ ਸੀ ਸੀਤਲ ਦੇ ਘਰ ਵੀ ਸੀਮਾ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਸੀਮਾ ਨੇ ਆਪਣਾ ਆਖਰੀ ਵਕਤ ਅੰਬਾਲੇ ਗੁਜਾਰਿਆ ਬੜਾ ਔਖਾ ਸਮਾਂ ਦੇਖਿਆ। ਜ਼ਿੰਦਗੀ ਦੀਆਂ ਆਖਰੀ ਘੜੀਆਂ 'ਕੱਲੀ ਨੇ ਕੱਟੀਆਂ ਮੌਤ ਤੋਂ ਹਫਤਾ ਬਾਅਦ ਗੁਆਂਢੀਆ ਨੂੰ ਉਸ ਦੀ ਮੌਤ ਦਾ ਪਤਾ ਲੱਗਾ ਭਾਵੇਂ ਸੀਮਾ ਦੇ ਦੁਗਾਣੇ ਉਸ ਸਮੇਂ ਬਹੁਤ ਚੱਲੇ ਜਿਨ੍ਹਾਂ ਵਿੱਚ "ਮਿਤਰਾਂ ਦੇ ਟਿਊਬਵੈਲ 'ਤੇ ਲੀੜੇ ਧੋਣ ਦੇ ਬਹਾਨੇ ਆ ਜਾ", "ਮੇਰੀ ਘੜੀ 'ਤੇ ਬਾਰਾਂ ਵੱਜੇ ਤੇਰੀ ਵਜਾਉਂਦੀ ਨੌਂ, ਗੋਰੀਏ ਆ ਜਾ ਨੀਂ", "ਤੇਰੇ ਦੁੱਧ ਦੇ ਗਿਲਾਸ, ਵਿੱਚ ਮੱਖਣਾ ਮੈਂ ਘੁਲ ਜਾਵਾਂ ਖੰਡ ਬਣ ਕੇ", "ਮੇਰਾ ਬੜਾ ਕਰਾਰਾ ਪੂਦਨਾ", "ਛੱਡ ਜੇਂ ਗਾ ਟੇਸ਼ਨ ਤੇ ਤੇਰੇ ਨਾਲ ਨੀ ਤਲੰਗਿਆ ਜਾਣਾਂ, ਕਦਰਾਂ ਪਿਆਰ ਦੀਆਂ ਤੂੰ ਕੀ ਜਾਣੇਂ ਅਣਜਾਣਾ", 'ਜੀਜਾ ਅੱਖੀਆਂ ਨਾ ਮਾਰ, ਵੇ ਮੈਂ ਕੱਲ੍ਹ ਦੀ ਕੁੜੀ', 'ਲੌਂਗ ਕਰਾ ਮਿੱਤਰਾ, ਮਛਲੀ ਪਾਉਣਗੇ ਮਾਪੇ'। ਇਕ ਗੱਲ ਹੋਰ ਦੱਸ ਦੇਵਾਂ ਕੁਲਦੀਪ ਮਾਣਕ ਦੀ ਪਹਿਲੀ ਰਿਕਾਰਡਿੰਗ ਵੀ ਸੀਮਾ ਨਾਲ ਹੀ ਹੋਈ ਸੀ। ਪਰ ਸੀਮਾਂ ਦੇ ਗੀਤ ਖੁੱਲ੍ਹੇ ਹੋਣ ਕਰਕੇ ਚਿਰਜੀਵੀ ਨਹੀਂ ਹੋ ਸਕੇ।

••

# ਪੰਜਾਬ ਯੂਨੀਵਰਸਿਟੀ ਦਾ ਪਿਛੋਕੜ ਕੀ ਹੈ

ਪੰਜਾਬ ਯੂਨੀਵਰਸਿਟੀ ਸਾਲ 1882 ਵਿੱਚ ਲਾਹੌਰ (ਹੁਣ ਪਾਕਿਸਤਾਨ) ਵਿੱਚ ਬੰਬਈ, ਕਲਕੱਤਾ ਅਤੇ ਮਦਰਾਸ ਦੀਆਂ ਯੂਨੀਵਰਸਿਟੀਆਂ ਤੋਂ ਬਾਅਦ ਦੇਸ਼ ਵਿੱਚ ਚੌਥੀ ਯੂਨੀਵਰਸਿਟੀ ਵਜੋਂ ਸਥਾਪਿਤ ਕੀਤੀ ਗਈ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ, ਇਸ ਨੇ 1947 ਵਿੱਚ ਚੜ੍ਹਦੇ ਪੰਜਾਬ ਵਿਚ ਯੂਨੀਵਰਸਿਟੀ ਨੇ ਹੁਸ਼ਿਆਰਪੁਰ ਵਿੱਚ ਇੱਕ ਕੈਂਪਸ ਦੇ ਨਾਲ ਆਪਣਾ ਪ੍ਰਸ਼ਾਸਕੀ ਦਫ਼ਤਰ ਸੋਲਨ ਵਿੱਚ ਤਬਦੀਲ ਕਰ ਦਿੱਤਾ।

ਪੰਜਾਬ ਯੂਨੀਵਰਸਿਟੀ ਨੂੰ 1956 ਵਿੱਚ ਚੰਡੀਗੜ੍ਹ ਦੇ ਮੌਜੂਦਾ ਕੈਂਪਸ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਯੂਨੀਵਰਸਿਟੀ ਦੀ ਸਥਾਪਨਾ ਪੰਜਾਬ ਯੂਨੀਵਰਸਿਟੀ ਐਕਟ, 1947 ਦੇ ਤਹਿਤ ਸੰਸਦ ਦੇ ਇੱਕ ਐਕਟ ਦੁਆਰਾ ਕੀਤੀ ਗਈ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਚਾਂਸਲਰ ਦੀ ਨਿਯੁਕਤੀ ਕਰੇਗੀ ਜੋ ਭਾਰਤ ਦੇ ਉਪ ਰਾਸ਼ਟਰਪਤੀ ਹਨ। ਚਾਂਸਲਰ ਅੱਗੇ ਵਾਈਸ ਚਾਂਸਲਰ ਦੀ ਨਿਯੁਕਤੀ ਕਰਦੇ ਹਨ।

1966 ਵਿੱਚ ਪੰਜਾਬ ਦੇ ਪੁਨਰਗਠਨ ਤੱਕ, ਯੂਨੀਵਰਸਿਟੀ ਦੇ ਰੋਹਤਕ, ਸ਼ਿਮਲਾ ਅਤੇ ਜਲੰਧਰ ਵਿੱਚ ਖੇਤਰੀ ਕੇਂਦਰ ਸਨ ਅਤੇ ਇਸ ਦੇ ਮਾਨਤਾ ਪ੍ਰਾਪਤ ਕਾਲਜ




ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਸਥਿਤ ਸਨ। ਚੰਡੀਗੜ੍ਹ ਦਾ ਮੁੱਖ ਕੈਂਪਸ ਸੈਕਟਰ 14 ਅਤੇ 25 ਵਿੱਚ 550 ਏਕੜ ਵਿੱਚ ਫੈਲਿਆ ਹੋਇਆ ਹੈ। ਚੰਡੀਗੜ੍ਹ ਕੈਂਪਸ ਵਿੱਚ 78 ਅਧਿਆਪਨ ਅਤੇ ਖੋਜ ਵਿਭਾਗ/ਸੰਸਥਾਵਾਂ ਹਨ। ਯੂਨੀਵਰਸਿਟੀ ਦੇ 194 ਮਾਨਤਾ ਪ੍ਰਾਪਤ ਅਤੇ 6 ਕਾਂਸਟੀਚੂਐਂਟ ਕਾਲਜ ਪੰਜਾਬ ਅਤੇ ਚੰਡੀਗੜ੍ਹ ਤੋਂ ਇਲਾਵਾ ਮੁਕਤਸਰ, ਲੁਧਿਆਣਾ, ਹੁਸ਼ਿਆਰਪੁਰ ਵਿਖੇ ਖੇਤਰੀ ਕੇਂਦਰ ਹਨ।

••



Sri Satguru Jagjit Singh Ji eLibrary NamdhariElibrary@gmail.com

# ਕੀ 50 ਸਾਲਾਂ ਦੀ ਉਮਰ ਤੋਂ ਬਾਅਦ ਦਿਮਾਗ਼ ਤੇ ਸਰੀਰ ਜਵਾਨ ਕੀਤਾ ਜਾ ਸਕਦਾ ਹੈ?




• ਡਾ: ਹਰਸ਼ਿੰਦਰ ਕੌਰ

ਬੱਚਿਆਂ ਦੇ ਰੋਗਾਂ ਦੇ ਮਾਹਰ, ਪਟਿਆਲਾ।

ਫ਼ੋਨ : 0175-2216783




ਜਿਵੇਂ-ਜਿਵੇਂ ਉਮਰ ਵਧਦੀ ਹੈ, ਦਿਮਾਗ਼ ਦਾ ਸੁੰਗੜਨਾ ਵਧਦਾ ਜਾਂਦਾ ਹੈ। ਇਸੇ ਲਈ ਯਾਦਾਸ਼ਤ ਦੀ ਕਮੀ ਵੀ ਦਿਸਣ ਲੱਗ ਪੈਂਦੀ ਹੈ। ਕਈ ਕਿਸਮਾਂ ਦੇ ਹਾਰਮੋਨ ਅਤੇ ਰਸ ਵੀ ਘੱਟ ਜਾਂਦੇ ਹਨ। ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਰੈਗੂਲਰ ਕਸਰਤ ਅਤੇ ਸੰਤੁਲਿਤ ਖ਼ੁਰਾਕ ਦਿਮਾਗ਼ ਨੂੰ ਲੰਮੇ ਸਮੇਂ ਤੱਕ ਚੁਸਤ ਦਰੁਸਤ ਰੱਖ ਸਕਦੇ ਹਨ ਕਿਉਂਕਿ ਦਿਮਾਗ਼ ਵੱਲ ਜਾਂਦਾ ਲਹੂ ਰਵਾਂ ਹੋ ਜਾਂਦਾ ਹੈ। 40 ਸਾਲਾਂ ਦੀ ਉਮਰ ਤੋਂ ਬਾਅਦ ਹਰ ਦਸ ਸਾਲਾਂ ਵਿਚ 5 ਫੀਸਦੀ ਦਿਮਾਗ਼ ਸੁੰਗੜ ਜਾਂਦਾ ਹੈ। ਇਸੇ ਲਈ ਸੱਤਰਿਆ ਬਹੱਤਰਿਆ ਸ਼ਬਦ ਵਰਤਿਆ ਜਾਂਦਾ ਹੈ। ਮਜ਼ੇਦਾਰ ਤੱਥ ਇਹ ਹੈ ਕਿ ਆਦਮੀ ਅਤੇ ਔਰਤ ਦੇ ਦਿਮਾਗ਼ ਦੇ ਵੱਖੋ-ਵੱਖ ਹਿੱਸੇ ਉਮਰ ਨਾਲ ਸੁੰਗੜਦੇ ਹਨ। ਦਿਮਾਗ਼ ਦੇ ਅਗਲੇ ਸਿਰੇ (ਫਰੰਟਲ ਅਤੇ ਟੈਂਪੋਰਲ) ਦਾ ਬੰਦਿਆਂ ਵਿਚ ਘਟਣਾ ਅਤੇ ਔਰਤਾਂ ਵਿਚ ਪਾਸੇ ਦਾ ਹਿੱਸਾ (ਪੈਰਾਈਟਲ) ਘਟਦਾ ਵੇਖਿਆ ਗਿਆ ਹੈ।

ਇਸੇ ਲਈ ਇੱਕੋ ਜਿੰਨੇ ਲਾਇਕ ਔਰਤ ਅਤੇ ਮਰਦ ਹੋਣ ਤਾਂ ਵਧਦੀ ਉਮਰ ਨਾਲ ਬੌਧਿਕ ਵਿਕਾਸ ਵਿਚ ਘਾਟਾ ਬੰਦਿਆਂ ਵਿਚ ਵੱਧ ਦਿਸਣ ਲੱਗ ਪੈਂਦਾ ਹੈ। ਇਸ ਵਾਸਤੇ ਸਿਰਫ਼ 140 ਜਣਿਆਂ ਉੱਤੇ ਲੰਮੇ ਸਮੇਂ ਤੱਕ ਖੋਜ ਕੀਤੀ ਗਈ ਸੀ, ਜੋ 50 ਤੋਂ 81 ਵਰ੍ਹਿਆਂ ਦੇ ਸਨ। ਢਹਿੰਦੀ ਕਲਾ ਦਾ ਬਹੁਤ ਅਹਿਮ ਰੋਲ ਲੱਭਿਆ ਗਿਆ, ਜਿਸ ਨਾਲ ਦਿਮਾਗ਼ ਦਾ ਸੁੰਗੜਨਾ ਵਕਤ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਭੁੱਲਣੀਆਂ, ਨਾਂ ਭੁੱਲ ਜਾਣੇ, ਚੀਜ਼ ਰੱਖ ਕੇ ਭੁੱਲ ਜਾਣੀ, ਜਿੱਥੇ ਗਏ ਹੋਵੇ, ਉੱਥੇ ਕੁੱਝ ਛੱਡ ਆਉਣਾ ਆਦਿ ਆਮ ਹੀ ਲੋੜੋਂ ਵੱਧ ਦਿਮਾਗ਼ ਉੱਤੇ ਬੋਝ, ਤਣਾਓ ਜਾਂ ਢਹਿੰਦੀ ਕਲਾ ਵਿਚ ਦਿਸਣ ਲੱਗ ਪੈਂਦਾ ਹੈ। ਇਹ ਵੀ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਵਧਦੀ ਉਮਰ ਨਾਲ ਆਵਾਜ਼ ਦੀ ਗੜਕ ਵਿਚ ਫ਼ਰਕ ਪੈ ਜਾਂਦਾ ਹੈ। ਕਈ ਵਾਰ ਲੋਕਾਂ ਜਾਂ ਸ਼ਹਿਰਾਂ ਦੇ ਨਾਂ ਵੀ ਚੇਤੇ ਵਿੱਚੋਂ ਵਿਸਰ ਜਾਂਦੇ ਹਨ। ਕੁੱਝ ਬਹੁਤ ਹੌਲੀ ਬੋਲਣ ਲੱਗ ਪੈਂਦੇ ਹਨ। ਇਹ ਸਭ ਕੁੱਝ ਦਿਮਾਗ਼ ਵੱਲ ਜਾਂਦੇ ਲਹੂ ਦਾ ਘਟਣਾ, ਦਿਮਾਗ਼ ਦੀਆਂ ਨਾੜੀਆਂ ਦਾ ਭੀੜੀਆਂ ਹੋਣਾ, ਲਹੂ ਦੇ ਝੱਪੇ ਜੰਮਣੇ, ਬੋਲਣ ਵਾਲੇ ਜੰਤਰ ਦਾ ਸੁੰਗੜ ਜਾਣਾ, ਗਲੇ ਦੇ ਪੱਠਿਆਂ ਦੀ ਕਮਜ਼ੋਰੀ ਆਦਿ, ਅਨੇਕ ਕਾਰਨਾਂ ਕਰ ਕੇ ਉੱਚੀ ਆਵਾਜ਼ ਨਾ ਨਿਕਲਣੀ ਅਤੇ ਤੇਜ਼ੀ ਨਾਲ ਨਾ ਬੋਲ ਸਕਣਾ ਆਮ ਹੀ ਦਿਸਦੇ ਹਨ। ਜੇ ਪਾਰਕਿਨਸਨ ਰੋਗ ਹੋ ਜਾਵੇ ਜਾਂ ਦਿਮਾਗ਼ੀ ਸੱਟ ਵੱਜੀ ਹੋਵੇ ਤਾਂ ਹਾਲਾਤ ਹੋਰ ਵੀ ਬਦਤਰ ਹੋ ਸਕਦੇ ਹਨ।

ਕਈ ਵਾਰ ਬੋਲਣ ਵੇਲੇ ਮੂੰਹ ਦਾ ਕਾਂਬਾ ਜਾਂ ਰਲਗਡ ਜਿਹੇ ਬੋਲ ਵੀ ਸੁਣੇ ਜਾ ਸਕਦੇ ਹਨ। ਇਹ ਮੂੰਹ, ਗਲੇ ਅਤੇ ਚਿਹਰੇ ਦੇ ਪੱਠਿਆਂ ਦੀ ਲੋੜੋਂ ਵੱਧ ਕਮਜ਼ੋਰੀ ਕਾਰਨ ਹੋ ਜਾਂਦਾ ਹੈ ਕਿਉਂਕਿ ਪ੍ਰੋਟੀਨ ਦੀ ਘਾਟ ਨਾਲ ਪੱਠੇ ਵੀ ਬਹੁਤੇ ਕਮਜ਼ੋਰ ਹੋ ਜਾਂਦੇ ਹਨ। ਜੇ ਦਿਮਾਗ਼ ਨੂੰ ਲਗਾਤਾਰ ਰਵਾਂ ਨਾ ਕੀਤਾ ਜਾ ਰਿਹਾ ਹੋਵੇ, ਯਾਨੀ ਇਕੱਲੇ ਬਹਿ ਜਾਣਾ ਜਾਂ ਘਰ ਅੰਦਰ ਹੀ ਤੜੇ ਜਾਣਾ ਅਤੇ ਕੁੱਝ ਵੀ ਨਵਾਂ ਨਾ ਲਿਖਣਾ ਜਾਂ ਪੜ੍ਹਨਾ, ਤਾਂ 50 ਵਰ੍ਹਿਆਂ ਦੀ ਉਮਰ ਤੋਂ ਪਹਿਲਾਂ ਹੀ ਦਿਮਾਗ਼ ਲੋੜੋਂ ਵੱਧ ਸੁੰਗੜ ਜਾਂਦਾ ਹੈ। ਇਸੇ ਲਈ ਬੁਝਾਰਤਾਂ ਬੁੱਝਣੀਆਂ, ਨਵੀਂ ਜ਼ਬਾਨ ਸਿੱਖਣੀ, ਨੱਚਣਾ, ਤੇਜ਼ ਤੁਰਨਾ, ਸਵੈਟਰ ਬੁਣਨਾ, ਗੀਤ ਗਾਉਣੇ, ਗਿੱਧਾ ਪਾਉਣਾ, ਖੇਤੀ ਕਰਨੀ, ਗੋਡੀ ਕਰਨੀ, ਨਵੀਂ ਚੀਜ਼ ਬਣਾ ਕੇ ਖਾਣੀ, ਤਾਸ਼ ਖੇਡਣੀ, ਅਖ਼ਬਾਰ ਜਾਂ ਨਾਵਲ ਪੜ੍ਹਨੇ, ਸੰਗੀਤ ਸਿਰਜਣਾ ਜਾਂ ਸੁਣਨਾ ਆਦਿ, ਵਰਗੇ ਕੰਮ ਦਿਮਾਗ਼ ਨੂੰ ਚੁਸਤ ਰੱਖਣ ਲਈ ਜ਼ਰੂਰ ਕਰਨੇ ਚਾਹੀਦੇ ਹਨ। ਦਿਮਾਗ਼ ਵਿਹਲਾ ਹੁੰਦੇ ਸਾਰ ਸੁਸਤ ਪੈ ਕੇ ਵਾਧੂ ਚੀਜ਼ਾਂ ਬਾਹਰ ਕੱਢ ਦਿੰਦਾ ਹੈ।

ਖੋਜਾਂ ਤਾਂ ਇੱਥੋਂ ਤੱਕ ਸਾਬਤ ਕਰ ਚੁੱਕੀਆਂ ਹਨ ਕਿ ਵਿਹਲੇ ਸਮੇਂ ਤਾਸ਼ ਖੇਡਣ ਜਾਂ ਅਖ਼ਬਾਰ ਪੜ੍ਹਨ ਨਾਲ ਵੀ ਬੌਧਿਕ ਵਿਕਾਸ ਵਾਲਾ ਸੈਂਟਰ ਰਵਾਂ ਹੁੰਦਾ ਰਹਿੰਦਾ ਹੈ ਤੇ ਸੁੰਗੜਦਾ ਨਹੀਂ। ਇੰਜ ਹੀ ਨਵੇਂ ਲੋਕਾਂ ਨੂੰ ਮਿਲਣ ਗਿਲਣ ਜਾਂ ਵੈਸੇ ਹੀ ਖਲੋ ਕੇ ਉਨ੍ਹਾਂ ਨਾਲ ਗੱਲ ਕਰਨ ਨਾਲ ਵੀ ਦਿਮਾਗ਼ ਵੱਲ ਜਾਂਦਾ ਲਹੂ ਰਵਾਂ ਹੁੰਦਾ ਰਹਿੰਦਾ ਹੈ। ਇਸ ਦੇ ਨਾਲੋ ਨਾਲ ਸਵੇਰ ਵੇਲੇ ਦੀ ਲੰਮੀ ਸੈਰ ਅਤੇ ਹਰੀਆਂ ਸਬਜ਼ੀਆਂ ਤੇ ਫਲ ਖਾਂਦੇ ਰਹਿਣਾ ਅਧੇੜ ਉਮਰ ਤੱਕ ਦਿਮਾਗ਼ੀ ਤੰਦਰੁਸਤੀ ਦਾ ਰਾਜ਼ ਮੰਨੇ ਗਏ ਹਨ।

ਨੈਸ਼ਨਲ ਰਿਸਰਚ ਕਾਊਂਸਲ ਨੇ ਸੰਨ 2000 ਵਿਚ ਤੇ ਫਿਰ ਸੰਨ 2003 ਵਿਚ ਇਹ ਸਪੱਸ਼ਟ ਕੀਤਾ ਸੀ ਕਿ ਕੋਈ ਵੀ ਨਵੀਂ ਖੋਜ ਪੜ੍ਹਦੇ ਰਹਿਣ ਨਾਲ ਵੀ ਵਡੇਰੀ ਉਮਰ ਤੱਕ ਯਾਦਾਸ਼ਤ ਦਾ ਸੈਂਟਰ ਤਾਜ਼ਾ ਰੱਖਿਆ ਜਾ ਸਕਦਾ ਹੈ। ਇਹ ਵੀ ਅਣਗਿਣਤ ਲੋਕਾਂ ਉੱਤੇ ਖੋਜ ਕੀਤੀ ਜਾ ਚੁੱਕੀ ਹੈ ਕਿ ਦੋਸਤਾਂ ਮਿੱਤਰਾਂ ਜਾਂ ਆਂਢੀਆਂ ਗੁਆਂਢੀਆਂ ਨਾਲ ਗੱਲਬਾਤ ਕਰਦੇ ਰਹਿਣ ਵਾਲੇ ਲੰਮੀ ਉਮਰ ਭੋਗਦੇ ਹਨ। ਇਸ ਦੇ ਸਬੂਤ ਵੀ ਮਿਲ ਚੁੱਕੇ ਹਨ ਕਿ ਪੋਤਰੇ ਦੋਹਤਰਿਆਂ ਨਾਲ ਸਾਂਝ ਗੰਢਣ ਵਾਲੇ ਬਜ਼ੁਰਗਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਜ਼ਿਆਦਾ ਦੇਰ ਤੱਕ ਠੀਕ ਰਹਿੰਦੀ ਹੈ। ਯੋਗ ਅਤੇ ਹਲਕੀ ਫੁਲਕੀ ਕਸਰਤ ਤਾਂ 95 ਸਾਲ ਦੇ ਬਜ਼ੁਰਗਾਂ ਨੂੰ ਵੀ ਤੰਦਰੁਸਤ ਰੱਖਦੀ ਹੈ। ਇਸ ਨਾਲ ਉਮਰ ਵੀ ਲੰਮੀ ਭੋਗੀ ਜਾ ਸਕਦੀ ਹੈ।

ਜਾਨਵਰ ਵੀ ਜੇ ਇਕੱਲੇ ਰੱਖ ਕੇ ਪਾਲੇ ਜਾਣ ਤਾਂ ਉਨ੍ਹਾਂ ਦੇ ਦਿਮਾਗ਼ ਦਾ ਸੁੰਗੜਨਾ ਵੇਖਿਆ ਗਿਆ ਹੈ। ਇੰਜ ਹੀ ਇਕੱਲਾ ਰਹਿ ਗਿਆ ਬਜ਼ੁਰਗ ਆਪਣੇ ਆਪ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਇਸ ਚੁੱਪ ਅਤੇ ਜ਼ਿੰਦਗੀ ਵਿਚਲੇ ਖੋਖਲੇਪਨ ਨੂੰ ਭਰਨ ਲਈ ਬਜ਼ੁਰਗ ਘਰ ਅਤੇ ਬਜ਼ੁਰਗਾਂ ਲਈ ਕਈ ਪ੍ਰੋਗਰਾਮ ਉਲੀਕੇ ਜਾਂਦੇ ਹਨ




Sri Satguru Jagjit Singh Ji eLibrary NamdhariElibrary@gmail.com

ਤਾਂ ਜੋ ਵਡੇਰੀ ਉਮਰ ਵਿਚ ਵੀ ਬਜ਼ੁਰਗ ਕਿਸੇ ਉੱਤੇ ਆਸ਼ਰਿਤ ਮਹਿਸੂਸ ਨਾ ਕਰਨ। ਇੰਜ ਹੀ ਵਿਸ਼ਵ ਪੱਧਰ ਉੱਤੇ ਬਜ਼ੁਰਗਾਂ ਦੀਆਂ ਖੇਡਾਂ ਪ੍ਰਚਲਿਤ ਕੀਤੀਆਂ ਗਈਆਂ ਹਨ। ਢਹਿੰਦੀ ਕਲਾ ਵਡੇਰੀ ਉਮਰ ਵਿਚ ਆਮ ਹੀ ਆ ਦਬੋਚਦੀ ਹੈ। ਕਾਰਨ-ਮੌਤ ਦਾ ਭੈਅ, ਪੈਸੇ ਦੀ ਘਾਟ, ਆਪਣਿਆਂ ਵੱਲੋਂ ਬੇਕਦਰੀ, ਜੀਵਨ ਸਾਥੀ ਦਾ ਤੁਰ ਜਾਣਾ ਆਦਿ।

ਇਸੇ ਲਈ ਰੈਗੂਲਰ ਸਿਹਤ ਦਾ ਚੈੱਕਅੱਪ ਅਤੇ ਵੇਲੇ ਸਿਰ ਬੀਮਾਰੀਆਂ ਦਾ ਇਲਾਜ ਕਰਨ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਮਨੋਰੋਗ ਸਪੈਸ਼ਲਿਸਟ ਵੱਲੋਂ ਚੈੱਕਅੱਪ ਜ਼ਰੂਰੀ ਹੁੰਦਾ ਹੈ।

ਮਨੋਰੋਗਾਂ ਤੋਂ ਬਚਾਓ ਲਈ ਬਜ਼ੁਰਗਾਂ ਨੂੰ ਬੈਂਕ, ਸੈਰ ਸਪਾਟਾ ਜਾਂ ਬਜ਼ਾਰ ਵਿਚ ਖਰੀਦੋ ਫਰੋਖ਼ਤ ਲਈ ਜਾਣ ਵਾਸਤੇ ਪ੍ਰੋਤਸਾਹਿਤ ਕੀਤਾ ਜਾਂਦਾ ਹੈ। ਨਵੀਂ ਜ਼ਬਾਨ ਸਿੱਖਣ, ਨਵੀਆਂ ਗੱਲਾਂ ਸੁਣਨ ਅਤੇ ਨਵੀਆਂ ਚੀਜ਼ਾਂ ਵੇਖਣ ਨਾਲ ਦਿਮਾਗ਼ ਦੇ ਵੱਖੋ-ਵੱਖ ਹਿੱਸਿਆਂ ਵੱਲ ਜਾਂਦੀਆਂ ਤਰੰਗਾਂ ਦਿਮਾਗ਼ ਦੇ ਸਾਰੇ ਹਿੱਸਿਆਂ ਨੂੰ ਚੁਸਤ ਕਰ ਦਿੰਦੀਆਂ ਹਨ। ਹਰ ਨਵੇਂ ਸਿੱਖੇ ਸ਼ਬਦ ਨੂੰ ਬੱਚਿਆਂ ਵਾਂਗ ਪੰਜ ਜਾਂ ਛੇ ਵਾਰ ਦੁਹਰਾਉਣਾ ਚਾਹੀਦਾ ਹੈ। ਬਿਲਕੁਲ ਇੰਜ ਹੀ ਨੱਚਣ ਨਾਲ ਜਿੱਥੇ ਵੱਖੋ-ਵੱਖ ਜੋੜ ਅਤੇ ਪੱਠੇ ਠੀਕ ਰਹਿੰਦੇ ਹਨ, ਉੱਥੇ ਦਿਮਾਗ਼ ਵੀ ਪੂਰਾ ਚੁਸਤ ਹੋ ਜਾਂਦਾ ਹੈ।

ਚੰਗੇ ਸਪੈਸ਼ਲਿਸਟ ਡਾਕਟਰਾਂ ਅਨੁਸਾਰ ਹਰ ਇੰਦ੍ਰੀ ਨੂੰ ਰੋਜ਼ ਚੁਸਤ ਕਰਨ ਲਈ ਵੇਖਣ, ਸੁਣਨ, ਛੋਹਣ, ਸੁਆਦ ਅਤੇ ਸੁੰਘਣ ਦੀਆਂ ਤੰਤੀਆਂ ਨੂੰ ਵਰਤਣ ਦੀ ਲੋੜ ਹੁੰਦੀ ਹੈ। ਨਵੇਂ ਹੋਟਲ ਵਿਚ ਰੋਟੀ ਖਾਣੀ, ਬਾਗ਼ ਵਿਚ ਸੈਰ ਕਰਨੀ, ਨਵੀਂ ਪਰਫਿਊਮ ਲਾਉਣੀ, ਨਵੀਂ ਚਾਦਰ ਵਿਛਾਉਣੀ, ਨਵੇਂ ਫੁੱਲ ਲਾਉਣੇ, ਪਾਲਤੂ ਜਾਨਵਰ ਰੱਖਣਾ ਆਦਿ, ਹਰ ਗੱਲ ਨੂੰ ਵਾਰੀ-ਵਾਰੀ ਕਰ ਕੇ ਅਜਿਹਾ ਕੀਤਾ ਜਾ ਸਕਦਾ ਹੈ। ਜੇ ਬਜ਼ੁਰਗ ਆਪ ਕਾਰ ਚਲਾ ਸਕਦੇ ਹੋਣ ਜਾਂ ਸਾਈਕਲ ਚਲਾ ਰਹੇ ਹੋਣ ਤਾਂ ਬਹੁਤ ਵਧੀਆ ਹੈ। ਜੇ ਨਾ ਕਰ ਸਕਦੇ ਹੋਣ ਤਾਂ ਕਿਸੇ ਹੋਰ ਨੂੰ ਨਵੀਂ ਚੀਜ਼ ਚਲਾਉਣੀ ਜਾਂ ਬਣਾਉਣੀ ਸਿਖਾਈ ਜਾ ਸਕਦੀ ਹੈ।

ਇੰਜ ਹੀ ਗੋਲਫ਼, ਘੁੜਸਵਾਰੀ, ਤੈਰਨਾ ਆਦਿ ਕੁੱਝ ਵੀ ਕਰਨ ਜਾਂ ਕਿਸੇ ਨੂੰ ਸਿਖਾਉਣ ਨਾਲ ਦਿਮਾਗ਼ ਰਵਾਂ ਕੀਤਾ ਜਾ ਸਕਦਾ ਹੈ। ਸਿਤਾਰ, ਗਿਟਾਰ, ਢੋਲ, ਪਿਆਨੋ, ਵਾਜਾ ਜਾਂ ਬੰਸਰੀ ਵਜਾਉਣੀ ਏਨੀ ਫ਼ਾਇਦੇਮੰਦ ਸਾਬਤ ਹੋ ਚੁੱਕੀ ਹੈ ਕਿ ਸੰਨ 2017 ਵਿਚ ਕੀਤੀ ਖੋਜ ਅਨੁਸਾਰ ਜਿਹੜੇ ਸੰਗੀਤ ਨਾਲ ਜੁੜੇ ਰਹੇ, ਉਨ੍ਹਾਂ ਵਿਚ ਢਹਿੰਦੀ ਕਲਾ ਕਾਫ਼ੂਰ ਹੋ ਗਈ ਤੇ ਦਿਮਾਗ਼ ਬਾਕੀਆਂ ਨਾਲੋਂ ਵੱਧ ਚੁਸਤ ਹੋ ਗਏ। ਜੇ ਹਰ ਰੋਜ਼ ਸੈਰ ਕਰਨ ਲੱਗਿਆਂ ਵੱਖ ਰਾਹ ਲੈ ਲਿਆ ਜਾਵੇ ਤਾਂ ਏਨੇ ਨਾਲ ਹੀ ਮਾਨਸਿਕ ਅਤੇ ਸਰੀਰਕ ਤਬਦੀਲੀ ਵੇਖੀ ਜਾ ਸਕਦੀ ਹੈ।

ਹਰ ਰੋਜ਼ ਕੁੱਝ ਚਿਰ ਲਈ ਧਿਆਨ ਲਾਉਣਾ, ਯੋਗ ਕਰਨਾ ਜਾਂ ਭਗਤੀ ਕਰਨ ਨਾਲ ਵੀ ਇਕਾਗਰਤਾ ਵਿਚ ਵਾਧਾ ਹੋ ਜਾਂਦਾ ਹੈ। ਜਿਹੜੇ ਬਜ਼ੁਰਗ ਦੋ ਜਾਂ ਤਿੰਨ ਜ਼ਬਾਨਾਂ ਬੋਲ ਸਕਦੇ ਹੋਣ, ਉਨ੍ਹਾਂ ਦੇ ਦਿਮਾਗ਼ ਨੂੰ ਬੁਢੇਪਾ ਛੇਤੀ ਚੰਬੜਦਾ ਨਹੀਂ, ਯਾਦਾਸ਼ਤ ਦੇਰ ਤਕ ਦਰੁਸਤ ਰਹਿੰਦੀ ਹੈ ਅਤੇ ਚੀਜ਼ਾਂ ਵੀ ਛੇਤੀ ਭੁੱਲਦੇ ਨਹੀਂ। ਹਲਕਾ ਭਾਰ ਚੁੱਕ ਕੇ ਤੁਰਨ ਨਾਲ ਪੱਠਿਆਂ ਦੀ ਮਜ਼ਬੂਤੀ ਬਣੀ ਰਹਿੰਦੀ ਹੈ ਅਤੇ ਕਮਜ਼ੋਰੀ ਘੱਟ ਮਹਿਸੂਸ ਹੁੰਦੀ ਹੈ। ਇੰਜ ਪੱਠੇ ਅਤੇ ਮਾਸ ਲਟਕਿਆ ਨਹੀਂ ਦਿਸਦਾ। ਜਦੋਂ ਬਜ਼ੁਰਗ ਬਾਹਰ ਸੈਰ ਕਰਨ ਨਿਕਲਣ ਤਾਂ ਸਿਰ ਝੁਕਾ ਕੇ ਤੁਰਨ ਨਾਲੋਂ ਸਾਹਮਣੇ ਲੰਘਦੇ ਬੰਦਿਆਂ ਅਤੇ ਤੀਵੀਆਂ ਦੇ ਕਪੜਿਆਂ ਦੇ ਰੰਗ, ਜੁੱਤੀਆਂ, ਵਾਲ, ਐਨਕ, ਟੋਪੀ, ਦਾੜ੍ਹੀ, ਮੁੱਛਾਂ ਆਦਿ ਵੱਲ ਗਹੁ ਨਾਲ ਤੱਕਦੇ ਰਹਿਣ ਤਾਂ ਦਿਮਾਗ਼ ਨੂੰ ਵੰਨ ਸੁਵੰਨੇ ਸੁਣੇਹੇ ਪਹੁੰਚਦੇ ਹਨ ਜਿਸ ਨਾਲ ਯਾਦਾਸ਼ਤ ਦਾ ਸੈਂਟਰ ਰਵਾਂ ਹੁੰਦਾ ਰਹਿੰਦਾ ਹੈ ਅਤੇ ਨਵੀਆਂ ਚੀਜ਼ਾਂ ਦੇ ਨਾਵਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ।

ਲੰਮੀ ਉਮਰ ਦਰਅਸਲ ਜ਼ਿਆਦਾਤਰ ਜੀਨ ਆਧਾਰਿਤ ਹੁੰਦੀ ਹੈ ਕਿ ਮਾਪੇ ਜਾਂ ਵੱਡੇ ਵਡੇਰੇ ਕਿੰਨੀ ਲੰਮੀ ਉਮਰ ਭੋਗ ਕੇ ਗਏ। ਇਸ ਦੇ ਨਾਲ ਹੀ ਜੀਨ ਆਧਾਰਿਤ ਬਿਮਾਰੀਆਂ ਉਮਰ ਉੱਤੇ ਅਸਰ ਪਾਉਂਦੀਆਂ ਹਨ। ਜੇ 60 ਵਰ੍ਹਿਆਂ ਦੀ ਉਮਰ ਟੱਪ ਚੁੱਕੇ ਹੋਵੇ ਤਾਂ ਰੁਟੀਨ ਬੰਨ੍ਹਣਾ ਬਹੁਤ ਜ਼ਰੂਰੀ ਹੁੰਦਾ ਹੈ। ਸਵੇਰ ਦੇ ਨਾਸ਼ਤੇ ਦਾ, ਦੁਪਹਿਰ ਦੇ ਖਾਣੇ ਦਾ, ਸ਼ਾਮ ਦੀ ਚਾਹ ਦਾ, ਰਾਤ ਦੇ ਖਾਣੇ ਦਾ, ਸੌਣ ਦਾ ਅਤੇ ਸਵਖ਼ਤੇ ਉੱਠਣ ਦਾ! ਜੇ ਰਾਤ ਨੀਂਦਰ ਨਾ ਵੀ ਆਈ ਹੋਵੇ, ਤਾਂ ਵੀ ਸਵੇਰ ਵੇਲੇ ਉੱਠ ਕੇ, ਨਹਾ ਧੋ ਕੇ, ਤਿਆਰ ਹੋ ਕੇ, ਨਾਸ਼ਤਾ ਕਰ ਕੇ, ਬਾਅਦ ਵਿਚ ਕੁੱਝ ਚਿਰ ਸੁੱਤਾ ਜਾ ਸਕਦਾ ਹੈ।

## ਖ਼ੁਰਾਕ ਵਿਚ ਤਬਦੀਲੀ ਕੀ ਹੋਵੇ?

50 ਸਾਲਾਂ ਦੀ ਉਮਰ ਤੋਂ ਬਾਅਦ ਰੈਗੂਲਰ ਤਗੜੀ ਕਸਰਤ ਦੇ ਨਾਲੋ ਨਾਲ ਖ਼ੁਰਾਕ ਦੀ ਬਹੁਤ ਅਹਿਮੀਅਤ ਹੈ। ਘੱਟ ਥਿੰਦਾ, ਵੱਧ ਸਬਜ਼ੀਆਂ, ਦਾਲਾਂ ਤੇ ਪ੍ਰੋਟੀਨ ਭਰਪੂਰ ਖ਼ੁਰਾਕ ਜ਼ਰੂਰੀ ਹੈ।

ਜੇ 50 ਸਾਲਾਂ ਤੋਂ ਬਾਅਦ ਖ਼ੁਰਾਕ ਦਾ ਸਹੀ ਖ਼ਿਆਲ ਰੱਖ ਲਿਆ ਜਾਵੇ ਤਾਂ ਘੱਟੋ ਘੱਟ 10 ਤੋਂ 15 ਸਾਲ ਦੀ ਉਮਰ ਵੱਧ ਜਾਂਦੀ ਹੈ। ਇਸ ਵਿਚ ਸਿਗਰਟ ਬੀੜੀ ਤੋਂ ਪੂਰਨ ਰੂਪ ਵਿਚ ਤੌਬਾ ਕਰਨੀ ਪੈਂਦੀ ਹੈ। ਕਦੇ ਕਦਾਈਂ ਬਹੁਤ ਘੱਟ ਸ਼ਰਾਬ ਲਈ ਜਾ ਸਕਦੀ ਹੈ, ਯਾਨੀ ਬਸ ਵਾਈਨ ਦੇ ਇੱਕ ਜਾਂ ਦੋ ਗਿਲਾਸ!

ਬਰਿਟਿਸ਼ ਮੈਡੀਕਲ ਜਰਨਲ ਵਿਚ ਛਪੀ ਖੋਜ ਅਨੁਸਾਰ ਜਿਹੜੇ ਜਣੇ 50 ਸਾਲ ਦੀ ਉਮਰ ਤੋਂ ਬਾਅਦ ਸਹੀ ਖ਼ੁਰਾਕ ਖਾਂਦੇ ਰਹੇ ਉਨ੍ਹਾਂ ਵਿਚ ਸ਼ੱਕਰ ਰੋਗ, ਕੈਂਸਰ ਜਾਂ ਦਿਲ ਦੇ ਰੋਗ ਘੱਟ ਹੋਏ ਅਤੇ ਉਹ ਬਾਕੀਆਂ ਨਾਲੋਂ ਲਗਭਗ 8 ਜਾਂ 10 ਸਾਲ ਵੱਧ ਜੀਅ ਸਕੇ। ਇਸ ਖੋਜ ਵਿਚ 73,196 ਔਰਤਾਂ ਅਤੇ 38,366 ਆਦਮੀ ਸ਼ਾਮਲ ਕੀਤੇ ਗਏ ਸਨ। ਸਭ ਨੂੰ ਰੋਜ਼ 40 ਮਿੰਟ ਤਗੜੀ ਕਸਰਤ ਵੀ ਕਰਵਾਈ ਗਈ ਸੀ।

**ਕਿਹੜੀ ਚੀਜ਼ ਖਾਧੀ ਜਾਵੇ** :-ਭਾਰ ਕਾਬੂ ਵਿਚ ਰੱਖਣ ਅਤੇ ਸਾਰੇ ਅੰਗਾਂ ਦਾ ਕੰਮ ਕਾਰ ਸਹੀ ਰੱਖਣ ਲਈ ਢੇਰ ਸਾਰੀਆਂ ਵੰਨ ਸੁਵੰਨੀਆਂ ਸਬਜ਼ੀਆਂ, ਫਲ, ਛਾਣਬੂਰੇ ਵਾਲਾ ਆਟਾ, ਘਟ ਥਿੰਦੇ ਵਾਲਾ ਦੁੱਧ, ਦਹੀਂ ਪਨੀਰ, ਚਿਕਨ, ਮੱਛੀ, ਅੰਡੇ ਅਤੇ ਸੁੱਕੇ ਮੇਵੇ ਰੋਜ਼ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ। ਇਨ੍ਹਾਂ ਰਾਹੀਂ ਲੋੜੀਂਦੇ ਕੈਲਸ਼ੀਅਮ, ਪ੍ਰੋਟੀਨ, ਮਿਨਰਲ ਤੱਤ ਅਤੇ ਵਿਟਾਮਿਨ ਬੀ 12 ਸਰੀਰ ਅੰਦਰ ਪਹੁੰਚ ਜਾਂਦੇ ਹਨ।

**ਕਿੰਨੀ ਨੀਂਦਰ ਹੋਵੇ** ?-ਰੋਜ਼ 7 ਤੋਂ 8 ਘੰਟੇ ਦੀ ਨੀਂਦਰ ਲੈਣੀ ਜ਼ਰੂਰੀ ਹੈ।

**ਫ਼ਿਕਰ ਕਰਨਾ ਕਿਵੇਂ ਛੱਡਿਆ ਜਾਵੇ**?-ਮੰਨੀ ਪਰਮੰਨੀ ਗੱਲ ਹੈ ਕਿ ਲੋਕ ਮਰ ਮੁੱਕ ਜਾਂਦੇ ਹਨ ਪਰ ਕੰਮ ਨਹੀਂ ਮੁੱਕਦੇ। ਇਸ ਲਈ ਬਚੇ ਹੋਏ ਕੰਮਾਂ ਦੀ ਫ਼ਿਕਰ ਛੱਡ ਦੇਣੀ ਚਾਹੀਦੀ ਹੈ।

ਇੰਜ ਹੀ ਅੱਜ ਤੱਕ ਕਿਸੇ ਨੂੰ ਕਦੇ ਮੁਕੰਮਲ ਜਹਾਨ ਹਾਸਲ ਨਹੀਂ ਹੋਇਆ। ਸਾਨੂੰ ਤਾਂ ਜ਼ਿੰਦਗੀ ਨਾਲ ਸ਼ਿਕਾਇਤਾਂ ਕਰਨ ਦੀ ਥਾਂ ਉਦਾਸੀਆਂ ਦੇ ਓਹਲੇ ਲੁਕੀਆਂ ਖ਼ੁਸ਼ੀਆਂ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜ਼ਿੰਦਗੀ ਅਤੇ ਸਮੇਂ ਨੂੰ ਬੰਨਿਆ ਜਾ ਹੀ ਨਹੀਂ ਸਕਦਾ। ਇਸੇ ਲਈ ਹੋਰਨਾਂ ਨੂੰ ਠੀਕ ਕਰਨ ਦੀ ਥਾਂ ਆਪਣੇ ਆਪ ਨੂੰ ਤਬਦੀਲ ਕਰਨਾ ਹੀ ਠੀਕ ਰਹਿੰਦਾ ਹੈ।

ਹੱਸਣਾ ਅਤੇ ਗਾਣਾ ਜਾਂ ਗੁਣਗੁਣਾਉਣਾ ਤਣਾਓ ਘਟਾਉਣ ਵਿਚ ਬਹੁਤ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

ਪਿਛਾਂਹ ਲੰਘ ਚੁੱਕੀ ਜ਼ਿੰਦਗੀ ਵਿਚ ਵਾਰ-ਵਾਰ ਝਾਤ ਮਾਰ ਕੇ ਕਿਸੇ ਹੋਰ ਨਾਲ ਮੇਚ ਕੇ ਸਿਵਾਏ ਢਹਿੰਦੀ ਕਲਾ ਦੇ, ਕੁੱਝ ਵੀ ਹਾਸਲ ਨਹੀਂ ਹੁੰਦਾ। ਇਸੇ ਲਈ ਅੱਗੋਂ ਆਉਣ ਵਾਲੇ ਸਮੇਂ ਬਾਰੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਕਿ ਹੁਣ ਕਿਵੇਂ ਇਹ ਸਮਾਂ ਵਧੀਆ ਗੁਜ਼ਾਰਿਆ ਜਾਵੇ।

ਜਿਹੜੀਆਂ ਤਮੰਨਾਵਾਂ ਪਹਿਲਾਂ ਘਰੇਲੂ ਕੰਮਾਂ ਦੇ ਪੂਰਾ ਕਰਨ ਵਿਚ ਦਫਨ ਹੋ ਚੁੱਕੀਆਂ ਹੋਣ, ਉਨ੍ਹਾਂ ਨੂੰ ਪੂਰਾ ਕਰਨ ਦਾ ਇਸ ਤੋਂ ਬਿਹਤਰ ਸਮਾਂ ਹੋਰ ਹੋ ਹੀ ਨਹੀਂ ਸਕਦਾ।

ਨਵੀਆਂ ਦੋਸਤੀਆਂ ਗੰਢਣ, ਨਵੀਂ ਖੇਡ ਸਿੱਖਣ, ਨਵੀਂ ਕਸਰਤ ਸਿੱਖਣ, ਨਵੀਂ ਚੀਜ਼ ਬਣਾਉਣ ਜਾਂ ਖਾਣ ਦੀ ਨਵੀਂ ਚੀਜ਼ ਤਿਆਰ ਕਰਨ ਵਰਗੇ ਨਿੱਕੇ-ਨਿੱਕੇ ਕੰਮ ਤਣਾਓ ਨੂੰ ਝੱਟ ਕਾਫ਼ੂਰ ਕਰ ਦਿੰਦੇ ਹਨ।

ਮੌਤ ਦਾ ਭੈਅ ਅਤੇ ਇਕੱਲੇ ਰਹਿ ਜਾਣ ਦਾ ਡਰ ਇਸ ਉਮਰ ਵਿਚ ਹਰ ਕਿਸੇ ਨੂੰ ਹੁੰਦਾ ਹੈ। ਇਸੇ ਲਈ ਦੋ ਗੱਲਾਂ ਜ਼ਰੂਰ ਚੇਤੇ ਰੱਖਣੀਆਂ ਚਾਹੀਦੀਆਂ ਹਨ।

ਪਹਿਲੀ, ਇਸ ਦੁਨੀਆ ਦਾ ਭਾਰ ਸਿਰਫ਼ ਮੇਰੇ ਸਿਰ ਉੱਤੇ ਨਹੀਂ ਹੈ। ਦੂਜੀ, ਇਸ ਸੰਸਾਰ ਵਿਚ ਕਿਸੇ ਧਰਮ ਦਾ ਰੱਬ, ਕੋਈ ਜਾਨਵਰ, ਪੰਛੀ, ਕੀੜਾ, ਮਕੌੜਾ ਜਾਂ ਬੂਟਾ ਤੱਕ ਵੀ ਸਦੀਵੀ ਨਹੀਂ ਹੈ। ਸਭ ਨੇ ਮਰ ਮੁੱਕ ਜਾਣਾ ਹੁੰਦਾ ਹੈ। ਇਸੇ ਲਈ ਅੰਤ ਬਾਰੇ ਸੋਚਦੇ ਰਹਿਣ ਨਾਲੋਂ ਇਸ ਜ਼ਿੰਦਗੀ ਦੇ ਆਖ਼ਰੀ ਸਫ਼ਰ ਵਿਚਲਾ ਰਸਤਾ ਜ਼ਰੂਰ ਰੱਜ ਕੇ ਜੀਅ ਲੈਣਾ ਚਾਹੀਦਾ ਹੈ।

ਅਖ਼ੀਰ ਵਿਚ ਸਿਰਫ਼ ਇਹੋ ਕਹਿਣਾ ਹੈ ਕਿ ਪੈਸਾ ਕਈ ਕਿਸਮਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੁੰਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਪੈਸਾ ਹੀ ਵਧੀਆ ਜ਼ਿੰਦਗੀ ਜਿਊਣ ਦਾ ਆਧਾਰ ਹੋਵੇ!

ਸੋ ਇਹ ਉਮਰ ਫ਼ਿਕਰਾਂ ਨੂੰ ਛੰਡ ਕੇ ਜ਼ਿੰਦਗੀ ਦੀ ਹਰ ਖ਼ੁਸ਼ੀ ਦਾ ਇਹਸਾਸ ਕਰਨ ਦੀ ਹੁੰਦੀ ਹੈ! ਜ਼ਿੰਦਗੀ ਇੱਕੋ ਮਿਲਣੀ ਹੈ, ਰੱਜ ਕੇ ਜੀਅ ਲੈਣੀ ਚਾਹੀਦੀ ਹੈ। ਕੋਈ ਸਧਰ ਅਧੂਰੀ ਨਹੀਂ ਰਹਿਣ ਦੇਣੀ ਚਾਹੀਦੀ।


Sri Satguru Jagjit Singh Ji eLibrary NamdhariElibrary@gmail.com

# ਸਭ ਰੰਗ ਸਾਹਿਤ ਸਭਾ ਐਡਮਿੰਟਨ ਦੀ ਚੋਣ ਹੋਈ



ਐਡਮਿੰਟਨ (ਕੈਨੇਡਾ) : ਸਭ ਰੰਗ ਸਾਹਿਤ ਸਭਾ ਐਡਮਿੰਟਨ ਕੈਨੇਡਾ ਦੀ ਇੱਕ ਵਿਸ਼ੇਸ਼ ਇਕੱਤਰਤਾ ਐਡਮਿੰਟਨ ਪਬਲਿਕ ਲਾਇਬ੍ਰੇਰੀ ਮੈਡੋਜ 17-ਸਟਰੀਟ, ਐਡਮਿੰਟਨ ਵਿਖੇ ਹੋਈ। ਜਿਸ ਵਿਚ ਇਲਾਕੇ ਦੇ ਐਮ.ਐਲ.ਏ. ਸ੍ਰੀ ਜਸਵੀਰ ਦਿਉਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਇਕੱਤਰਤਾ ਵਿੱਚ ਪੰਜਾਬੀ, ਹਿੰਦੀ ਉਰਦੂ ਅਤੇ ਅੰਗਰੇਜ਼ੀ ਦੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ।

ਸਾਹਿਤਕਾਰ ਬਲਵਿੰਦਰ ਬਾਲਮ ਨੂੰ ਪ੍ਰਧਾਨ, ਕੁਲਵਿੰਦਰ ਫੁੱਲ ਨੂੰ ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ ਮਹਿੰਦਰ ਸਿੰਘ ਭੁੱਲਰ ਤੇ ਵਰਿੰਦਰ ਪਾਲ ਸਿੰਘ ਭੁੱਲਰ, ਖ਼ਜ਼ਾਨਚੀ ਨਰਿੰਦਰ ਸਿੰਘ, ਪ੍ਰੈਸ ਸਕੱਤਰ ਨਿਸ਼ਾਨ ਸਿੰਘ ਸੰਧੂ, ਸਕੱਤਰ ਬਲਦੇਵ ਰਾਜ ਤੇ ਜਸਪਾਲ ਸਿੰਘ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਮੌਕੇ ਤੇ ਬਲਦੇਵ ਸਿੰਘ ਭੁੱਲਰ ਅਤੇ ਸਾਥੀਆਂ ਨੇ ਐਮ.ਐਲ.ਏ. ਦੇ ਅੱਗੇ ਬੁਜ਼ੁਰਗਾਂ ਦੀਆਂ ਸਹੂਲਤਾਂ ਲਈ ਮੰਗਾਂ ਵੀ ਰੱਖੀਆਂ। ਪ੍ਰਧਾਨ ਬਲਵਿੰਦਰ ਬਾਲਮ ਨੇ ਕਿਹਾ ਕਿ ਭਵਿੱਖ ਵਿੱਚ ਸੰਯੁਕਤ ਭਾਸ਼ਾਵਾਂ ਦਾ ਛਿਮਾਹੀ ਕਵੀ ਦਰਬਾਰ ਕਰਵਾਇਆ ਜਾਇਆ ਕਰੇਗਾ।

ਇਸ ਇਕੱਤਰਤਾ ਵਿੱਚ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਵਜੋਂ ਸਰਵ ਸ੍ਰੀ ਰਾਜੇਸ਼ਵਰ ਡਡਵਾਲ, ਜਸਕਰਨ ਸਿੰਘ ਗਰੇਵਾਲ, ਨਿਤੀਸ਼ ਸ਼ਰਮਾ, ਦੀਦਾਰ ਸਿੰਘ ਸਹੋਤਾ, ਹਰਪਾਲ ਸਿੰਘ ਮਠਾੜੂ, ਬਲਕਾਰ ਸਿੰਘ ਚੀਮਾ, ਜੋਗਿੰਦਰ ਸਿੰਘ ਸੇਖੋਂ, ਸੁਖਮੰਤ ਸਿੰਘ ਸਿੱਧੂ, ਸੁਖਦੇਵ ਸਿੰਘ ਸੇਖੋਂ, ਨਿਸ਼ਾਨ ਸਿੰਘ ਸੰਧੂ, ਬਲਜਿੰਦਰ ਸਿੰਘ, ਭੁਪਿੰਦਰ ਸਿੰਘ ਸੰਧੂ, ਨਿਰਮਲ ਸਿੰਘ, ਜਗਦੇਵ ਸਿੰਘ ਬਰਾੜ, ਦਰਸ਼ਨ ਸਿੰਘ, ਅਮਰੀਕ ਸਿੰਘ, ਲਖਬੀਰ ਸਿੰਘ, ਬਲਦੇਵ ਸਿੰਘ, ਗੁਰਚਰਨ ਸਿੰਘ, ਗੁਰਦੇਵ ਸਿੰਘ ਗਿੱਲ, ਕਰਤਾਰ ਸਿੰਘ, ਸੁਰਜੀਤ ਸਿੰਘ ਕੰਗ, ਲਾਲ ਸਿੰਘ ਮਾਨ ਆਦਿ ਨੇ ਸ਼ਿਰਕਤ ਕੀਤੀ।

---

# ਨਾਰੀਅਲ ਪਾਣੀ ਦੇ ਫ਼ਾਇਦੇ



ਤੁਹਾਡੀ ਮੌਰਨਿੰਗ ਸਿਕਨੈੱਸ ਦੂਰ ਕਰੇਗਾ ਨਾਰੀਅਲ ਪਾਣੀ, ਜਾਣੋ ਇਸ ਦੇ ਫ਼ਾਇਦੇ। ਗਰਮੀ ਦੇ ਮੌਸਮ 'ਚ ਲੋਕ ਅਕਸਰ ਨਾਰੀਅਲ ਪਾਣੀ ਪੀਣਾ ਪਸੰਦ ਕਰਦੇ ਹਨ। ਇਹ ਨਾ ਸਿਰਫ਼ ਸਵਾਦ 'ਚ ਸ਼ਾਨਦਾਰ ਹੈ, ਸਗੋਂ ਇਸ ਦੇ ਕਈ ਫ਼ਾਇਦੇ ਵੀ ਹਨ। ਨਾਰੀਅਲ ਪਾਣੀ 'ਚ ਪਾਇਆ ਜਾਣ ਵਾਲਾ ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ ਅਤੇ ਸੋਡੀਅਮ ਇਸ ਨੂੰ ਪੂਰੀ ਤਰ੍ਹਾਂ ਪੌਸ਼ਟਿਕ ਬਣਾਉਂਦੇ ਹਨ। ਇੰਨਾ ਹੀ ਨਹੀਂ, ਨਾਰੀਅਲ ਪਾਣੀ 'ਚ 94 ਫ਼ੀਸਦੀ ਤੱਕ ਪਾਣੀ ਹੁੰਦਾ ਹੈ, ਜੋ ਸਰੀਰ ਨੂੰ ਪੂਰੀ ਤਰ੍ਹਾਂ ਹਾਈਡਰੇਟ ਰੱਖਣ 'ਚ ਮਦਦ ਕਰਦਾ ਹੈ। ਏਨਾ ਹੀ ਨਹੀਂ ਜੇਕਰ ਤੁਸੀਂ ਭਾਰ ਘੱਟ ਕਰਨ ਦੀ ਪ੍ਰਕਿਰਿਆ 'ਚ ਲੱਗੇ ਹੋਏ ਹੋ ਤਾਂ ਤੁਹਾਨੂੰ ਨਾਰੀਅਲ ਪਾਣੀ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ, ਇਸ ਨਾਲ ਤੁਹਾਡਾ ਭਾਰ ਕੰਟਰੋਲ 'ਚ ਰਹਿੰਦਾ ਹੈ, ਕਿਉਂਕਿ ਇਸ 'ਚ ਚਰਬੀ ਦੀ ਮਾਤਰਾ ਨਾ ਦੇ ਬਰਾਬਰ ਹੁੰਦੀ ਹੈ।

ਗਰਮੀਆਂ 'ਚ ਨਾਰੀਅਲ ਪਾਣੀ ਪੀਣ ਦੇ ਕਈ ਫ਼ਾਇਦੇ ਹਨ ਪਰ ਇਸ ਨੂੰ ਪੀਣ ਦਾ ਸਭ ਤੋਂ ਮਹੱਤਵਪੂਰਨ ਕਾਰਨ ਇਹ ਹੈ ਕਿ ਇਹ ਤੁਹਾਡੇ ਸਰੀਰ 'ਚ ਪਾਣੀ ਦੀ ਕਮੀ ਨੂੰ ਪੂਰਾ ਕਰਦਾ ਹੈ। ਇਨ੍ਹੀਂ ਦਿਨੀਂ ਸਰੀਰ 'ਚ ਪਾਣੀ ਦੀ ਕਮੀ ਹੋ ਜਾਂਦੀ ਹੈ, ਜਿਸ ਨੂੰ ਨਾਰੀਅਲ ਪਾਣੀ ਪੂਰਾ ਕਰ ਸਕਦਾ ਹੈ। ਇਸ ਲਈ ਕਈ ਲੋਕ ਗਰਮੀਆਂ ਦੇ ਮੌਸਮ 'ਚ ਇਸ ਨੂੰ ਪੀਣਾ ਪਸੰਦ ਕਰਦੇ ਹਨ।

**ਐਨਰਜੀ ਨੂੰ ਕਰਦਾ ਹੈ ਬੂਸਟ**-ਗਰਮੀ ਕਾਰਨ ਸਾਡੇ ਸਰੀਰ 'ਚ ਐਨਰਜੀ ਲੈਵਲ ਘੱਟ ਜਾਂਦਾ ਹੈ, ਜਿਸ ਨੂੰ ਵਧਾਉਣ 'ਚ ਨਾਰੀਅਲ ਪਾਣੀ ਮਦਦਗਾਰ ਹੁੰਦਾ ਹੈ। ਨਾਲ ਹੀ ਇਹ ਤੁਹਾਡੀ ਇਮਿਊਨਿਟੀ ਨੂੰ ਵਧਾਉਣ 'ਚ ਵੀ ਮਦਦ ਕਰਦਾ ਹੈ।

**ਸਰੀਰ 'ਚ ਇਨਸੁਲਿਨ ਦਾ ਵੀ ਕਰਦਾ ਹੈ ਕੰਮ**-ਨਾਰੀਅਲ ਪਾਣੀ ਦੇ ਸੇਵਨ ਨਾਲ ਸਰੀਰ 'ਚ ਸ਼ੂਗਰ ਕੰਟਰੋਲ ਰਹਿੰਦੀ ਹੈ, ਜਿਸ ਨਾਲ ਸ਼ੂਗਰ ਦੀ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ।

**ਕਿਡਨੀ ਲਈ ਵੀ ਹੈ ਫ਼ਾਇਦੇਮੰਦ**-ਨਾਰੀਅਲ ਪਾਣੀ ਦਾ ਸੇਵਨ ਪਥਰੀ ਦੇ ਕ੍ਰਿਸਟਲ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਇਸ ਦੇ ਨਾਲ ਹੀ ਇਹ ਪਿਸ਼ਾਬ ਰਾਹੀਂ ਗੁਰਦੇ ਦੀ ਪੱਥਰੀ ਨੂੰ ਵੀ ਬਾਹਰ ਕੱਢਦਾ ਹੈ।

**ਚਮੜੀ ਨੂੰ ਨਿਖਾਰਨ 'ਚ ਵੀ ਮਦਦਗਾਰ**-ਨਾਰੀਅਲ ਪਾਣੀ ਨਾ ਸਿਰਫ਼ ਸਿਹਤ ਲਈ ਚੰਗਾ ਹੁੰਦਾ ਹੈ, ਸਗੋਂ ਇਹ ਚਮੜੀ ਲਈ ਵੀ ਵਧੀਆ ਹੁੰਦਾ ਹੈ। ਇਹ ਚਮੜੀ ਨੂੰ ਹਾਈਡ੍ਰੇਟ ਕਰਨ ਦਾ ਕੰਮ ਕਰਦਾ ਹੈ। ਨਾਰੀਅਲ ਪੀਣ ਤੋਂ ਇਲਾਵਾ ਜੇਕਰ ਤੁਸੀਂ ਇਸ ਨੂੰ ਚਿਹਰੇ 'ਤੇ ਲਗਾਓ ਤਾਂ ਇਹ ਤੁਹਾਡੇ ਚਿਹਰੇ ਤੋਂ ਮੁਹਾਸੇ ਵੀ ਦੂਰ ਕਰ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਸੱਥ ਮੈਲਬਰਨ ਦੀ ਸ਼ਾਮ, ਜਿੰਦਰ, ਤਰਸੇਮ, ਹਰਿੰਦਰ ਭੁੱਲਰ, ਗੁਰਦਿਆਲ ਦਲਾਲ ਜੀ ਦੇ ਨਾਮ



**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ) :** ਚਰਚਿਤ ਸੰਸਥਾ 'ਪੰਜਾਬੀ ਸੱਥ ਮੈਲਬਰਨ' ਵੱਲੋਂ ਪੰਜਾਬ ਤੋਂ ਆਸਟ੍ਰੇਲੀਆ ਆਏ ਚਾਰ ਮਹਿਮਾਨਾਂ ਦੇ ਸਨਮਾਨ ਵਿੱਚ ਮੈਲਬਰਨ ਵਿੱਚ 26 ਜੂਨ ਨੂੰ ਇੱਕ ਪ੍ਰੋਗਰਾਮ ਰੱਖਿਆ ਗਿਆ ਜਿਸ ਵਿੱਚ ਵਿਕਟੋਰੀਆ ਦੇ ਦੂਰੋਂ ਨੇੜਿਓਂ ਆਏ ਸਰੋਤਿਆਂ ਅਤੇ ਲੇਖਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸੰਸਥਾ ਦੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਸੱਥ ਮੈਲਬਰਨ ਦੀ ਸੰਚਾਲਕ ਕੁਲਜੀਤ ਕੌਰ ਗ਼ਜ਼ਲ ਨੇ ਸੁਆਗਤੀ ਸ਼ਬਦਾਂ ਨਾਲ ਕੀਤੀ। ਫਿਰ ਹਰ ਵਾਰ ਦੀ ਤਰ੍ਹਾਂ ਸੰਸਥਾ ਦੀ ਪ੍ਰਧਾਨ 'ਮਧੂ ਤਨਹਾ' ਨੇ ਬੜੀ ਬਾਖੂਬੀ ਨਾਲ ਸਟੇਜ ਦੀ ਸੇਵਾ ਨਿਭਾਈ। ਇਸ ਦੌਰਾਨ ਮੈਲਬਰਨ ਦੀ ਹੀ ਲੇਖਕਾ ਅਤੇ ਰੇਡੀਓ ਹੋਸਟ ਅਮਰਦੀਪ ਕੌਰ ਨੇ ਕਿਹਾ ਕਿ ਸਾਨੂੰ ਪ੍ਰਦੇਸਾਂ ਵਿੱਚ ਰਹਿ ਕੇ ਸਾਹਿਤ ਨਾਲ ਜੁੜੇ ਰਹਿਣਾ ਚਾਹੀਦਾ ਹੈ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕੁਲਜੀਤ ਕੌਰ ਗ਼ਜ਼ਲ ਨੇ ਦੱਸਿਆ ਕਿ ਇਸ ਸੁਭਾਗੇ ਪਲਾਂ ਦੌਰਾਨ ਪਰਮਿੰਦਰ ਸਿੰਘ ਕਾਹਲੋਂ ਨੇ ਘਰ ਨੂੰ ਯਾਦ ਕਰਦਿਆਂ, ਅਵਤਾਰ ਔਲਖ ਨੇ 'ਮਾਂ' ਨਾਲ ਸਬੰਧਿਤ ਰਚਨਾ ਨਾਲ ਅਤੇ ਬਿੱਲਾ ਔਲਖ ਨੇ ਲੋਕ ਗੀਤ ਨਾਲ ਦਰਸ਼ਕਾਂ ਨੂੰ ਕੀਲ ਲਿਆ। ਬਲਜੀਤ ਸਿੰਘ ਦੀ ਰਚਨਾ ਭਾਵੁਕ ਕਰਨ ਵਾਲੀ ਸੀ। ਹਰਪ੍ਰੀਤ ਸਿੰਘ ਬੱਬਰ ਨੇ ਆਪਣੇ ਵੱਖਰੇ ਅੰਦਾਜ ਵਿੱਚ ਧਾਰਮਿਕ ਰਚਨਾ ਨਾਲ ਅਲੱਗ ਰੰਗ ਬੰਨਿਆ। ਇਸ ਤੋਂ ਇਲਾਵਾ ਬੀਬੀ ਕੁਲਵੰਤ ਕੌਰ ਅਤੇ ਮਹਿੰਦਰਪਾਲ ਕੌਰ ਦੀਆਂ ਰਚਨਾਵਾਂ, ਜੱਗੀ ਜੌਹਲ ਦੀਆਂ ਦਿਲ ਖਿੱਚਵੀਆਂ ਗ਼ਜ਼ਲਾਂ ਤੇ ਪ੍ਰਿੰਸੀਪਲ ਰਣਜੋਧ ਸਿੰਘ ਹੁਰਾਂ ਦੀਆਂ ਕੀਮਤੀ ਗੱਲਾਂ ਪ੍ਰੋਗਰਾਮ ਨੂੰ ਚਾਰ ਚੰਨ ਲਾ ਗਈਆਂ।









ਮੁੱਖ ਮਹਿਮਾਨਾਂ ਵਿੱਚੋਂ ਉੱਘੇ ਗ਼ਜ਼ਲਗੋ ਗੁਰਦਿਆਲ ਦਲਾਲ ਜੀ ਨੇ ਚਾਨਣਾ ਪਾਇਆ ਕਿ ਚੰਗੀ ਗ਼ਜ਼ਲ ਕਹਿਣ ਲਈ ਬਹਿਰਾਂ ਵੱਲ ਧਿਆਨ ਦੇਣਾ ਬਹੁਤ ਜਰੂਰੀ ਹੈ। ਕਹਾਣੀਕਾਰ ਜਿੰਦਰ ਨੇ ਕਿਹਾ ਕਿ ਸਾਹਿਤਕ ਪ੍ਰੋਗਰਾਮਾਂ ਵਿੱਚ ਭੀੜ ਨਾਲੋਂ ਸਰੋਤਿਆਂ ਦੀ ਕੁਆਲਟੀ ਵੱਲ ਧਿਆਨ ਦੇਣਾ ਚਾਹੀਦਾ ਹੈ। ਲੇਖਕ ਤਰਸੇਮ ਨੇ ਆਪਣੀਆਂ ਕਵਿਤਾਵਾਂ ਨਾਲ, ਸੁਣਨ ਵਾਲਿਆਂ ਨੂੰ ਕੀਲ ਲਿਆ। ਪੰਜਾਬੀ ਫਿਲਮ ਦੇ ਜਾਣੇ ਪਹਿਚਾਣੇ ਚਿਹਰੇ ਹਰਿੰਦਰ ਭੁੱਲਰ ਨੇ ਕਿਹਾ ਕਿ ਉਹਨਾਂ ਨੂੰ ਤਰਾਸ਼ਣ ਵਿੱਚ ਉਹਨਾਂ ਦੀ ਮਾਤਾ ਜੀ ਦੀ ਬਹੁਤ ਵੱਡੀ ਦੇਣ ਹੈ। ਇਸ ਤਰਾਂ ਨਾਲ ਪੰਜਾਬੀ ਸੱਥ ਮੈਲਬਰਨ ਦੀ ਇਹ ਸ਼ਾਮ ਬਹੁਤ ਹੀ ਖੂਬਸੂਰਤ ਤੇ ਯਾਦਗਾਰੀ ਸ਼ਾਮ ਹੋ ਨਿੱਬੜੀ, ਜਿਸਦੀ ਦੇਸ਼-ਵਿਦੇਸ਼ ਵਿਚ ਖੂਬ ਚਰਚਾ ਹੈ।

••



Sri Satguru Jagjit Singh Ji eLibrary NamdhariElibrary@gmail.com

# ਕਾਵਿ-ਮਹਿਫ਼ਲ

## ਗ਼ਜ਼ਲ



ਸਫ਼ਲ ਬਣੋ ਸਨਮਾਨ ਮਿਲੇਗਾ।
ਕਰਮਾਂ ਵਿੱਚ ਭਗਵਾਨ ਮਿਲੇਗਾ।
ਫੁੱਲ ਖਿੜੇ ਨੇ ਹੁਣ ਮਾਲੀ ਨੂੰ,
ਖੁਸ਼ਬੂ ਦਾ ਵਰਦਾਨ ਮਿਲੇਗਾ।
ਚੰਗੇ ਕਰਮਾਂ ਦਾ ਫਲ ਚੰਗਾ,
ਦਿਲ ਅੰਦਰ ਇਨਸਾਨ ਮਿਲੇਗਾ।
ਖੁਦ ਨੂੰ ਜਦ ਪਹਿਚਾਣੋਗੇ ਤਾਂ,
ਆਤਮਤੁਸ਼ਟ ਧਿਆਨ ਮਿਲੇਗਾ।
ਵਿਦਿਆ ਦਾ ਅੰਬਰ ਪਾਉਗੇ,
ਲੋਅ ਦਾ ਰੌਸ਼ਨਦਾਨ ਮਿਲੇਗਾ।
ਉੱਦਮ, ਸ਼ਕਤੀ, ਸੰਘਰਸ਼, ਧੀਰਜ,
ਹਰ ਕਾਰਜ ਪਰਵਾਨ ਮਿਲੇਗਾ।
ਹਰਿਆਲੀ ਵਿਚ ਖੁਸ਼ਹਾਲੀ ਹੈ,
ਹਰ ਪੌਦਾ ਧਨਵਾਦ ਮਿਲੇਗਾ।
ਕਰਮ ਬਣੇ ਭਗਤੀ ਦਾ ਮਾਰਗ,
ਕ੍ਰਿਸ਼ਨ ਦਾ ਫ਼ਰਮਾਨ ਮਿਲੇਗਾ।
ਪਤਝੜ ਵਿਚ ਜੋ ਘਬਰਾ ਜਾਏ,
ਮਾਲੀ ਉਹ ਨਾਦਾਨ ਮਿਲੇਗਾ।
ਮੰਜ਼ਿਲ ਦਾ ਰਸਤਾ ਦੱਸ ਦੇਣਾ,
ਰਾਹੀਂ ਜੋ ਅਨਜਾਣ ਮਿਲੇਗਾ।
ਰਿਸ਼ਵਤ ਦੇ ਘਰ ਘਰ ਵਿਚ ਅਕਸਰ,
ਹਰ ਬੰਦਾ ਬੇਈਮਾਨ ਮਿਲੇਗਾ।
ਖੁਸ਼ੀਆਂ ਦੇ ਹਾਰ ਪਿਰੋ ਕੇ ਰੱਖ,
ਗ਼ਮ ਦਾ ਕਦ ਮਹਿਮਾਨ ਮਿਲੇਗਾ।
ਮਗਰ ਘਰੋਂਦਾ ਮੰਜ਼ਿਲ ਹੋਣੀ,
ਖੰਭਾਂ ਵਿਚ ਅਭਿਮਾਨ ਮਿਲੇਗਾ।
ਢਲਦੀ ਆਯੂ ਵਿਚ ਹੈ ਬਾਲਮ,
ਦਿਲ ਦਾ ਮਗਰ ਜਵਾਨ ਮਿਲੇਗਾ।

## ਗ਼ਜ਼ਲ



ਭੈੜੀਆਂ ਵਗਣ ਹਵਾਵਾਂ ਨਾ ਕੋਈ ਆਸਰਾ।
ਦੁਸ਼ਮਣ ਕਰੇ ਦੁਆਵਾਂ ਨਾ ਕੋਈ ਆਸਰਾ।
ਰਿਸ਼ਤਿਆਂ ਦਾ ਹੀ ਭਰਮ ਪਾਲਦੇ ਫਿਰਦੇ ਆਂ,
ਜਿਸਦਾ ਨਾ ਸਿਰਨਾਵਾਂ ਨਾ ਕੋਈ ਆਸਰਾ।
ਗਿਰਗਿਟ ਵਾਂਗੂੰ ਰੰਗ ਬਦਲਦਾ ਜਾਪੇ ਹੁਣ,
ਆਪਣਾ ਹੀ ਪਰਛਾਵਾਂ ਨਾ ਕੋਈ ਆਸਰਾ।
ਮਾਰੂਥਲ ਨੂੰ ਸਿਰ ਤੇ ਚੁੱਕੀ ਫਿਰਦੇ ਆਂ,
ਸਾੜਨ ਗਰਮ ਸ਼ੁਆਵਾਂ ਨਾ ਕੋਈ ਆਸਰਾ।
ਹੁਕਮ ਰਜਾ ਤੇ ਭਾਣਾ ਹੀ ਤਾਂ ਔਖਾ ਏ,
ਕਿਹਦਾ ਦਰ ਖੜਕਾਵਾਂ ਨਾ ਕੋਈ ਆਸਰਾ।
ਇਹ ਕਰੋ ਨਾ ਔਹ ਕਰੋ ਨਾ ਸਾਰੀ ਦੁਨੀਆਂ ਆਖੇ,
ਹਰ ਕੋਈ ਦੇ ਸਲਾਹਵਾਂ ਨਾ ਕੋਈ ਆਸਰਾ।
ਆਉਣਾ ਜਾਣਾ ਡਾਹਢਾ ਮੁਸ਼ਕਿਲ ਹੋਇਆ ਏ,
ਬੱਚਿਆਂ ਨੂੰ ਸਮਝਾਵਾਂ ਨਾ ਕੋਈ ਆਸਰਾ।
ਮੂੰਹ ਲਕੋਣਾ ਦੂਰੀ ਰੱਖਣਾ ਅਤਿ ਜ਼ਰੂਰੀ ਹੋਇਆ,
ਹੁਣ ਕਿਸ ਨੂੰ ਗਲ ਲਾਵਾਂ ਨਾ ਕੋਈ ਆਸਰਾ।

**-ਪ੍ਰੋ. ਜਸਪਾਲ ਸਿੰਘ ਗਿੱਲ ਪੀ.ਸੀ.ਐੱਸ.**
ਸੇਵਾ ਮੁਕਤ ਏ.ਡੀ.ਸੀ, ਖੰਨਾ
ਸੰਪਰਕ : 84279-50850, 7814295996



## ਖਾਨਾ-ਬਦੋਸ਼ ਡਗਰ

ਛਲਾਵਾ ਰਹੀ ਹੈ ਜ਼ਿੰਦਗੀ, ਆਸਾਂ-ਉਮੀਦਾਂ ਵਾਸਤੇ।
ਉਭਰਨਗੇ ਇਸ ਦੇ ਨਕਸ਼ ਕਦ ਆਪਣੇ ਮੁਰਾਦਾਂ ਵਾਸਤੇ।
ਸਜਦੇ ਨੇ ਵੈਰੀ ਹੋ ਰਹੇ, ਮਰਮਰ ਦੇ ਝੂਠੇ ਮੰਦਰੀਂ,
ਸਾਬਤ ਸਿਰਾਂ ਨੂੰ ਬੋਚੀਏ, ਸੁੱਚੀਆਂ ਦਹਿਲੀਜ਼ਾਂ ਵਾਸਤੇ।
ਧਰਤ ਸਾਰੀ ਹੀ ਰਹੀ, ਖਾਨਾ-ਬਦੋਸ਼ਾਂ ਦੀ ਡਗਰ,
ਸਿਮਟਦੀ ਕਿਉਂ ਜਾ ਰਹੀ, ਸੰਗਲਾਂ ਜ਼ਰੀਬਾਂ ਵਾਸਤੇ।
ਪਾਪ ਪੀੜਾਂ ਜੁਰਮ ਸਭ, ਆਸ਼ਕ ਦਿਲਾਂ ਦੇ ਨਾਮ ਹੀ,
ਇਸ਼ਕ ਦਾ ਰੁਖ ਬਦਲੀਏ, ਕੁਝ ਤਾਂ ਰਕੀਬਾਂ ਵਾਸਤੇ।
ਹਰ ਦੌਰ ਨੇ ਹੀ ਨੋਚ ਕੇ, ਦਫਨਾਇਆ ਸਾਡੀ ਲਾਸ਼ ਨੂੰ,
ਉੱਠਦੇ ਰਹੇ ਹਾਂ ਕਬਰ 'ਚੋਂ ਨਵੀਆਂ ਤਹਿਜ਼ੀਬਾਂ ਵਾਸਤੇ।
ਅੰਬਰੀਂ ਫ਼ਿਜ਼ਾਵਾਂ ਫੈਲੀਆਂ, ਰੁੱਤਾਂ ਤੇ ਫਸਲਾਂ ਮੌਲੀਆਂ,
ਮਿੱਟੀ 'ਚ ਮਿੱਟੀ ਹੋਏ ਹਾਂ, ਜਿਨ੍ਹਾਂ ਦੇ ਬੀਜਾਂ ਵਾਸਤੇ।
ਦਰਿਆ ਵੀ ਤੇਰੇ ਸਰਵਰੋਂ ਝਰਨੇ ਵੀ ਤੇਰੇ ਸੀਨਿਉਂ,
ਓਕ ਨਾ ਪਰ ਸਰ ਸਕੀ, ਪਿਆਸੇ ਮੁਰੀਦਾਂ ਵਾਸਤੇ।
ਤਖ਼ਤਾਂ ਤੇ ਫਲਦੇ ਰਹੇ ਹਾਂ ਸੀਖਾਂ ਸਲੀਬਾਂ ਵਾਸਤੇ।
ਮੁੱਢੋਂ ਕਦੀਮੋਂ ਬਸਰ ਹੈ, ਵੇਦਾਂ ਤੇ ਵੈਦਾਂ ਦੇ ਵਤਨ
ਮਿਲਦੀ ਨਾ ਕਿਉਂ ਸੰਜੀਵਣੀ, ਮਰਜ਼ਾਂ ਮਰੀਜ਼ਾਂ ਵਾਸਤੇ।
ਕੀ ਹੋਇਆ ਦਿਨ ਰਾਤ ਜੇ ਬੀਤਣ ਇਹ ਰੋਂਦੇ ਧੋਂਦਿਆਂ,
ਮੁਸਕਾ ਰਹੇ ਇਤਿਹਾਸ ਵਿਚ ਆਪਣੇ ਹਜ਼ਾਰਾਂ ਹਾਦਸੇ।

**-ਪ੍ਰੋ: ਸਾਧੂ ਸਿੰਘ**, ਸਾਬਕਾ ਲੋਕ ਸਭਾ ਮੈਂਬਰ
ਸੰਪਰਕ : 7508665151

## ਸਾਰੀ ਧਰਤੀ ਮੇਰੀ



**ਗੁਰਭਜਨ ਗਿੱਲ**

ਸਾਰੀ ਧਰਤੀ ਮੇਰੀ,
ਕਿਉਂ ਮਹਿਮਾਨ ਬਣਾਂ?
ਮੈਂ ਤਾਂ ਏਥੇ ਆਇਆਂ, ਡੇਰਾ ਲਾਵਾਂਗਾ।
ਕਬਜ਼ੇ ਲਈ, ਇਕ ਗਿੱਠ ਵੀ ਮੈਨੂੰ ਲੋੜ ਨਹੀਂ,
ਮੈਂ ਤਾਂ ਤੇਰੇ ਦਿਲ ਅੰਦਰ ਬਹਿ ਜਾਵਾਂਗਾ।

ਜੀਕਣ ਫੁੱਲ ਵਿਚ ਰੰਗ ਤੇ ਖੁਸ਼ਬੂ ਵੱਸਦੀ ਹੈ।
ਕਦਰਦਾਨ ਨੂੰ ਸਭ ਸਿਰਨਾਵੇਂ ਦੱਸਦੀ ਹੈ।
ਕੱਲ-ਮੁ-ਕੱਲੀ ਰੋਂਦੀ, ਨਾਲੇ ਹੱਸਦੀ ਹੈ।
ਮੈਂ ਵੀ ਤੇਰੇ ਅੰਗ ਸੰਗ ਏਦਾਂ ਚਾਹਵਾਂਗਾ।

ਜਿਸ ਧਰਤੀ ਤੇ ਬਿਰਖ਼ ਬਰੂਟੇ ਦਿਸਦੇ ਨਹੀਂ।
ਅੱਖੀਆਂ ਵਿਚੋਂ ਅੱਥਰੂ ਚਸ਼ਮੇ ਰਿਸਦੇ ਨਹੀਂ।
ਦਰਦ ਵੇਖ ਕੇ ਦਿਲ ਦੇ ਛਾਲੇ ਫਿਸਦੇ ਨਹੀਂ।
ਮਾਰੂਥਲ ਨੂੰ ਮੈਂ ਹੁਣ ਜੀਉਣ ਸਿਖਾਵਾਂਗਾ।

ਚੱਲ ਧਰਤੀ ਨੂੰ ਕਹੀਏ, ਦਿਲ ਨਾ ਛੱਡ ਮਾਏ।
ਕੀ ਹੋਇਆ? ਜੇ ਪੁੱਤਰ ਤੇਰੇ ਨਹੀਂ ਆਏ।
ਹਰ ਸਾਹ ਵਿਚ ਹਟਕੋਰੇ ਹਿੱਸੇ ਜੇ ਆਏ।
ਮੈਂ ਤੇਰੇ ਘਰ ਵੇਖੀਂ ਰੌਣਕ ਲਾਵਾਂਗਾ।

ਰਾਤੀਂ ਬੋਲਣ ਬੀਂਡੇ ਜੋ ਗ਼ਮਗੀਨ ਜਹੇ।
ਨਾ ਰੋਂਦੇ ਨਾ ਹੱਸਦੇ ਨਿਰੇ ਮਸ਼ੀਨ ਜਹੇ।
ਬੇਕਦਰਾਂ ਨੇ ਚੁੱਲ੍ਹੇ ਡਾਹੀ ਬੀਨ ਜਹੇ।
ਮੈਂ ਇਨ੍ਹਾਂ ਵਿਚ ਸੱਜਰੀ ਜਿੰਦ ਧੜਕਾਵਾਂਗਾ।

ਮੈਂ ਪਰਵਾਸੀ ਪੰਛੀ ਵਾਂਗ ਉਦਾਸ ਨਹੀਂ।
ਮੇਰੀਆਂ ਲੋੜਾਂ ਜੇ ਪੁੱਛਦੇ ਹੋ, ਖ਼ਾਸ ਨਹੀਂ।
ਪਰ ਇਹ ਘੋਰ ਉਦਾਸੀ ਮੈਨੂੰ ਰਾਸ ਨਹੀਂ।
ਮੈਂ ਪੌਣਾਂ ਦੇ ਪੈਰੀਂ ਝਾਂਜਰ ਪਾਵਾਂਗਾ।

ਖ਼ਾਰੇ ਪਾਣੀ, ਅੱਥਰੂ ਦੇ ਵਿਚ ਅੰਤਰ ਹੈ।
ਹਰ ਹਾਉਕੇ ਦੀ ਆਪਣੀ ਹੋਂਦ ਸੁਤੰਤਰ ਹੈ।
ਜ਼ਿੰਦਗੀ ਨੂੰ ਪਹਿਚਾਨਣ ਦਾ ਇਹ ਮੰਤਰ ਹੈ।
ਇਸ ਧਰਤੀ ਦੇ ਲੋਕਾਂ ਨੂੰ ਸਮਝਾਵਾਂਗਾ।

ਚਾਰਦੀਵਾਰੀ ਅੰਦਰ ਪੰਛੀ ਵੱਸਦੇ ਨੇ ।
ਸੁਪਨ ਵਿਹੂਣੇ ਭੇਤ ਨਾ ਦਿਲ ਦਾ ਦੱਸਦੇ ਨੇ।
ਧਰਤ ਬਰੇਤੀ ਤਪਦੀ, ਫਿਰ ਵੀ ਨੱਸਦੇ ਨੇ।
ਮੈਂ ਹੀ ਏਥੇ ਪਹਿਲਾ ਬਿਰਖ਼ ਲਗਾਵਾਂਗਾ।

ਮਾਰੂਥਲ ਦੀ ਪੀੜਾ ਕਿਸਨੇ ਜਾਣੀ ਹੈ।
ਇਸ ਦੀ ਪਿਆਸ ਨਿਰੰਤਰ ਲੱਭਦੀ ਪਾਣੀ ਹੈ।
ਹਰ ਧਰਤੀ ਦੀ ਵੱਖਰੀ ਦਰਦ ਕਹਾਣੀ ਹੈ।
ਇਸ ਦੀ ਗਾਥਾ ਸਾਗਰ ਨੂੰ ਸਮਝਾਵਾਂਗਾ।

ਰਾਂਝਾ ਵੰਝ ਨੂੰ ਵੰਝਲੀ ਜਿਵੇਂ ਬਣਾਉਂਦਾ ਹੈ।
ਸੁਰ ਸ਼ਹਿਜਾਦੀ ਹੋਠਾਂ ਨਾਲ ਛੁਹਾਉਂਦਾ ਹੈ।
ਉਸ ਪਲ ਮੈਨੂੰ ਤੇਰਾ ਚੇਤਾ ਆਉਂਦਾ ਹੈ।
ਪੱਥਰਾਂ ਨੂੰ ਵੇਖੀਂ ਮੈਂ ਬੋਲਣ ਲਾਵਾਂਗਾ।



Sri Satguru Jagjit Singh Ji eLibrary NamdhariElibrary@gmail.com

## ਚੰਗੇ ਬੱਚਿਆਂ ਦੇ ਮਾਪੇ



ਆਪਣੇ ਬੱਚੇ ਜਿਨ੍ਹਾਂ ਮਾਪਿਆਂ, ਚੰਗੀ ਤਰ੍ਹਾਂ ਪੜ੍ਹਾ ਲਏ ਨੇ।
ਚੰਗੇ ਵਿਦਵਾਨਾਂ ਵਾਲੇ ਗੁਣ, ਝੋਲੀ ਉਨ੍ਹਾਂ ਦੀ ਪਾ ਲਏ ਨੇ।
ਗੁਣ ਵੇਖ ਕੇ ਬਾਲਾਂ ਦੇ ਜਦੋਂ, ਲੋਕੀਂ ਗੁਣ ਪਏ ਗਾਉਂਦੇ ਨੇ।
ਚੰਗੇ ਬੱਚਿਆਂ ਦੇ ਮਾਪੇ ਓਦੋਂ, ਫੁੱਲੇ ਨਹੀਓਂ ਸਮਾਉਂਦੇ ਨੇ।

ਬੱਚਿਆਂ ਦਾ ਬਚਪਨ ਜਿਨ੍ਹਾਂ, ਮਾਪਿਆਂ ਨੇ ਸੰਭਾਲ ਲਿਆ।
ਬੱਚਿਆਂ ਦੀ ਤਰੱਕੀ ਵਾਲਾ , ਰਾਹ ਉਨ੍ਹਾਂ ਨੇ ਭਾਲ ਲਿਆ।
ਮਿਹਨਤ ਦਾ ਜਦੋਂ ਪੱਲਾ ਫੜ੍ਹ, ਉੱਚੀਆਂ ਮੰਜ਼ਿਲਾਂ ਪਾਉਂਦੇ ਨੇ।
ਚੰਗੇ ਬੱਚਿਆਂ ਦੇ ਮਾਪੇ ਓਦੋਂ................................।
ਜਿਨ੍ਹਾਂ ਦੇ ਨਲਾਇਕ ਨੇ ਬੱਚੇ, ਨਰਕ ਦੀ ਜ਼ਿੰਦਗੀ ਜਿਊਂਦੇ ਨੇ।
ਜਿਊਣਾ ਦੁੱਭਰ ਹੋ ਜਾਂਦਾ ਏ, ਜਦੋਂ ਵੀ ਉਲਾਮੇਂ ਆਉਂਦੇ ਨੇ।
ਕਈ ਵਾਰ ਤਾਂ ਮਾੜੇ ਬੱਚੇ, ਥਾਣੇ ਕਚਿਹਰੀਆਂ ਵਿਖਾਉਂਦੇ ਨੇ।
ਚੰਗੇ ਬਚਿਆਂ ਦੇ ਮਾਪੇ ਓਦੋਂ...................................।
ਸੁੱਖਾਂ ਸੁੱਖ ਕੇ ਲਏ ਜੋ ਬੱਚੇ, ਮਾਪਿਆਂ ਨੂੰ ਜਦੋਂ ਸਤਾਉਂਦੇ ਨੇ।
ਜੰਮਣ ਤੋਂ ਕੀ ਖੜਾ ਸੀ ਥੋੜੇ, ਮਾਪੇ ਰੋਂਦੇ 'ਤੇ ਕੁਰਲਾਉਂਦੇ ਨੇ।
ਸਮਾਜ ਵਿੱਚ ਵਿਚਰਨ ਸਮੇਂ, ਬਹੁਤ ਜ਼ਿਆਦਾ ਸ਼ਰਮਾਉਂਦੇ ਨੇ।
ਚੰਗੇ ਬੱਚਿਆਂ ਦੇ ਮਾਪੇ ਓਦੋਂ...................................।
ਚੰਗੇ ਬੱਚਿਆਂ ਦੇ ਗੁਣ ਹਮੇਸ਼ਾ, ਸਾਰਾ ਸੰਸਾਰ ਹੀ ਗਾਉਂਦਾ ਹੈ।
ਸਭ ਦੇ ਬੱਚੇ ਹੋਣ ਸੁਲੱਘ, 'ਅਮਰੀਕ ਤਲਵੰਡੀ' ਵੀ ਚਾਹੁੰਦਾ ਹੈ।
ਕਿਸੇ ਵੀ ਖੇਤਰ ਦੇ ਵਿੱਚ ਜੋ, ਮਾਪਿਆਂ ਦਾ ਨਾਂ ਚਮਕਾਉਂਦੇ ਨੇ।
ਚੰਗੇ ਬੱਚਿਆਂ ਦੇ ਮਾਪੇ ਓਦੋਂ.......................................।

**-ਅਮਰੀਕ ਸਿੰਘ ਤਲਵੰਡੀ ਕਲਾਂ,**
ਗਿੱਲ ਨਗਰ, ਗਲੀ ਨੰ: 13, ਮੁੱਲਾਂਪੁਰ ਦਾਖਾ (ਲੁਧਿਆਣਾ)
ਮੋਬਾਈਲ : 94635-42896

## ਦੋ ਨਜ਼ਮਾਂ

### ਨ਼ਫ਼ਰਤ

ਫੱਟ ਵਜਿਆ ਹਮੇਸ਼ਾ ਹੀ ਮਿੱਟ ਜਾਂਦਾ,
ਨਹੀਓਂ ਭੁੱਲਦਾ ਬੋਲਿਆ ਕੌੜਾ ਬੋਲ।
ਕੌੜਾ ਬੋਲਣ 'ਤੇ ਨ਼ਫ਼ਰਤਾਂ ਹੋਣ ਪੈਦਾ,
ਜੀਭ 'ਤੇ ਮਿੱਠਾ ਮਿਸ਼ਰੀ ਦਾ ਘੋਲ।
ਚਾਰੇ ਕੂਚਾਂ ਨ਼ਫ਼ਰਤ ਨਾਲ ਨੇ ਹੈ ਭਰੀਆਂ,
ਕਰ ਕੋਸ਼ਿਸ਼ ਤੂੰ ਪਿਆਰ ਵਾਲਾ ਬੂਹਾ ਖੋਲ।
ਜਰਾਸੀ ਕੱਟ ਕੇ ਮਿਲਦਾ ਈ ਫਿਰ ਹਿ ਜਾਮਾ,
ਐਵੇਂ ਨਾ ਗਵਾ ਲਈਂ ਇਹ ਜ਼ਿੰਦਗੀ ਅਨਮੋਲ।
ਆਪਣਾ ਆਪ ਇਥੇ ਭਾਵੇਂ ਜਾਏ ਲੁੱਟਿਆ,
ਕਦੀ ਵੀ ਨਾ ਤੋਲੀ ਆਪਣਾ ਘੱਟ ਤੂੰ ਤੋਲ।
ਸੰਗਤ ਬੁਰੀ ਵਿਚ ਨਾ ਬੈਠੀਂ ਇਕ ਦਿਨ ਤੇ,
ਬਦ ਬੰਦੇ ਨੂੰ ਕਦੀ ਵੀ ਨਾ ਬਿਠਾਈਂ ਕੋਲ।
ਲੱਖ ਦੂਰੀਆਂ ਬਨਾ ਰੱਖੇ ਭੈੜ ਦੁਨੀਆ,
ਪਰ ਤੂੰ ਨਾ ਘਟਾਈਂ ਬੱਬਰੀ ਕਿਸੇ ਨਾਲ ਮੇਲ-ਜੋਲ।

## ਵੰਗਾਂ ਵਾਲਿਆ

ਸਤਰੰਗੀ ਪੀਂਘਾਂ ਤਰ੍ਹਾਂ ਤੇਰੀਆਂ ਵੰਗਾਂ ਵੇ,
ਜਿਹੜਾ ਉਹਨੂੰ ਭਾਵੇਂ ਰੰਗ, ਉਹੀ ਮੈਨੂੰ ਚੰਗਾ ਵੇ,
ਮਾਹੀ ਦੇ ਪਸੰਦ ਦੀਆਂ, ਵੰਗਾਂ ਚੜ੍ਹਾ ਦੇ ਵੇ,
ਵੀਣੀ ਵੰਗਾਂ ਪਾ, ਉਹਦੇ ਚਾਵਾਂ ਨੂੰ ਪੁਗਾ ਦੇ ਵੇ,
ਵੇ ਵੰਗਾਂ ਵਾਲਿਆਂ, ਚੂੜੀਆਂ ਚੜ੍ਹਾ ਦੇ ਵੇ,
ਚੂੜੀਆਂ ਚੜ੍ਹਾ ਦੇ ਵੇ...........

ਸੋਹਣੇ-ਸੋਹਣੇ ਰੰਗਾਂ ਵਾਲੀਆਂ, ਤੇਰੀਆਂ ਵੰਗਾਂ ਵੇ,
ਰੰਗ ਉਹੀ ਪਾਈਂ ਜਿਹੜਾ, ਮਾਹੀ ਨੂੰ ਪਸੰਦ ਵੇ,
ਜਿਹੜਾ ਉਨ੍ਹਾਂ ਸਿੱਝਿਆਂ, ਚਾਵਾਂ ਦੇ ਨਾਲ ਵੇ,
ਉਹੀ ਵੰਗਾਂ ਪਾ ਦੇ, ਮੇਰੀ ਵੀਣੀ ਸਜਾ ਦੇ ਵੇ।
ਵੇ ਵੰਗਾਂ ਵਾਲਿਆਂ, ਚੂੜੀਆਂ ਚੜ੍ਹਾ ਦੇ ਵੇ,
ਚੂੜੀਆਂ ਚੜ੍ਹਾ ਦੇ ਵੇ...........

ਜਿੰਨੇ ਰੰਗ ਆਖੇ, ਅੱਜ ਸਾਰੇ ਪੁਵਾ ਦੇ ਵੇ,
ਰੀਝਾਂ ਵਾਲੀ ਅੱਜ, ਦੁਕਾਨ ਸਜਾ ਦੇ ਵੇ,
ਛਣ-ਛਣ ਕਰਾਂ ਮੈਂ, ਵੀਣੀ ਵੰਗਾਂ ਪਾ ਕੇ ਵੇ,
ਕੱਚ ਦੀਆਂ ਚੂੜੀਆਂ ਪਾ, ਰੂਹ ਲੇਖੇ ਲਾ ਦੇ ਵੇ,
ਵੇ ਵੰਗਾਂ ਵਾਲਿਆਂ, ਚੂੜੀਆਂ ਚੜ੍ਹਾ ਦੇ ਵੇ,
ਚੂੜੀਆਂ ਚੜ੍ਹਾ ਦੇ ਵੇ...........

ਉਸਦੇ ਚਾਵਾਂ ਨੂੰ, ਚਾਰ ਚੰਨ ਲਾ ਦੇ ਵੇ,
ਦੋਹਾਂ ਦੇ ਪਿਆਰ ਨੂੰ ਵੰਗਾਂ 'ਚ ਛੁਪਾ ਦੇ ਵੇ,
ਦਿਲਾਂ ਵਾਲੇ ਅੱਜ ਸਾਰੇ, ਦਰਦ ਮੁਕਾ ਦੇ ਵੇ,
ਬਲਜਿੰਦਰ ਦੇ ਕਲੇਜੇ 'ਚ ਅੱਜ, ਠੰਡ ਪਾ ਦੇ ਵੇ,
ਵੇ ਵੰਗਾਂ ਵਾਲਿਆਂ, ਚੂੜੀਆਂ ਚੜ੍ਹਾ ਦੇ ਵੇ,
ਚੂੜੀਆਂ ਚੜ੍ਹਾ ਦੇ ਵੇ...........

**-ਬਲਜਿੰਦਰ ਕੌਰ ਸ਼ੇਰਗਿੱਲ**
ਮੁਹਾਲੀ।
ਮੋਬਾਈਲ : 98785-19278

### ਗ਼ਰੀਬ

ਕਿਸ ਤਰ੍ਹਾਂ ਬੁਝੇ ਅੱਗ ਪੇਟ ਦੀ
ਪਾਪੀ ਪੇਟ ਦਾ ਅੱਗੋਂ ਸਵਾਲ ਆ।
ਮਹਿੰਗਾਈ ਹੁੰਦੀ ਜਾਵੇ ਬੇਕਾਬੂ
ਸੌ ਰੁਪਏ ਕਿੱਲੋ ਵਿਕਦੀ ਆਟਾ ਦਾਲ ਆ।
ਅਜੇ ਤਾਂ ਆਟੇ ਦਾ ਹੀ ਪ੍ਰਬੰਧ ਹੋਇਆ,
ਬਾਲਣ ਦੀ ਅਜੇ ਕਰਨੀ ਬਾਕੀ ਭਾਲ ਆ।
ਕੱਚੀ ਛੱਤ ਗ਼ਰੀਬ ਚੋਈ ਜਾਂਦੀ ਏ,
ਨਾ ਖ਼ਰੀਦੀ ਜਾਵੇ ਉਸ ਤੋਂ ਤਰਪਾਲ ਆ।
ਵੱਡੀਆਂ ਮੱਛੀਆਂ ਖਾਣ ਛੋਟੀਆਂ ਨੂੰ,
ਵੱਡਿਆਂ ਵਿਛਾਇਆ ਵੱਡਾ ਜਾਲ ਆ।
ਵੱਡਾ ਬੰਦਾ ਹੋਰ ਅਮੀਰ ਹੋਈ ਜਾਵੇ,
ਗ਼ਰੀਬ ਹੋਈ ਜਾਵੇ ਹੋਰ ਕੰਗਾਲ ਆ।
ਗ਼ਰੀਬੀ 'ਚੋਂ ਬੱਬਰੀ ਬੇਵੱਸ ਹੋ ਗਿਆ,
ਨਾ ਮਾਰੀ ਜਾਂਦੀ ਵੱਡੀ ਛਾਲ ਆ।

**-ਕਸ਼ਮੀਰ ਬੱਬਰੀ**
ਪਿੰਡ ਬੱਬਰੀ, ਜੀਵਨਵਾਲ, ਗੁਰਦਾਸਪੁਰ।
ਮੋਬਾ: 62807-38548

## ਮਾਂ

ਜਿਹਨੂੰ ਲਫ਼ਜ਼ਾਂ 'ਚ
ਕਰ ਸਕਦੀ ਨਹੀਂ ਬਿਆਨ,
ਐਸਾ ਸ਼ਬਦ ਹੈ ਜੱਗ ਉੱਤੇ ਮਾਂ।
ਮਾਂ ਦੀ ਕੀ ਸਿਫ਼ਤ ਸੁਣਾਵਾਂ,
ਇਹਦੇ ਕੀ ਮੈਂ ਗੁਣਾਂ ਨੂੰ ਗਾਵਾਂ,
ਮਾਂ ਦਾ ਸਿਰ ਉੱਤੇ ਪਰਛਾਵਾਂ,
ਕਿੰਨਾ ਜ਼ਰੂਰੀ, ਕਿਵੇਂ ਸਮਝਾਵਾਂ,
ਇਹਦੀ ਕਿੰਝ ਮੈਂ ਬਾਤਾਂ ਪਾਵਾਂ,
ਮਾਂ ਦੀ ਕੀ ਸਿਫ਼ਤ ਸੁਣਾਵਾਂ...।
ਬਿਨਾਂ ਲਾਲਚ ਕਿੰਨਾ ਕੁਝ ਕਰਦੀ,
ਛੋਟੇ ਤੋਂ ਹੈ ਵੱਡਾ ਕਰਦੀ,
ਹਰ ਖਾਹਿਸ਼ ਸਿਰ ਮੱਥੇ ਧਰਦੀ,
ਲੰਬੀ ਉਮਰਾਂ ਦੀ ਹੈ, ਦੁਆਵਾਂ ਕਰਦੀ,
ਬੱਚਿਆਂ ਪਿੱਛੇ ਕਿੰਨਾ ਕੁਝ ਹਰਦੀ,
ਤਾਂ ਵੀ ਮੂੰਹ 'ਚੋਂ ਸੀ... ਤੱਕ ਨਾ ਕਰਦੀ,
ਫਿਰ ਕਿਉਂ ਨਾ ਮੈਂ ਇਸ ਦੇ ਗੁਣ ਗਾਵਾਂ...
ਮਾਂ ਦੀ ਕੀ ਸਿਫ਼ਤ ਸੁਣਾਵਾਂ...।
ਜਨਮ ਦੇ ਕੇ ਰੰਗਲੀ ਦੁਨੀਆ ਦਿਖਾਈ,
ਹਰ ਮੁਕੰਮਲ ਖ਼ੁਸ਼ੀ ਮੇਰੀ ਝੋਲੀ ਪਾਈ,
ਰਾਤ ਨੂੰ ਪਰੀਆਂ ਦੀ ਬਾਤ ਸੁਣਾਈ,
ਫੇਰ ਗੂੜ੍ਹੀ ਨੀਂਦ ਵਿਖਾਈ,
ਚੰਗੇ ਸੰਸਕਾਰਾਂ ਨਾਲ
ਮੇਰੀ ਜ਼ਿੰਦਗੀ ਬਣਾਈ,
ਫੇਰ ਮੇਰਾ ਵੀ ਫ਼ਰਜ਼ ਹੈ ਕਿ
ਤੇਰਾ ਸਹਾਰਾ, ਮੈਂ ਬਣ ਜਾਵਾਂ,
ਮੈਂ ਤੇਰੇ ਕਰਜ਼ਾਂ ਨੂੰ ਚੁਕਾਵਾਂ,
ਮਾਂ ਦੀ ਕੀ ਸਿਫ਼ਤ ਸੁਣਾਵਾਂ...।
ਇਹਦੇ ਕੀ ਮੈਂ ਗੁਣਾਂ ਨੂੰ ਗਾਵਾਂ...
ਲਾਡ ਪਿਆਰ ਨਾਲ ਵੱਡਾ ਕਰਿਆ,
ਖ਼ੁਸ਼ੀ ਗ਼ਮੀ ਵਿਚ ਹੱਥ ਮੇਰਾ ਫੜਿਆ,
ਮੇਰਾ ਫ਼ਰਜ਼ ਇਹਦੇ ਲਈ ਵਧਿਆ,
ਕਿ ਹਰ ਖ਼ੁਸ਼ੀ ਇਹਦੀ ਝੋਲੀ ਪਾਵਾਂ,
ਇਹਦੀ ਹਰ ਖਾਹਿਸ਼,
ਮੁਕੰਮਲ ਮੈਂ ਕਰ ਜਾਵਾਂ,
ਇਹਦੀ ਕਿੰਝ ਮੈਂ ਬਾਤਾਂ ਪਾਵਾਂ,
ਮਾਂ ਦੀ ਕੀ ਸਿਫ਼ਤ ਸੁਣਾਵਾਂ
ਇਹਦੇ ਕੀ ਮੈਂ ਗੁਣਾਂ ਨੂੰ ਗਾਵਾਂ...।

**-ਮਿਸ ਮਨਪ੍ਰੀਤ ਕੌਰ ਘਈ,**
ਐੱਮ.ਏ., ਐੱਲ.ਐੱਲ.ਬੀ. ਐਡਵੋਕੇਟ,
ਮੈਂਬਰ ਜ਼ਿਲ੍ਹਾ ਲਿਖਾਰੀ ਸਭਾ, ਰੂਪਨਗਰ, ਪੰਜਾਬ।
ਮੋਬਾਈਲ : 98766-76493



. Sri Satguru Jagjit Singh Ji eLibrary NamdhariElibrary@gmail.com .

# ਪੁਸਤਕ ਰੀਵਿਊ ਸਰਬਪੱਖੀ ਭ੍ਰਿਸ਼ਟਤੰਤਰ ਦੇ ਦੌਰ ਵਿੱਚ ਮਾਨਵੀ ਕਦਰਾਂ-ਕੀਮਤਾਂ ਦੀ ਜਾਗ੍ਰਿਤੀ ਦਾ ਹੋਕਾ ਦਿੰਦੀ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਕਾਵਿ-ਪੁਸਤਕ 'ਜਾਗ ਪੰਜਾਬ ਤੂੰ ਜਾਗ'


**-ਡਾ. ਸਰਦੂਲ ਸਿੰਘ ਔਜਲਾ-**

ਮੁਖੀ ਪੋਸਟ ਗ੍ਰੈਜੂਏਟ,
ਪੰਜਾਬੀ ਵਿਭਾਗ, ਡਿਪਸ ਕਾਲਜ, ਫਿਲਵਾਂ
ਜ਼ਿਲ੍ਹਾ ਕਪੂਰਥਲਾ-144804,
ਮੋਬਾਈਲ : 98141-68611


ਪ੍ਰੋ. ਕੁਲਵੰਤ ਸਿੰਘ ਔਜਲਾ ਪੰਜਾਬੀ ਦਾ ਪ੍ਰਸਿੱਧ ਕਵੀ ਅਤੇ ਚਿੰਤਕ ਹੈ, ਜਿਸ ਦੀਆਂ ਸਾਹਿਤਕ, ਸਮਾਜਿਕ ਵਿਸ਼ਿਆਂ 'ਤੇ ਲਿਖੀਆਂ ਰਚਨਾਵਾਂ ਆਮ ਤੌਰ 'ਤੇ ਸਾਹਿਤਕ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਹਨ ਅਤੇ ਸੂਝਵਾਨ ਪਾਠਕ ਵਰਗ ਵਲੋਂ ਇਨ੍ਹਾਂ ਰਚਨਾਵਾਂ ਨੂੰ ਸ਼ਲਾਘਾਯੋਗ ਹੁੰਗਾਰਾ ਵੀ ਪ੍ਰਾਪਤ ਹੁੰਦਾ ਹੈ।

ਕੁਲਵੰਤ ਸਿੰਘ ਔਜਲਾ ਦੀਆਂ ਰਚਨਾਵਾਂ ਆਮ ਮਨੁੱਖ ਦੀ ਰੀਝਾਂ, ਸੁਪਨਿਆਂ, ਲੋੜਾਂ, ਥੁੜਾਂ, ਵਲਵਲਿਆਂ ਦੀ ਤਸਵੀਰਕਸ਼ੀ ਕਰਦੀਆਂ ਹਨ। ਉਸ ਦਾ ਚਿੰਤਨ ਉਸ ਸਮਾਜ ਦੀ ਕਲਪਨਾ ਕਰਦਾ ਹੈ, ਜਿਸ ਵਿਚ ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰਕ ਵਾਤਾਵਰਨ ਦਾ ਸੱਚਾ-ਸੁੱਚਾ ਮੁਕਾਮ ਸਥਾਪਿਤ ਹੁੰਦਾ ਹੈ।

ਪ੍ਰੋ. ਕੁਲਵੰਤ ਸਿੰਘ ਔਜਲਾ ਵਿਚਾਰਧੀਨ ਪੁਸਤਕ 'ਜਾਗ ਪੰਜਾਬ ਤੂੰ ਜਾਗ' ਤੋਂ ਪਹਿਲਾਂ ਕਾਵਿ-ਪੁਸਤਕ 'ਮਾਂ ਵਰਗੀ ਕਵਿਤਾ' ਨਾਲ਼ ਪੰਜਾਬੀ ਕਾਵਿ-ਖੇਤਰ ਵਿਚ ਭਰਵੀਂ ਹਾਜ਼ਰੀ ਲਗਾ ਚੁੱਕਾ ਹੈ। ਭਰਵੀਂ ਇਸ ਕਰਕੇ ਹੈ ਕਿ ਅੱਜ ਜਦੋਂ ਪੁਸਤਕਾਂ ਪ੍ਰਕਾਸ਼ਿਤ ਹੋਣ ਦੀ ਗਿਣਤੀ ਵਧ ਚੁੱਕੀ ਹੈ ਪਰ ਪਾਠਕ ਪੁਸਤਕਾਂ ਤੋਂ ਫਿਰ ਵੀ ਦੂਰ ਹੋ ਰਹੇ ਹਨ, ਇਸ ਪੁਸਤਕ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਜਦੋਂ ਚੰਗੀਆਂ ਅਤੇ ਅਜੋਕੇ ਜੀਵਨ ਯਥਾਰਥ ਨਾਲ਼ ਜੁੜੀਆਂ ਰਚਨਾਵਾਂ ਪੜ੍ਹਨ ਨੂੰ ਮਿਲੀਆਂ ਤਾਂ ਪਾਠਕ ਵਰਗ ਵਲੋਂ ਵੀ ਵੱਡਾ ਹੁੰਗਾਰਾ ਪ੍ਰਾਪਤ ਹੋਇਆ। ਇਹ ਰਚਨਾਵਾਂ ਕਿਉਂਕਿ ਮਾਨਵੀ ਕਦਰਾਂ-ਕੀਮਤਾਂ ਜਗਾਉਂਦੀਆਂ ਹੋਈਆਂ ਮਨੁੱਖੀ ਚੇਤਨਾ ਵਿੱਚ ਇਕ ਖ਼ਾਸ ਕਿਸਮ ਦੀ ਊਰਜਾ ਦਾ ਸੰਚਾਰ ਕਰਦੀਆਂ ਸਨ ਜਿਹੜੀ ਕਿ ਸਾਡੇ ਸਮਾਜਕ ਆਪੇ ਨੂੰ ਜਿਊਣ ਜੋਗਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ, ਇਸ ਕਰਕੇ ਇਹ ਮਨੁੱਖੀ ਮਨ ਦੇ ਨੇੜੇ ਹੋਣ ਦੀ ਭੂਮਿਕਾ ਵੀ ਨਿਭਾਉਂਦੀਆਂ ਸਨ। ਹੁਣ ਜਦੋਂ ਕੁਲਵੰਤ ਸਿੰਘ ਔਜਲ ਦੀ ਦੂਜੀ ਕਾਵਿ-ਪੁਸਤਕ 'ਜਾਗ ਪੰਜਾਬ ਤੂੰ ਜਾਗ' ਪਾਠਕਾਂ ਦੇ ਹੱਥਾਂ ਵਿੱਚ ਪਹੁੰਚ ਚੁੱਕੀ ਹੈ ਤਾਂ ਪਾਠਕਾਂ ਦੇ ਮਨਾਂ ਵਿੱਚੋਂ ਇਕ ਜਗਿਆਸਾ ਪੈਦਾ ਹੁੰਦੀ ਹੈ ਕਿ ਕਵੀ ਕਿਹੋ ਜਿਹਾ ਪੰਜਾਬ ਲੋਚਦਾ ਹੈ ਤੇ ਪੰਜਾਬ ਨੂੰ ਕਿਹੋ ਜਿਹੀ ਨੀਂਦ ਵਿੱਚੋਂ ਜਗਾਉਣਾ ਚਾਹੁੰਦਾ ਹੈ। ਅਸਲ ਵਿੱਚ ਕਵੀ ਦੇ ਮਨ ਵਿੱਚ ਗੁਰੂਆਂ ਦੁਆਰਾ ਵਰੋਸਾਏ ਅਤੇ ਸਰਬ ਸਾਂਝੀਵਾਲਤਾ ਵਾਲੇ ਪੰਜਾਬ ਦਾ ਅਕਸ ਉਕਰਿਆ ਹੋਇਆ ਹੈ ਪਰ ਅਜੋਕਾ ਪੰਜਾਬ ਉਸ ਯੁੱਗ ਵਸਦੇ ਪੰਜਾਬ ਦੀ ਬਜਾਇ ਬਹੁਤ ਸਾਰੇ ਮਸਲਿਆਂ ਅਤੇ ਸਮੱਸਿਆਵਾਂ ਨਾਲ਼ ਜੂਝ ਰਿਹਾ ਹੈ ਤੇ ਕਵੀ ਉਨ੍ਹਾਂ ਕਾਰਨਾਂ ਦੀ ਤਲਾਸ਼ ਕਰਨ ਅਤੇ ਉਨ੍ਹਾਂ ਤਾਕਤਾਂ ਦੀ ਪਹਿਚਾਣ ਕਰਨ ਹਿਤ ਹੀ ਪੰਜਾਬੀਆਂ ਵਿੱਚ ਜਾਗਰੂਕਤਾ ਦਾ ਹੋਕਾ ਦੇ ਰਿਹਾ ਹੈ ਜਿਵੇਂ ਉਹ ਲਿਖਦਾ ਹੈ :

> ਹਵਾ ਪਾਣੀ ਜ਼ਹਿਰੀਲੇ ਹੋ ਗਏ
> ਅੰਗ ਸਭ ਤੇਰੇ ਨੀਲੇ ਹੋ ਗਏ
> ਦਿਸ਼ਾਹੀਣ ਸਭ ਹੀਲੇ ਹੋ ਗਏ
> ਸਾਹਾਂ ਵਿੱਚੋਂ ਰਹਿੰਦਾ ਸਿੰਮਦਾ
> ਆਤਮ ਹੱਤਿਆ ਜਿਹਾ ਵੈਰਾਗ
> ਜਾਗ ਪੰਜਾਬ ਤੂੰ ਜਾਗ
> ... ... ... ... ... ...
> ਲੀਰੋ ਲੀਰ ਹੋਏ ਸਭ ਖੇਤ
> ਮੁੱਲ ਵਿਕਦੇ ਪਾਣੀ ਤੇ ਰੇਤ
> ਹੋ ਚੱਲੀ ਹੈ ਬਹੁਤ ਪਛੇਤ
> ਅਜੇ ਵੀ ਵੇਲਾ ਸੋਚ ਸਮਝ ਕੇ
> ਫੜ ਸਮੇਂ ਦੀ ਵਾਗ
> ਜਾਗ ਪੰਜਾਬ ਤੂੰ ਜਾਗ।




ਕਵੀ ਦੇ ਮਨ ਵਿੱਚ ਗਿਲਾ ਹੈ ਕਿ ਪੰਜਾਬ ਦੇ ਲੋਕ ਵਸਤੂ ਜਗਤ ਦੇ ਇਸ ਦੌਰ ਵਿੱਚ ਭਾਵੇਂ ਤਰੱਕੀ ਬਹੁਤ ਕਰ ਚੁੱਕੇ ਹਨ ਪਰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਨਸ਼ਿਆਂ ਅਤੇ ਆਹਿਤ ਬਦਅਮਨੀ ਨੂੰ ਠੱਲ੍ਹ ਪਾਉਣ ਵਿੱਚ ਅਸਫ਼ਲ ਹੋ ਰਹੇ ਹਨ, ਇਸ ਦਾ ਕਾਰਨ ਨੈਤਿਕ ਕਦਰਾਂ-ਕੀਮਤਾਂ ਵਾਲੀ ਮਿਆਰੀ ਜ਼ਿੰਦਗੀ ਨੂੰ ਭੁੱਲ ਕੇ ਪੈਸਾਵਾਦੀ ਕਦਰਾਂ ਨੂੰ ਅਪਨਾਉਣਾ ਅਜੋਕੀ ਜੀਵਨ ਸ਼ੈਲੀ ਦਾ ਅੰਗ ਬਣ ਚੁੱਕਾ ਹੈ। ਪੈਸਾ ਪ੍ਰਧਾਨ ਹੋਣ ਕਰਕੇ ਸਵਾਰਥੀ ਬਿਰਤੀ ਦਾ ਸਮਾਵੇਸ਼ ਹੋ ਰਿਹਾ ਹੈ ਜੋ ਘਰ ਪਰਿਵਾਰ, ਸਮਾਜ, ਧਰਮ, ਨੈਤਿਕਤਾ ਸਭ ਲਈ ਘਾਤਕ ਸਾਬਿਤ ਹੋ ਰਹੀ ਹੈ। ਇਸੇ ਕਰਕੇ ਕਵੀ 'ਬਾਬੇ ਨਾਨਕ ਨਾਲ਼ ਸੰਵਾਦ ਕਰਦੀਆਂ ਕਵਿਤਾਵਾਂ' ਸਿਰਲੇਖ ਤਹਿਤ ਉਨ੍ਹਾਂ ਕਦਰਾਂ-ਕੀਮਤਾਂ ਨੂੰ ਸਮਾਜ ਵਿਚ ਫੈਲਾਉਣ ਦਾ ਹੋਕਾ ਦਿੰਦਾ ਹੈ ਜੋ ਸਾਡੇ ਗੁਰੂ ਸਾਹਿਬਾਨ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਵੀ ਆਮ ਲੋਕਾਂ ਤੱਕ ਪਹੁੰਚਾਈਆਂ ਅਤੇ ਹਾਕਮਾਂ ਨੂੰ 'ਰਾਜੇ ਸ਼ੀਹ ਮੁਕੱਦਮ ਕੁੱਤੇ' ਕਹਿ ਕੇ ਸੰਬੋਧਨ ਕੀਤਾ। ਕਵੀ ਨੂੰ ਇਸ ਗੱਲ ਦਾ ਇਲਮ ਹੈ ਕਿ ਅੱਜ ਸਥਿਤੀ ਬਦ ਤੋਂ ਵੀ ਬਦਤਰ ਹੋ ਚੁੱਕੀ ਹੈ ਪਰ ਉਸ ਦੇ ਸਾਹਮਣੇ ਗੁਰੂ ਸਾਹਿਬਾਨ ਦੇ ਉੱਚੇ ਸੁੱਚੇ ਸੰਸਕਾਰ ਹਨ ਜੋ ਉਹ ਆਪਣੇ ਕਾਵਿ ਅਨੁਭਵ ਤਹਿਤ ਪੇਸ਼ ਕਰਦਾ ਹੈ, ਕੁਝ ਉਦਾਹਰਣਾਂ ਪੇਸ਼ ਹਨ, ਜਿਥੇ ਕਵੀ ਸਰਬਪੱਖੀ ਭ੍ਰਿਸ਼ਟਾਚਾਰ ਦੀ ਨਿਸ਼ਾਨਦੇਹੀ ਵੀ ਕਰਦਾ ਹੈ ਅਤੇ ਨਾਲ਼ ਗੁਰੂ ਸਾਹਿਬਾਨ ਨੇ ਕਿਵੇਂ ਇਨ੍ਹਾਂ ਨਾਂਹਵਾਦੀ ਤਾਕਤਾਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ, ਉਸ ਦਾ ਕਾਵਿ-ਚਿੱਤਰ ਕਵੀ ਇਸ ਤਰ੍ਹਾਂ ਪੇਸ਼ ਕਰਦਾ ਹੈ :

> —ਬਾਬਾ ਜੀ ਤੇਰਾ ਸੱਭੋ ਦੇਸ਼ ਹੋਇਆ ਕੂੜਾਵਾ
> ਪੱਕਿਆਂ ਦੇ ਭਾਅ ਵਿੱਕਦਾ ਨਹੀਂ ਹੁਣ ਬੁੱਧੂ ਸ਼ਾਹ ਦਾ ਆਵਾ
> ਫੋਕੇ ਹੋਏ ਰੁਤਈ ਤੇ ਰਸਮਾਂ, ਟੋਕੇ ਹੋ ਗਏ ਦੀਨ ਈਮਾਨ,
> ਕੂੜ ਹੋਏ ਸ਼ਰਧਾ ਤੇ ਸਿਜਦੇ, ਕੂੜ ਹੋਏ ਵਿਖਿਆਨ
> ਦੇਹਧਾਰੀ ਹੋਈਆਂ ਸ਼ਖ਼ਸੀਅਤਾਂ ਤੇ ਡਿਜੀਟਲ ਹੋਇਆ ਦਿਖਾਵਾ
> ਬਾਬਾ ਜੀ ਤੇਰਾ ਸੱਭੋ ਦੇਸ਼ ਹੋਇਆ ਕੂੜਾਵਾਂ।[1]
> —ਬੇਅਦਬੀਆਂ ਸ਼ਹੀਦੀਆਂ ਤੇ ਦੰਗਿਆਂ
> ਦੀ ਹਰ ਪਾਸੇ ਸਿਆਸਤ,
> ਬੇਗ਼ੈਰਤ ਲੋਕ ਸਭ ਕੁਝ ਵੇਚਣ ਤੇ
> ਵਿਕਵਾਉਣ ਨੂੰ ਫਿਰਦੇ ਨੇ
> ... ... ... ... ... ... ... ... ... ... ... ... ... ... ...
> ਕਿਸੇ ਕੋਲ ਚੈਨਲ, ਕਿਸੇ ਕੋਲ ਰੇਡੀਓ,




. Sri Satguru Jagjit Singh Ji eLibrary NamdhariElibrary@gmail.com .

ਕਿਸੇ ਕੋਲ ਅਖ਼ਬਾਰ
ਪਰਚਮ ਖ਼ੁਦੀ ਦਾ ਥਾਂ ਥਾਂ ਲਹਿਰਾਉਣ ਨੂੰ ਫਿਰਦੇ ਨੇ।[3]
—ਗੁੰਬਦਾਂ ਤੇ ਗੋਲਕਾਂ ਦਾ ਖਿਲਾਰਾ ਸਮੇਟ ਨਹੀਂ ਹੋਣਾ
ਲਗਦਾ ਗੁਰੂ ਜੀ ਸਾਥੋਂ ਸੀਸ ਭੇਟ ਨਹੀਂ ਹੋਣਾ।[4]

ਇਸੇ ਤਰ੍ਹਾਂ ਕਵੀ ਗੁਰੂ ਸਾਹਿਬਾਨ ਦੁਆਰਾ ਹਨੇਰੇ ਦੇ ਖ਼ਿਲਾਫ਼ ਲੜਨ ਦਾ ਜੇਰਾ ਰੱਖਣ ਵਾਲੀ ਤਾਸੀਰ ਬਾਰੇ ਵੀ ਆਪਣਾ ਕਾਵਿਕ-ਪ੍ਰਤੀਕਰਮ ਪੇਸ਼ ਕਰਦਾ ਲਿਖਦਾ ਹੈ ਕਿ ਕਿਵੇਂ ਉਨ੍ਹਾਂ ਕੁਰਬਾਨੀ ਦੇ ਜਜ਼ਬੇ ਨਾਲ਼ ਸਮਾਜ ਦਾ ਮੂੰਹ-ਮੱਥਾ ਸੰਵਾਰਨ ਦਾ ਯਤਨ ਕੀਤਾ, ਭਾਵੇਂ ਸਮਕਾਲੀ ਹਾਲਾਤ ਨਾ-ਸਾਜ਼ ਸਨ, ਇਹ ਕਵਿਤਾਵਾਂ ਪਾਠਕ ਨੂੰ ਨਾਂਹਵਾਦੀ ਤਾਕਤਾਂ ਦੇ ਖਿਲਾਫ਼ ਲੜਨ ਲਈ ਊਰਜਾ ਪ੍ਰਦਾਨ ਕਰਦੀਆਂ ਹਨ ਜਿਵੇਂ :

—ਅਸਚਰਜ ਹੈ ਕਿ ਸੂਲੀ ਚੜ੍ਹਕੇ
ਕੋਈ ਮੁਸਕਰਾਉਂਦਾ ਕਿੱਦਾਂ ਸੀ
ਸਵਾ ਸਵਾ ਲੱਖ ਨਾਲ਼ ਕਿ ਇਕ ਨੂੰ ਲੜਾਉਂਦਾ ਕਿੱਦਾਂ ਸੀ
……………………………………
ਸ਼ਹਿਰੀ ਜਿਹੇ ਮੇਰੇ ਬੱਚਿਆਂ ਨੂੰ
ਇਹ ਗੱਲ ਸਮਝ ਨਹੀਂ ਆਉਂਦੀ
ਆਰੇ ਨਾਲ਼ ਮਤੀਦਾਸ ਜਿਸਮ
ਚਿਰਵਾਉਂਦਾ ਕਿੱਦਾਂ ਸੀ।[5]

ਕਵੀ ਇਸ ਗੱਲੋਂ ਸੁਚੇਤ ਹੈ ਕਿ ਜੇਕਰ ਹਨੇਰਾ ਫੈਲਾਉਣ ਵਾਲੀਆਂ ਤਾਕਤਾਂ ਦੇ ਖਿਲਾਫ਼ ਲੋਕ ਰੋਹ ਪੈਦਾ ਹੋਵੇਗਾ ਤਾਂ ਹੀ ਭਲੇ ਦਿਨਾਂ ਦੀ ਆਸ ਕੀਤੀ ਜਾ ਸਕਦੀ ਹੈ, ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਕਵੀ ਚਾਹੁੰਦਾ ਹੈ ਕਿ ਸਵਾਰਥ ਅਤੇ ਪੈਸੇ ਦੀ ਚਕਾਚੌਂਧ ਵਿੱਚੋਂ ਮਨੁੱਖ ਬਾਹਰ ਆਵੇ ਅਤੇ ਅਸਲੀ ਇਨਸਾਨੀ ਜ਼ਿੰਦਗੀ ਵਿੱਚ ਸਹਿਜ ਅਤੇ ਸਕੂਨ ਪੈਦਾ ਹੋ ਸਕਦਾ, ਇਸੇ ਕਰਕੇ ਕਵੀ ਸ਼ੋਹਰਤਮਈ ਜ਼ਿੰਦਗੀ ਨਾਲੋਂ ਸੁਰਮਈ ਜ਼ਿੰਦਗੀ ਦੀ ਆਸ ਕਰਦਾ ਅਰਦਾਸ ਕਰਦਾ ਹੈ :

ਨਾ ਮੰਗਾਂ ਪੈਸਾ ਤੇ ਸ਼ੋਹਰਤ, ਨਾ ਲੋਚਾਂ ਕੋਈ ਤਾਕਤ ਮੈਂ,
ਮੇਰੇ ਦਿਲ ਵਿੱਚ ਸਭਨਾਂ ਲਈ ਅਰਜ਼ ਅਤੇ ਅਰਦਾਸ ਦਈਂ।[6]

ਕੁਲਵੰਤ ਸਿੰਘ ਔਜਲਾ ਦੀ ਕਵਿਤਾ ਵਿੱਚ ਅੱਜ ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖ ਦੀ ਮਨੁੱਖ ਦੇ ਤੌਰ 'ਤੇ ਪਹਿਚਾਣ ਗੁਆਚ ਜਾਣ ਦਾ ਜ਼ਿਕਰ ਹੈ। ਸਮਾਜ ਦੇ ਮਸ਼ੀਨੀ ਯੁੱਗ ਦੇ ਵੱਸ ਪੈ ਜਾਣ ਦਾ ਫ਼ਿਕਰ ਹੈ, ਉਹ ਮਸ਼ੀਨੀ ਯੁੱਗ ਦੇ ਖਿਲਾਫ਼ ਨਹੀਂ ਪਰ ਮਨੁੱਖ ਦੇ ਮਸ਼ੀਨ ਹੋ ਜਾਣ ਦਾ ਖ਼ਦਸ਼ਾ ਜ਼ਰੂਰ ਹੈ। ਮੋਹ ਤੋਂ ਕੋਰੇ ਹੋ ਰਹੇ ਮਨੁੱਖੀ ਮਨ ਦੀਆਂ ਤਹਿਆਂ ਫਰੋਲਦਾ ਉਹ ਲਿਖਦਾ ਹੈ :

—ਲਹੂ ਦਿੱਤਾ ਆਂਦਰਾਂ ਨੂੰ ਮਰਮਰੀ ਮੁਹੱਬਤਾਂ
ਪੈਸੇ ਨਾਲ਼ ਵਿਆਹ ਦਿੰਦੇ ਮਾਪੇ ਹੁਣ ਇੱਜ਼ਤਾਂ
ਔਨ ਲਾਇਨ ਸੇਲ ਉੱਤੇ ਲਾਇਆ ਪਰਵਾਸ
ਕਿਥੇ ਗਈਆਂ ਧਰਤੀਆਂ ਤੇ ਕਿੱਥੇ ਗਏ ਆਕਾਸ਼।
—ਬਿੱਗ ਬਾਜ਼ਾਰ ਨੇ ਖੋਹ ਲਈ ਇੰਦਰ ਬਾਣੀਏ ਦੀ ਹੱਟ
ਭੱਜੇ ਜਾਣ ਪਰਦੇਸ ਨੂੰ ਵੇਚ ਵੇਚ ਜ਼ਮੀਨਾਂ ਜੱਟ
ਰੋਟੀ ਦੇ ਲੀ ਆਦਮੀ ਹਰ ਭੱਦਾ ਕਰਮ ਕਮਾਏ
ਬੇਵਤਨੀ ਨੂੰ ਤਾਂਘਦੇ ਗੁਰੂਆਂ ਪੀਰਾਂ ਦੇ ਵਰੋਸਾਏ।

ਕੁਲਵੰਤ ਔਜਲਾ ਦੀ ਕਵਿਤਾ ਵਿੱਚ ਜਿਥੇ ਅਤੀਤ ਅਤੇ ਵਰਤਮਾਨ ਸਮੇਂ ਦੀ ਤੁਲਨਾਤਮਕ ਚਿੱਤਰ ਮਿਲਦੇ ਹਨ, ਉਥੇ ਉਸ ਦੀ ਕਵਿਤਾ ਸਮਕਾਲੀ ਮਸਲਿਆਂ ਨੂੰ ਵੀ ਪਕੜਦੀ ਹੈ ਭਾਵੇਂ ਕਿ ਜਿਥੇ ਵਰਤਮਾਨ ਦੀ ਸਰਬਪੱਖੀ ਨਿਘਾਰਮਈ ਸਥਿਤੀ ਅਤੇ ਕਵੀ ਅਤੀਤ ਨਾਲ਼ ਸੰਵਾਦ ਰਚਾ ਕੇ ਸਕੂਨ ਮਹਿਸੂਸ ਕਰਦਾ ਹੈ ਪਰ ਉਹ ਸਮਕਾਲ ਵਿਚ ਵਰਤ ਰਹੇ ਵਰਤਾਰਿਆ ਪ੍ਰਤੀ ਵੀ ਉਦਾਸੀਨ ਨਹੀਂ ਭਾਵੇਂ ਕਰੋਨਾ ਕਾਲ ਹੋਵੇ ਜਾਂ ਕਿਸਾਨੀ ਸੰਘਰਸ਼ ਉਸ ਦੀ ਵਿਆਪਕ ਰੂਪ ਵਿੱਚ ਪੇਸ਼ਕਾਰੀ ਔਜਲਾ ਦੀਆਂ ਕਵਿਤਾਵਾਂ ਵਿਚ ਹੋਈ ਮਿਲਦੀ ਹੈ। ਕੋਰੋਨਾ ਵਾਇਰਸ ਦੇ ਖ਼ੌਫ਼ ਅਤੇ ਦਹਿਸ਼ਤੀ ਵਾਤਾਵਰਨ ਨੂੰ ਉਸ ਦੀ ਕਵਿਤਾ ਵਿੱਚ ਕੁਝ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ :

ਨਿੱਕੇ ਜਿਹੇ ਕੀਟਾਣੂੰ ਦੀਆਂ ਖੌਫ਼ ਬੇਸ਼ੁਮਾਰੀਆਂ
ਵਿਕਦੀਆਂ ਬਾਜ਼ਾਰ ਵਿੱਚ ਮੁਫ਼ਤ ਮਹਾਂਮਾਰੀਆਂ
ਵਿਸ਼ਵਯੁੱਧ ਹੋਣ ਦੀਆਂ ਕਰਨ ਗੱਲਾਂ ਵੱਟਸਐਪ
ਘਿਰ ਗਈਆਂ ਘੇਰੇ ਵਿੱਚ ਮਾਨਵੀ ਉਡਾਰੀਆਂ।
—ਗਿਆਨ ਵਿਗਿਆਨ ਕਰ ਦਿੱਤੇ ਨੇ ਹੈਰਾਨ ਤੂੰ
ਵੱਡੇ ਅਭਿਮਾਨੀ ਦੀ ਕੱਢ ਦਿੱਤੀ ਜਾਨ ਤੂੰ
ਕੰਬੀ ਜਾਵੇ ਡਰ ਨਾਲ਼ ਵਿਸ਼ਵ ਕੋਵਾਤਿਆ
ਕੌਣ ਸਮਝਾਵੇ ਤੈਨੂੰ ਨਿੱਕੇ ਜਿਹੇ ਕਾਹਡਿਆ।

ਇਸੇ ਤਰ੍ਹਾਂ ਕੁਲਵੰਤ ਔਜਲਾ ਦਾ ਕਿਸਾਨੀ ਸੰਘਰਸ਼ ਬਾਰੇ ਕਾਵਿਕ ਪ੍ਰਤੀਕਰਮ ਵੀ ਵੇਖਣਯੋਗ ਹੈ, ਜਿਥੇ ਉਹ ਕਿਸਾਨੀ ਦੇ ਨਾਲ਼-ਨਾਲ਼ ਆਪਣੀ ਹੋਂਦ ਲਈ ਲੜੇ ਜਾ ਰਹੇ ਇਸ ਸੰਘਰਸ਼ ਨੂੰ ਮੱਘਦਾ ਰੱਖਣ ਲਈ ਕੁਝ ਇਸ ਤਰ੍ਹਾਂ ਦੇ ਕਾਵਿਕ ਭਾਵ ਪੇਸ਼ ਕਰਦਾ ਹੈ :

ਪਹਿਲੇ ਖੋਹੇ ਖ਼ਾਬ ਹੁਣ ਖੇਤ ਤੇਰੇ ਕੋਹਣਗੇ
ਕਾਲਿਆਂ ਕਾਨੂੰਨਾਂ ਨਾਲ਼ ਆਂਦਰਾਂ ਨੂੰ ਕੋਹਣਗੇ
ਪਊ ਪਛਤਾਉਣਾ ਜੇ ਤੂੰ ਹੁਣ ਨਾ ਵੰਗਾਰਿਆ
ਜੂਝ ਕਿਰਸਾਨਾਂ ਜੂਝ ਚੁੱਲਿਆ ਦੁਲਾਰਿਆ।

ਕੁਲਵੰਤ ਸਿੰਘ ਔਜਲਾ ਦੀ ਕਵਿਤਾ ਵਿੱਚ ਜਿਥੇ ਸਮਾਜ ਵਿਚਲੀਆਂ ਉੱਚ ਪਾਏ ਦੀਆਂ ਕਦਰਾਂ-ਕੀਮਤਾਂ ਦੇ ਖੁਰਨ-ਭੁਰਨ ਦਾ ਕਾਵਿਕ ਪ੍ਰਗਟਾਵਾ ਹੈ, ਉਥੇ ਇਸ ਗੱਲ ਦੀ ਧਰਵਾਸ ਵੀ ਹੈ ਕਿ 'ਅੱਖਰਾਂ' ਤੇ ਪੁਸਤਕਾਂ ਦੀ ਲੋਅ ਕਦੇ ਵੀ ਜਾਗ੍ਰਿਤੀ ਦੇ ਦੀਵੇ ਨੂੰ ਬੁੱਝਣ ਨਹੀਂ ਦੇਵੇਗੀ ਕਿਉਂਕਿ ਪੁਸਤਕਾਂ ਵਿਚਲੇ ਸ਼ਬਦਾਂ ਵਿੱਚ ਜਿਥੇ ਸਹਿਜ ਸਕੂਨ ਹੈ, ਉਥੇ ਬੁਰਾਈ ਦੇ ਖ਼ਿਲਾਫ਼ ਲੜਨ ਲਈ ਰੋਹ ਵਿਦਰੋਹ ਵੀ ਹੈ, ਜੇਕਰ ਅੱਖਰ ਆਉਣ ਵਾਲੀਆਂ ਪੀੜ੍ਹੀਆਂ ਨੇ ਸਾਂਭ ਲਏ ਤਾਂ ਸਾਡਾ ਗੌਰਵਮੀ ਵਿਰਸਾ ਅਤੇ ਵਿਰਾਸਤ ਕਦੇ ਵੀ ਖ਼ਤਮ ਨਹੀਂ ਹੋ ਸਕੇਗੀ, ਭਾਵੇਂ ਕਿ ਸਵਾਰਥੀ ਅਤੇ ਮਕਾਨਕੀ ਯੁੱਗ ਕਿੰਨਾ ਵੀ ਵਿਰਾਟ ਰੂਪ ਵਿਚ ਪੇਸ਼ ਹੋ ਕੇ ਸਾਹਮਣੇ ਆਵੇ।

—ਅੱਖਰ ਬੀਜਣ ਦੀ ਇੱਛਾ ਲੈ ਕੇ ਤੁਰਿਆ ਚੇਲ ਕੁਲਵੰਤ ਅੱਖਰਾਂ ਨਾਲ਼ ਹੀ ਨਿਭਣਾ ਤੇਰਾ ਸਿਵਿਆਂ ਤੀਕ ਪਿਆਰ।
—ਪੁਸਤਕਾਂ ਜੀਊਣਾ ਜਾਗਣਾ ਸਿਖਾਉਂਦੀਆਂ
ਪੁਸਤਕਾਂ ਸੁਪਨੇ ਤੇ ਸੱਧਰਾਂ ਉਗਾਉਂਦੀਆਂ
ਪੁਸਤਕਾਂ ਮਾਂ ਪਤਨੀ ਭੈਣ ਤੇ ਧੀ ਹੈ
ਪੁਸਤਕਾਂ ਹਰ ਘਰ ਦਾ ਜ਼ਰੂਰੀ ਜੀਅ ਹੈ।

ਕੁਲਵੰਤ ਸਿੰਘ ਔਜਲਾ ਦੀ ਸ਼ਾਇਰੀ ਇਕ ਸਹਿਜ ਲੈ ਕੇ ਆਪਣਾ ਕਾਵਿਕ ਸਫ਼ਰ ਤਹਿ ਕਰਦੀ ਹੈ ਪਰ ਉਸ ਦੀ ਇਹ ਖਾਸੀਅਤ ਹੈ ਕਿ ਇਹ ਸ਼ਾਇਰੀ ਜਦੋਂ ਅਤੀਤ ਦੀਆਂ ਬਾਤਾਂ ਪਾਉਂਦੀ ਹੈ ਤਾਂ ਪਾਠਕ ਨੂੰ ਅਸਹਿਜ ਕਰ ਦਿੰਦੀ ਹੈ, ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਇਹ ਕਿਹੋ ਜਿਹਾ ਸਮਾਂ ਹੈ। ਜਦੋਂ ਵਸਤੂ ਜਗਤ ਦੀ ਭਰਮਾਰ ਹੈ ਪਰ ਜ਼ਿੰਦਗੀ ਵਿਚ ਸਕੂਨ ਨਹੀਂ ਹੈ, ਜਦੋਂ ਮਿਹਨਤਕਸ਼ ਲੋਕਾਂ ਕੋਲ ਸਾਧਨ ਵੀ ਬਹੁਤੇ ਨਹੀਂ ਸਨ ਪਰ ਇਕ ਮਾਨਸਿਕ ਸਕੂਨ ਸੀ। ਕੁਲਵੰਤ ਲਈ ਅੱਜ ਪੂਰਨ ਦਾ ਬਾਗ਼ ਵੀ ਵੀਰਾਨ ਹੈ, ਸੂਹੇ ਫੈਲ ਵੀ ਮਹਿਕ ਵਿਹੂਣੇ ਹਨ, ਪਿੰਡਾਂ ਵਿੱਚ ਵੀ ਪ੍ਰਦੇਸ ਜਾਣ ਦੀ ਚਾਹਤ ਮੋਹ ਦੀਆਂ ਤੰਦਾਂ ਤੋੜ ਰਹੀ ਹੈ, ਅਰਾਮਪ੍ਰਸਤੀ ਕਿਰਤ ਦਾ ਘਾਮ ਕਰ ਰਹੀ ਹੈ, ਧਰਮ ਨੂੰ ਲੋਕ ਆਪਣੇ ਸਵਾਰਥ ਲੀ ਵਰਤ ਰਹੇ ਹਨ। ਗੱਲ ਕੀ ਆਪ ਮੁਹਾਰੀ ਦੁਨੀਆ ਬੇਤਾਲਾ ਸਫ਼ਰ ਕਰ ਰਹੀ ਹੈ। ਪਰ ਕਵੀ ਉਸ ਪਰਮਾਤਮਾ ਅੱਗੇ ਭਲੇ ਦਿਨਾਂ ਦੀ ਆਸ ਦੀ ਅਰਦਾਸ ਕਰਦਾ ਹੈ :

ਨਾ ਮੰਗਾਂ ਪੈਸਾ ਤੇ ਸ਼ੋਹਰਤ, ਨਾ ਲੋਚਾਂ ਕੋਈ ਤਾਕਤ ਮੈਂ
ਮੇਰੇ ਦਿਲ ਵਿਚ ਸਭਨਾਂ ਲਈ
ਅਰਜ਼ ਅਤੇ ਅਰਦਾਸ ਦਈਂ
……………………………………
ਬੱਚੇ ਹੋਣ ਕਿਤਾਬਾਂ ਵਰਗੇ, ਹਰ ਇਕ ਨੂੰ ਰੁਜ਼ਗਾਰ ਮਿਲੇ
ਹਰ ਅੰਕੁਰ ਨੂੰ ਮਹਿਕਣ ਮੌਲਣ ਪੁੰਗਰਨ ਲਈ ਇਤਿਹਾਸ ਦਈਂ

ਕੁਲਵੰਤ ਔਜਲਾ ਦੀਆਂ ਕਵਿਤਾਵਾਂ ਸਮੇਂ ਦੀ ਬੇਰਸੀ ਅਤੇ ਬੇਅਦਬੀ ਤੋਰ ਦਾ ਜ਼ਿਕਰ ਜ਼ਰੂਰ ਕਰਦੀਆਂ ਹਨ ਜਦੋਂ ਕਵੀ ਅਤੀਤ ਵਿੱਚੋਂ ਸਕੂਨ ਭਾਲਦਾ ਹੈ ਪਰ ਨਾਲ਼ ਦੀ ਨਾਲ਼ ਭਵਿੱਖਤ ਸਮੇਂ ਦੇ ਸ਼ੁਹਾਵਣਾ ਹੋਣ ਦੀ ਚਾਹਤ ਵੀ ਨਾਲ਼-ਨਾਲ਼ ਹੀ ਤੁਰਦੀ ਹੈ। ਕਵੀ ਫ਼ੋਕੀ 'ਬਰੈਂਡਿਡ ਜ਼ਿੰਦਗੀ' ਨਾਲੋਂ 'ਸਾਦੀ ਮਾਰਕਾ ਰਹਿਤ' ਜ਼ਿੰਦਗੀ ਜਿਊਣ ਦਾ ਇਛੁੱਕ ਹੈ। ਉਹ ਨਾਂਹਵਾਦੀ ਮਸ਼ਹੂਰੀ ਤੋਂ ਕੋਹਾਂ ਦੂਰ ਰਹਿਣਾ ਚਾਹੁੰਦਾ ਹੈ, ਇਸੇ ਲਈ ਉਸ ਦੀ ਕਵਿਤਾ ਵਿਅੰਗਮਈ ਸੁਰ ਵਿਚੋਂ ਕੁਝ ਅਜਿਹਾ ਜ਼ਿਕਰ ਛੇੜਦੀ ਹੈ ਜਿਵੇਂ :

ਇਕ ਦੂਜੇ ਨੂੰ ਭੰਡਣ ਵਿਚ ਮਸ਼ਹੂਰ ਜਿਹੇ ਹੋ ਚੱਲੇ ਹਾਂ,
ਖ਼ੁਦੀਆਂ ਅਤੇ ਖ਼ੁਨਾਮੀਆਂ ਵਿੱਚ
ਮਗ਼ਰੂਰ ਜਿਹੇ ਹੋ ਚੁੱਲੇ ਹਾਂ
……………………………………
ਮੈਂ ਕਾਬਿਲ ਮੈਂ ਵੱਡਾ ਬੰਦਾ, ਮੇਰਾ ਸਭ ਤੋਂ ਉੱਤਮ ਧੰਦਾ
ਪ੍ਰਸੰਸਾ ਤੇ ਮਸ਼ਹੂਰੀਆਂ ਦੇ ਦਸਤੂਰ ਜਿਹੇ ਹੋ ਚੱਲੇ ਹਾਂ।

ਕਵੀ ਕੋਲ ਵਿਅੰਗ ਸਿਰਜਣ ਦੀ ਸੂਖ਼ਮ ਕਾਵਿਕ ਜੁਗਤ ਹੈ ਜੋ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਵੇਖੀ ਜਾ ਸਕਦੀ ਹੈ। ਦਿਲ ਟੁੰਬਵੇਂ ਸ਼ਬਦਾਂ ਦੀਆਂ ਲੜੀਆਂ ਅਤੇ ਵੱਖਰੇ ਕਾਵਿਕ ਮੁਹਾਂਦਰੇ ਵਾਲੀ ਕੁਲਵੰਤ ਔਜਲਾ ਦੀ ਕਵਿਤਾ ਪਾਠਕ ਨੂੰ ਆਪਣੇ ਨਾਲ਼ ਤੋਰਨ ਅਤੇ ਜੋੜਨ ਦੇ ਸਮਰੱਥ ਹੈ। ਕਵਿਤਾ ਵਿੱਚ ਲੋੜ ਮੁਤਾਬਿਕ ਅੰਗਰੇਜ਼ੀ, ਉਰਦੂ ਭਾਸ਼ਾ ਦੇ ਸ਼ਬਦਾਂ ਦਾ ਇਸਤੇਮਾਲ ਵੀ ਹੋਇਆ ਹੈ ਪਰ ਦਿਲ ਨੂੰ ਟੁੰਬਣ ਵਾਲੀ ਸ਼ੈਲੀ ਅਤੇ ਕਾਵਿਕ-ਅੰਦਾਜ਼ ਨਿਰਸੰਦੇਹ 'ਜਾਗ ਪੰਜਾਬ ਤੂੰ ਜਾਗ' ਪੁਸਤਕ ਦੇ ਰੂਪ ਵਿੱਚ ਪ੍ਰੋ. ਕੁਲਵੰਤ ਸਿੰਘ ਔਜਲਾ ਦਾ ਹਾਸਲ ਹੈ।


Sri Satguru Jagjit Singh Ji eLibrary NamdhariElibrary@gmail.com

# ਜੁਲਾਈ ਮਹੀਨੇ ਦੇ ਬਾਗ਼ਬਾਨੀ ਰੁਝੇਵੇਂ



ਡਾ. ਸੁਖਦੀਪ ਸਿੰਘ ਹੁੰਦਲ



ਇਹ ਮਹੀਨਾ ਬਾਗ਼ਬਾਨੀ ਫਸਲਾਂ ਲਈ ਰਾਹਤ ਭਰਿਆ ਹੁੰਦਾ ਕਿਉਂਕਿ ਭਾਰੀ ਗਰਮੀ ਤੋਂ ਬਾਅਦ ਬਰਸਾਤਾਂ ਆਉਣ ਨਾਲ ਬੂਟਿਆਂ ਵਿੱਚ ਨਵੀਂ ਜਾਨ ਪੈ ਜਾਂਦੀ ਹੈ। ਇਹ ਮਹੀਨਾ ਨਵੇਂ ਫਲਦਾਰ ਬੂਟੇ ਲਾਉਣ ਲਈ ਇਹ ਬਹੁਤ ਹੀ ਢੁਕਵਾਂ ਸਮਾਂ ਹੈ। ਇਸ ਮਹੀਨੇ ਸਦਾਬਹਾਰ ਫਲਦਾਰ ਬੂਟੇ ਜਿਵੇਂ ਕਿੰਨੂ, ਮਾਲਟਾ, ਸੰਤਰਾ, ਨਿੰਬੂ, ਮਿੱਠਾ, ਅੰਬ, ਅਮਰੂਦ, ਲੁਕਾਠ, ਬੇਰ ਅਤੇ ਪਪੀਤਾ ਆਦਿ ਲਗਾਏ ਜਾ ਸਕਦੇ ਹਨ। ਬਰਸਾਤ ਨੂੰ ਵੇਖਦੇ ਹੋਏ ਬਾਗ਼ਬਾਨੀ ਫਸਲਾਂ ਵਿੱਚ ਵਾਧੂ ਖੜ੍ਹੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਦਾ ਨੁਕਸਾਨ ਨਾ ਹੋਵੇ।

**ਫਲਦਾਰ ਬੂਟੇ** - ਇਸ ਮਹੀਨੇ ਨਵੇਂ ਫਲਦਾਰ ਬੂਟੇ ਲਗਾਉਣ ਲਈ ਵਿਉਂਤਬੰਦੀ ਕਰ ਲੈਣੀ ਚਾਹੀਦੀ ਹੈ ਅਤੇ ਫਲਦਾਰ ਬੂਟੇ ਭਰੋਸੇਯੋਗ ਸੂਤਰਾਂ ਤੋਂ ਹੀ ਲੈਣੇ ਚਾਹੀਦੇ ਹਨ। ਫਲਦਾਰ ਬੂਟੇ ਲਗਾਉਣ ਸਮੇਂ ਅੰਬ ਲਈ ਫਾਸਲਾ 30 ਫੁੱਟ, ਪਪੀਤੇ ਲਈ 5 ਫੁੱਟ ਅਤੇ ਬਾਕੀ ਬੂਟਿਆਂ ਲਈ 20-22 ਫੁੱਟ ਰੱਖੋ। ਇਸ ਲਈ 2-3 ਫੁੱਟ ਵਿਆਸ ਦੇ ਡੂੰਘੇ ਟੋਏ ਪੁੱਟ ਕੇ ਅੱਧੀ ਉੱਪਰਲੀ ਉਪਜਾਉ ਮਿੱਟੀ ਅਤੇ ਅੱਧੀ ਦੇਸੀ ਰੂੜੀ ਪਾ ਕੇ ਟੋਏ ਨੂੰ ਭਰ ਦਿਉ ਅਤੇ ਇੱਕ-ਦੋ ਬਰਸਾਤਾਂ ਪੈਣ ਤੋਂ ਬਾਅਦ ਹੋਰ ਮਿੱਟੀ ਪਾ ਕੇ ਸਿਉਂਕ ਤੋਂ ਬਚਾਅ ਲਈ ਪ੍ਰਤੀ ਟੋਆ 15 ਮਿ.ਲੀ. ਕਲੋਰੋਪਾਈਰੀਫਾਸ ਦਵਾਈ ਪਾ ਕੇ ਬੂਟੇ ਲਗਾ ਦਿਉ। ਨਵੇਂ ਬੂਟਿਆਂ ਨੂੰ ਸਿੱਧੇ ਰੱਖਣ ਲਈ ਸੋਟੀ ਦਾ ਸਹਾਰਾ ਦਿਉ।

ਨਾਸ਼ਪਾਤੀ ਦੇ ਪੱਕੇ ਫਲਾਂ ਨੂੰ ਤੋੜ ਲਉ। ਬੇਰ ਦੇ ਤਿਆਰ ਬੂਟਿਆਂ ਨੂੰ 500 ਗ੍ਰਾਮ ਯੂਰੀਆ ਪ੍ਰਤੀ ਬੂਟਾ ਪਾ ਦਿਉ। ਬਰਸਾਤ ਤੋਂ ਪਹਿਲਾਂ ਬੂਟਿਆਂ 'ਤੇ ਚੂਨੇ ਦੀ ਕਲੀ ਕਰ ਦਿਉ। ਬਾਰਸ਼ਾਂ ਕਾਰਨ ਵਾਧੂ ਖੜ੍ਹੇ ਪਾਣੀ ਨੂੰ ਬਾਹਰ ਕੱਢ ਦਿਉ। ਅਮਰੂਦ ਦੇ ਬੂਟਿਆਂ ਨੂੰ ਫਲ ਦੀ ਮੱਖੀ ਤੋਂ ਬਚਾਅ ਲਈ ਪ੍ਰਤੀ ਏਕੜ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਇਸ ਮਹੀਨੇਂ ਦੇ ਪਹਿਲੇ ਹਫਤੇ ਲਗਾ ਦਿਉ। ਨਿੰਬੂ ਜਾਤੀ ਫਲਾਂ ਦਾ ਕੇਰਾ ਜੋ ਕਿ ਸੁੱਕੀਆਂ ਅਤੇ ਰੋਗੀ ਟਾਹਣੀਆਂ ਤੋਂ ਸ਼ੁਰੂ ਹੁੰਦਾ ਹੈ ਦੀ ਰੋਕਥਾਮ ਲਈ ਲਈ 3 ਗ੍ਰਾਮ ਕਾਪਰ ਆਕਸੀ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ ਅਤੇ ਕੀੜਿਆਂ ਦੀ ਰੋਕਥਾਮ ਲਈ 2.5 ਮਿ.ਲੀ ਰੋਗਰ 30 ਤਾਕਤ ਜਾਂ 0.4 ਮਿ.ਲੀ. ਕਰੋਕੋਡਾਈਲ/ ਕੰਨਫੀਡੋਰ 17.8 ਐਸ. ਐਲ. ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਕਿੰਨੂ ਵਿੱਚ ਝਾੜ ਅਤੇ ਫਲਾਂ ਦੀ ਗੁਣਵੱਤਾ ਸੁਧਾਰਨ ਲਈ 1 ਗ੍ਰਾਮ ਪੋਟਾਸ਼ੀਅਮ ਨਾਈਟਰੇਟ ਦਾ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਅੰਗੂਰ ਦੇ ਬੂਟਿਆਂ ਨੂੰ ਕੋਹੜ ਤੋਂ ਬਚਾਉਣ ਲਈ 1 ਮਿ.ਲੀ. ਸਕੋਰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ।

**ਸਬਜ਼ੀਆਂ** - ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਘੀਆ ਤੋਰੀ, ਕਰੇਲਾ, ਟੀਂਡੇ ਦਾ 12 ਗ੍ਰਾਮ ਅਤੇ ਵੰਗੇ ਦਾ 6 ਗ੍ਰਾਮ ਬੀਜ, ਮੂਲੀ ਦੀ ਪੂਸਾ ਚੇਤਕੀ ਕਿਸਮ ਦਾ 25-30 ਗ੍ਰਾਮ ਬੀਜ, ਭਿੰਡੀ ਦਾ 25-35 ਗ੍ਰਾਮ ਬੀਜ, ਰਵਾਂਹ ਦਾ 50-60 ਗ੍ਰਾਮ ਬੀਜ ਪ੍ਰਤੀ ਮਰਲਾ ਪਾ ਕੇ ਬਿਜਾਈ ਕਰ ਦਿਉ। ਫੁੱਲ ਗੋਭੀ ਦੀਆਂ ਅਗੇਤੀਆਂ ਕਿਸਮਾਂ ਦੀ ਪਨੀਰੀ 45×30 ਸੈ.ਮੀ. ਦੇ ਫਾਸਲੇ 'ਤੇ ਲਗਾਉ ਅਤੇ 250 ਕਿੱਲੋ ਦੇਸੀ ਰੂੜੀ, 350 ਗ੍ਰਾਮ ਯੂਰੀਆ, 625 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 100 ਗ੍ਰਾਮ ਮਿਉਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਸ਼ਕਰਕੰਦੀ ਦੀ ਪੀ.ਐਸ.ਪੀ. ਕਿਸਮ ਦੀਆਂ ਵੇਲਾਂ ਤੋਂ ਬਣਾਈਆਂ 150-190 ਕਟਿੰਗ ਵੱਟਾਂ ਤੇ 60×30 ਸੈਂ.ਮੀ.ਦੇ ਫਾਸਲੇ 'ਤੇ ਲਾਉ ਅਤੇ ਲਾਉਂਦੇ ਸਮੇਂ 60 ਕਿੱਲੋ 250 ਦੇਸੀ ਰੂੜੀ, 780 ਗ੍ਰਾਮ ਕਿਸਾਨ ਖਾਦ, 950 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 220 ਗ੍ਰਾਮ ਮਿਉਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਬੈਂਗਣਾਂ ਵਿੱਚ ਫਲ ਅਤੇ ਸ਼ਾਖਾਂ ਦੇ ਗੜੂੰਏ ਦੀ ਰੋਕਥਾਮ ਲਈ 1 ਮਿ.ਲੀ. ਸੁਮੀਸੀਡਨਿ 20 ਈ.ਸੀ. ਜਾਂ 2 ਮਿ.ਲੀ. ਰਿਪਕਾਰਡ 10 ਈ ਸੀ ਜਾਂ 1.6 ਮਿ.ਲੀ. ਡੈਸਿਸ 2.8 ਈ.ਸੀ. ਜਾਂ 8 ਮਿ.ਲੀ. ਏਕਾਲਕਸ 25 ਈ.ਸੀ. ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ।

**ਫੁੱਲਦਾਰ ਅਤੇ ਸਜਾਵਟੀ ਬੂਟੇ** - ਬਰਸਾਤਾਂ ਸ਼ੁਰੂ ਹੋਣ ਦੇ ਨਾਲ ਹੀ ਦਰੱਖਤ, ਝਾੜੀਆਂ ਅਤੇ ਵੇਲਾਂ ਨੂੰ ਪਹਿਲਾਂ ਤੋਂ ਤਿਆਰ ਕੀਤੇ ਟੋਇਆਂ ਵਿੱਚ ਲਾ ਦਿਉ। ਗਮਲਿਆਂ ਵਿੱਚ ਪਹਿਲਾਂ ਤੋਂ ਲੱਗੇ ਬੂਟਿਆਂ ਨੂੰ ਕੱਢ ਕੇ ਨਵੇਂ ਸਿਰਿਓਂ ਮਿੱਟੀ ਅਤੇ ਖਾਦ ਦਾ ਮਿਸ਼ਰਣ ਪਾ ਦਿਉ। ਘਾਹ ਲਾਉਣ ਲਈ ਤਿਆਰ ਕੀਤੇ ਥਾਂ ਤੇ ਘਾਹ ਦੀਆਂ ਜੜ੍ਹਾਂ ਦੇ ਛੋਟੇ ਗੁੱਛੇ 10-15 ਸੈਂ.ਮੀ. ਦੀ ਦੂਰੀ 'ਤੇ ਲਗਾ ਦਿਉ। ਇਸ ਮੌਸਮ ਵਿੱਚ ਬਹੁਤ ਸਾਰੇ ਦਰਖਤ, ਝਾੜੀਆਂ ਅਤੇ ਵੇਲਾਂ ਦਾ ਪੌਦ ਵਾਧਾ ਇਨ੍ਹਾਂ ਦੇ ਟੂਸਿਆਂ ਦੀਆਂ ਕਲਮਾਂ ਨੂੰ ਲੈ ਕੇ ਕੀਤਾ ਜਾਵੇ। ਗੁਲਦਾਉਦੀ ਦੀਆਂ ਪਿਛਲੇ ਮਹੀਨੇ ਤਿਆਰ ਕੀਤੀਆਂ ਕਲਮਾਂ ਗਮਲਿਆਂ ਵਿੱਚ ਲਾ ਦਿਉ।

**ਖੁੰਬਾਂ ਦੀ ਕਾਸ਼ਤ**-ਗਰਮ ਰੁੱਤ ਦੀਆਂ ਮਿਲਕੀ ਖੁੰਬਾਂ ਦੀ ਕਾਸ਼ਤ ਜਾਰੀ ਰੱਖੋ ਅਤੇ ਪਰਾਲੀ ਵਾਲੀ ਖੁੰਬ ਦੇ ਪੁਰਾਣੇ ਬੈੱਡ ਕੱਢ ਕੇ ਨਵੀਂ ਬਿਜਾਈ ਕਰ ਦਿਉ। ਪੁਰਾਣੀ ਗਲੀ-ਸੜੀ ਰੂੜੀ ਦੀ ਸੰਭਾਲ ਸਰਦ ਰੁੱਤ ਦੀਆਂ ਖੁੰਬਾਂ ਦੀ ਕੇਸਿੰਗ ਲਈ ਹੁਣ ਤੋਂ ਹੀ ਕਰ ਲਵੋ।

**ਸ਼ਹਿਦ ਮੱਖੀ ਪਾਲਣ**-ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਅਤੇ ਬਾਹਰ ਫੁੱਲ ਫਲਾਕੇ ਦੀ ਘਾਟ ਨੂੰ ਵੇਖਦੇ ਹੋਏ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦੇ ਘੋਲ ਦੀ ਖੁਰਾਕ ਸ਼ਾਮ ਵੇਲੇ ਸਾਰੇ ਬਕਸਿਆਂ ਨੂੰ ਦਿਉ। ਬਰਸਾਤ ਦੇ ਮੌਸਮ ਨੂੰ ਵੇਖਦੇ ਹੋਏ ਬਕਸਿਆਂ ਦੇ ਸਟੈਂਡਾਂ ਨੂੰ ਥੋੜ੍ਹਾ ਟੇਡਾ ਕਰ ਦਿਉ ਅਤੇ ਇਨ੍ਹਾਂ ਨੂੰ ਉੱਚੀ ਜਗ੍ਹਾ 'ਤੇ ਰੱਖੋ ਅਤੇ ਆਲੇ ਦੁਆਲੇ ਵਧਦੇ ਹੋਏ ਨਦੀਨਾਂ ਅਤੇ ਵਾਧੂ ਬੂਟਿਆਂ ਨੂੰ ਸਾਫ ਕਰਦੇ ਰਹੋ।

-ਡਿਪਟੀ ਡਾਇਰੈਕਟਰ ਬਾਗਬਾਨੀ-ਕਮ- ਸਟੇਟ ਨੋਡਲ ਅਫਸਰ, ਘਰੇਲੂ ਬਗੀਚੀ, ਪੰਜਾਬ।
ਸੰਪਰਕ : 75080-18842



Sri Satguru Jagjit Singh Ji eLibrary NamdhariElibrary@gmail.com

# ਗਿਆਰਵੀਂ ਵਾਲੀ ਸਰਕਾਰ, ਦਰਬਾਰ ਰਾਮਾਮੰਡੀ ਜਲੰਧਰ ਦਾ ਸਾਲਾਨਾ ਮੇਲਾ ਸ਼ਰਧਾ ਭਾਵਨਾ ਨਾਲ ਸੰਪੂਰਨ



ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ) : ਬੀਤੇ ਦਿਨੀਂ ਗਿਆਰਵੀਂ ਵਾਲੀ ਸਰਕਾਰ ਮੀਰਾ ਗੌਂਸਪਾਕ ਬਲੀ ਦਰਬਾਰ ਰਾਮਾਮੰਡੀ ਦਾ 8ਵਾਂ ਸਾਲਾਨਾ ਜੋੜ ਮੇਲਾ ਦਰਬਾਰ ਦੀ ਪ੍ਰਬੰਧਕ ਕਮੇਟੀ ਅਧੀਨ ਕਾਰਜਸ਼ੀਲਤਾ ਦੌਰਾਨ ਬੜੀ ਸ਼ਰਧਾ-ਭਾਵਨਾ ਨਾਲ, ਗਿਆਰਵੀ ਵਾਲੀ ਸਰਕਾਰ ਦੇ ਗੁਣਗਾਨ ਕਰਦਾ ਸੰਪੂਰਨ ਹੋਇਆ। ਕਮੇਟੀ ਮੁਖੀ ਸੇਵਾਦਾਰ ਤੇ ਪ੍ਰਧਾਨ ਸੋਨੂੰ ਸਾਈਂ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਾਤਾ ਹਜੂਰ ਗਿਆਰਵੀਂ ਵਾਲੀ ਸਰਕਾਰ, ਰੂਹਾਨੀਅਤ ਦੇ ਭੰਡਾਰ, ਕੁੱਲਾਂ ਨੂੰ ਤਾਰਨ ਵਾਲੇ ਸਾਰੀ ਕਾਇਨਾਤ ਨੂੰ ਆਪਣੀ ਗੋਦ ਵਿੱਚ ਸਮਾਏ ਬੈਠੇ ਹਨ। ਉਨ੍ਹਾਂ ਦੇ ਵਿਆਹ ਦੇ ਦਿਨ ਨੂੰ ਮੁੱਖ ਰੱਖਦਿਆਂ ਪਿਛਲੇ 7 ਵਰਿਆਂ ਤੋਂ ਲਗਾਤਾਰ ਹਰ ਸਾਲ ਰਾਮਾਂਮੰਡੀ ਦਰਬਾਰ ਜਲੰਧਰ ਵਿਖੇ ਸਾਈਂ ਜੀ ਦਾ ਉਰਸ ਮੇਲਾ ਭਰੀ ਸੰਗਤ ਵਿੱਚ ਮਨਾਇਆ ਜਾਂਦਾ ਹੈ। ਇਸ ਮੇਲੇ ਦੇ ਮੌਕੇ 'ਤੇ ਦਰਬਾਰੀ ਕਾਲਾਕਾਰ ਅਭਿਜੀਤ ਭੰਡਾਰੀ, ਸੁੱਚਾ-ਜੈਲਾ ਸ਼ੇਖੂਪੁਰੀਆ ਬ੍ਰਦਰਜ਼, ਜੱਸਾ ਫ਼ਤਿਹਪੁਰੀਆ, ਜੱਸਾ ਧਾਲੀਵਾਲ, ਨਾਜੀਮਾ ਖ਼ਾਨ, ਭੋਲਾ ਕਮੇਡੀਅਨ, ਅਨੂਪ, ਸਾਗਰ ਸਰਤਾਜ ਤੇ ਵਿਨੋਦ ਫ਼ਕੀਰਾ ਨੇ ਉਚੇਚ ਤੌਰ 'ਤੇ ਹਾਜ਼ਰੀਆਂ ਭਰ ਕੇ ਸੰਗੀਤਕ ਰੌਣਕਾਂ ਲਗਾਈਆਂ। ਮੇਲੇ ਦੌਰਾਨ ਮੁੱਖ ਤੌਰ 'ਤੇ ਪੁੱਜੀਆਂ ਹੋਰ ਸ਼ਖਸੀਅਤਾਂ ਵਿਚ ਜਲੰਧਰ ਸਿਵਲ ਸਰਜਨ ਸਿਵਲ ਹਸਪਤਾਲ, ਨਗਰ ਨਿਗਮ ਕਮਿਸ਼ਨਰ ਦੀਪ ਸ਼ਿਖਾ ਸ਼ਰਮਾ, ਵਿਧਾਇਕ ਰਮਨ ਅਰੋੜਾ, ਵਿਧਾਇਕ ਬਾਵਾ ਹੈਨਰੀ, ਵਿਧਾਇਕ ਸ਼ੀਤਲ ਅੰਗੁਰਾਲ ਕਾਨੂੰਗੋ ਗੁਰਦੀਪ ਲਾਲ, ਵਿਜੇ ਕੁਮਾਰ ਮੈਨੇਜਰ-ਕਮ-ਚੇਅਰਮੈਨ ਬਲਿਸ ਪਬਲਿਕ ਸਕੂਲ ਵਿਸ਼ੇਸ਼ ਵਰਣਨ ਯੋਗ ਹਨ।

ਇਸ ਮੌਕੇ ਕਮੇਟੀ ਚੇਅਰਮੈਨ ਜੋਗਿੰਦਰ ਪਾਲ ਰਿਟਾ. ਪ੍ਰਿੰਸੀਪਲ ਤੇ ਰੋਹਿਤ ਭਾਟੀਆ ਨੇ ਦੱਸਿਆ ਕਿ ਦਰਬਾਰ ਪ੍ਰਬੰਧਕ ਕਮੇਟੀ ਵੱਲੋਂ ਮੇਲੇ ਉਪਰੰਤ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਸਮਾਜ ਦੀਆਂ ਜਰੂਰਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਫ੍ਰੀ ਮੈਡੀਕਲ ਕੈਂਪ, ਹੈੱਲਥ ਕੈਂਪ, ਖ਼ੂਨ-ਦਾਨ, ਆਈ ਡੋਨੇਸ਼ਨ, ਰੋਜ਼ਗਾਰ ਕੈਂਪ, ਨਸ਼ਾ ਮੁਕਤ, ਸੀਨੀਅਰ ਸਿਟੀਜ਼ਨ ਕੈਂਪ, ਭਲਾਈ ਸਕੀਮਾਂ, ਬੈਂਕ ਲੋਨ ਕੈਂਪ, ਕੰਪਿਊਟਰ ਕੋਚਿੰਗ ਕੋਰਸ, ਜੀਵਨ ਬੀਮਾਂ ਸਕੀਮਾਂ ਸੰਬੰਧੀ, ਬੁਢਾਪਾ ਵਿਧਵਾ ਅੰਗਹੀਣ ਪੈਨਸ਼ਨ ਯੋਜਨਾਂ ਸੰਬੰਧੀ ਕੈਂਪ ਅਤੇ ਸਮਾਜ ਦੇ ਅਨੇਕਾਂ ਹੋਰ ਜਰੂਰਤਮੰਦ ਮੁੱਦਿਆਂ 'ਤੇ ਕਮੇਟੀ ਅਧੀਨ ਕਾਰਜ ਕੀਤੇ ਜਾਣ ਦਾ ਫੈਸਲਾ ਲਿਆ ਗਿਆ। ਭਾਈਚਾਰਕ ਸਾਂਝਾ ਵੰਡਦੇ ਇਸ ਮੇਲੇ ਦੀ ਸਫਲਤਾ ਲਈ ਸਾਂਈਂ ਜੀ ਤੇ ਦਰਬਾਰ ਦੀ ਪ੍ਰਬੰਧਕੀ ਟੀਮ ਵਧਾਈ ਦੀ ਪਾਤਰ ਹੈ। ਰੱਬ ਕਰੇ ਪੀਰਾਂ-ਫਕੀਰਾਂ ਦੀ ਇਸ ਧਰਤ 'ਤੇ ਅਜਿਹੇ ਮੇਲੇ ਲਗਾਤਾਰ ਲੱਗਦੇ ਰਹਿਣ।



# ਮਨਦੀਪ ਰਿੰਪੀ ਦੇ ਪਲੇਠੇ ਨਾਵਲ 'ਜ਼ਿੰਦਗੀ ਪਰਤ ਆਈ' ਦੀ ਘੁੰਡ ਚੁਕਾਈ



ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ) : ਬੀਤੇ ਦਿਨ ਭਾਸ਼ਾ ਵਿਭਾਗ ਮੋਹਾਲੀ ਵਿਖੇ ਨਾਵਲਕਾਰ ਜਸਵੰਤ ਕੰਵਲ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਜਿਲ੍ਹਾ ਭਾਸ਼ਾ ਅਫਸਰ ਡਾ: ਦੇਵਿੰਦਰ ਸਿੰਘ ਬੋਹਾ ਜੀ ਦੁਆਰਾ ਵੱਖੋ-ਵੱਖਰੇ ਖੇਤਰਾਂ ਤੋਂ ਆਈਆਂ ਸ਼ਖ਼ਸੀਅਤਾਂ ਨੂੰ 'ਜੀ ਆਇਆਂ' ਕਹਿ ਕੇ ਕੀਤੀ ਗਈ। ਪ੍ਰੋਗਰਾਮ ਵਿੱਚ ਮੁੱਖ ਵਕਤਾ ਦੇ ਤੌਰ 'ਤੇ ਡਾ.ਗਗਨਦੀਪ ਸਿੰਘ ਜੀ ਨੇ ਕੰਵਲ ਜੀ ਦੇ ਜੀਵਨ ਅਤੇ ਨਾਵਲਾਂ ਬਾਰੇ ਪ੍ਰਭਾਵਸ਼ਾਲੀ ਚਰਚਾ ਕੀਤੀ। ਮੁੱਖ ਮਹਿਮਾਨ ਦੇ ਤੌਰ 'ਤੇ ਉਚੇਚੇ ਪਹੁੰਚੇ ਸੁਸ਼ੀਲ ਦੁਸਾਂਝ (ਪ੍ਰਸਿੱਧ ਲੇਖਕ) ਨੇ ਵੀ ਕੰਵਲ ਜੀ ਦੇ ਜੀਵਨ ਦੇ ਵੱਖੋ-ਵੱਖਰੇ ਪਹਿਲੂਆਂ ਬਾਰੇ ਆਪਣੇ ਵਿਚਾਰ ਪ੍ਰਗਟਾਏ। ਇਸ ਦੌਰਾਨ ਗੁਰਦਰਸ਼ਨ ਮਾਵੀ ਜੀ ਤੇ ਸਰਦਾਰਾ ਸਿੰਘ ਚੀਮਾ ਜੀ ਨੇ ਵੀ ਸਾਹਿਤ ਦੇ ਖੇਤਰ ਵਿੱਚ ਕੰਵਲ ਜੀ ਦੇ ਯੋਗਦਾਨ ਬਾਰੇ ਨਿੱਠ ਕੇ ਵਿਚਾਰ-ਚਰਚਾ ਕੀਤੀ। ਉੱਘੇ ਸਾਹਿਤਕਾਰ ਰਾਬਿੰਦਰ ਰੱਬੀ ਜੀ ਨੇ ਜਸਵੰਤ ਕੰਵਲ ਜੀ ਦੇ ਜੀਵਣ ਬਾਰੇ ਆਪਣੀਆਂ ਭਾਵਪੂਰਨ ਟਿੱਪਣੀਆਂ ਕੀਤੀਆਂ। ਇਸ ਪ੍ਰੋਗਰਾਮ ਦੌਰਾਨ ਸਾਹਿਤਕ ਤੇ ਸੱਭਿਆਚਾਰਕ ਹਲਕਿਆਂ ਦੇ ਜਾਣੇ-ਪਛਾਣੇ ਹਸਤਾਖਰ ਬੀਬੀ ਮਨਦੀਪ ਰਿੰਪੀ ਦੇ ਨਾਵਲ 'ਜ਼ਿੰਦਗੀ ਪਰਤ ਆਈ' ਦੀ ਘੁੰਡ ਚੁਕਾਈ ਦੀ ਰਸਮ ਕੀਤੀ ਗਈ। ਮਨਦੀਪ ਰਿੰਪੀ ਦਾ ਨਾਵਲ ਦੇ ਖੇਤਰ ਵਿੱਚ ਇਹ ਪਹਿਲਾ ਪਰ ਸਫ਼ਲ ਕਦਮ ਹੈ। ਇਸਤੋਂ ਪਹਿਲਾਂ ਮਨਦੀਪ ਰਿੰਪੀ ਇੱਕ ਕਾਵਿ ਸੰਗ੍ਰਿਹ 'ਜਦੋਂ ਤੂੰ ਚੁੱਪ ਸੀ' ਅਤੇ ਇਕ ਬਾਲ ਕਹਾਣੀਆਂ ਦੀ ਕਿਤਾਬ 'ਕਿੱਟੀ ਦੀ ਖੀਰ' ਨਾਲ ਸਾਹਿਤਕ ਖੇਤਰ ਵਿੱਚ ਆਪਣੀ ਕਲਮ ਦੀ ਹੋਂਦ ਸਥਾਪਤ ਕਰ ਚੁੱਕੀ ਹੈ। ਮਨਦੀਪ ਰਿੰਪੀ ਨੇ ਬੋਲਦਿਆਂ ਨੌਜਵਾਨ ਪੀੜ੍ਹੀ ਨੂੰ ਸਾਹਿਤ ਦੇ ਖੇਤਰ ਨਾਲ ਜੁੜਨ ਲਈ ਪ੍ਰੇਰਿਆ। ਪ੍ਰੋਗਰਾਮ ਦੇ ਮੰਚ ਸੰਚਾਲਨ ਦੀ ਭੂਮਿਕਾ ਖੋਜ ਅਫਸਰ ਦਰਸ਼ਨ ਕੌਰ ਜੀ ਦੁਆਰਾ ਬਾਖੂਬੀ ਨਿਭਾਈ ਗਈ। ਇਨ੍ਹਾਂ ਸੁਭਾਗੇ ਪਲਾਂ ਦੌਰਾਨ ਮੈਡਮ ਸੰਦੀਪ ਕੌਰ ਬੀ.ਐੱਮ.ਟੀ, ਦਵਿੰਦਰ ਢਿੱਲੋਂ, ਡਾ.ਸੁਨੀਤਾ ਰਾਣੀ, ਸ: ਗੁਰਮੀਤ ਸਿੰਘ ਸਿੰਘਲ, ਸ: ਦਰਸ਼ਨ ਸਿੰਘ ਸਿੱਧੂ, ਇੰਸਟਰੱਕਟਰ ਸ੍ਰੀ ਜਤਿੰਦਰਪਾਲ ਸਿੰਘ, ਕਲਰਕ ਸ੍ਰੀ ਲਲਿਤ ਕਪੂਰ ਅਤੇ ਸ੍ਰੀ ਗੁਰਵਿੰਦਰ ਸਿੰਘ ਵੀ ਹਾਜਰ ਸਨ।



. Sri Satguru Jagjit Singh Ji eLibrary NamdhariElibrary@gmail.com .

GNA UNIVERSITY
Inspiring Innovation....

HARRISON assessments

ACADEMY OF ENTREPRENEURS

ECA

cesim

# GLOBAL
## MBA PROGRAM
### ADMISION OPEN
## 2022-2024

**EDUCATION BEYOND BOOKS, FOR WORLD BEYOND WHAT IT LOOKS**



9289151598 | 9289151597 | 8527966661
gnauniversity.edu.in/global-mba




Sri Satguru Jagjit Singh Ji eLibrary NamdhariElibrary@gmail.com

# ਚੇਤਰ ਦਾ ਵਣਜਾਰਾ

# CHETAR DA VANJARA

ਗਾਇਕ : ਡਾ. ਬਰਜਿੰਦਰ ਸਿੰਘ ਹਮਦਰਦ

1. ਇੰਟਰੋ
   **Intro**
2. ਅੱਜ ਕੋਈ ਆਇਆ (ਪ੍ਰੋ. ਮੋਹਨ ਸਿੰਘ)
   **Ajj Koi Aya (Prof. Mohan Singh)**
3. ਚੇਤਰ ਦਾ ਵਣਜਾਰਾ (ਅੰਮ੍ਰਿਤਾ ਪ੍ਰੀਤਮ)
   **Chetar Da Vanjara (Amrita Pritam)**
4. ਹਰ ਮੋੜ 'ਤੇ ਸਲੀਬਾਂ (ਡਾ. ਜਗਤਾਰ)
   **Har Mod Te Salibaan (Dr. Jagtaar)**
5. ਸੀਨੇ ਖਿੱਚ ਜਿਨ੍ਹਾਂ ਨੇ ਖਾਧੀ (ਭਾਈ ਵੀਰ ਸਿੰਘ)
   **Seeney Kich Jina Ne (Bhai Veer Singh)**
6. ਐਸੇ ਯਾਰ ਮਿਲਣ ਸਬੱਬੀ (ਹਾਸ਼ਮ ਸ਼ਾਹ)
   **Aise Yaar Milan Sabbabi (Hasham Shah)**
7. ਮੇਰੇ ਵਰਗਾ ਨਾ ਖ਼ਾਕਸਾਰ (ਡਾ. ਸਰਬਜੀਤ ਕੌਰ ਸੰਧਾਵਾਲੀਆ)
   **Mere Varga Na Khaksaar (Dr. Sarbjit Kaur Sandhawalia)**
8. ਤੇਰੀਆਂ ਲਿਖੀਆਂ (ਡਾ. ਸਰਬਜੀਤ ਕੌਰ ਸੰਧਾਵਾਲੀਆ)
   **Terian Likhian (Dr. Sarbjit Kaur Sandhawalia)**
9. ਬੁਝਦੇ ਦੀਪ ਜਗਾਏ ਜੋਗੀ (ਬਲਵਿੰਦਰ ਬਾਲਮ)
   **Bujhde Deep Jagaye Jogi (Balwinder Balam)**

| | |
|---|---|
| **Singer** | **Dr.:Barjinder Singh Hamdard** |
| Music Director | Gurdeep Singh |
| Intro (Script) | Lakhvinder Singh Johal |
| Narration | Birinder Singh |
| Title Inlay Design | Gurdish Singh |
| Cover Photo | Munish |

HAMDARD PRODUCTIONS

Made in India
Pen Drive
Pkd. 04/2022

Complimentary Copy Not For Sale



SINGER : DR. BARJINDER SINGH HAMDARD

**Hamdard Productions :** Sarb Multiplex, G.T. Road
Opp. Transport Nagar, Jalandhar - 144 004
Phones : +91-181-5086386, 5010772
e-mail : hamdardproductions@yahoo.in
©&℗2022 Hamdard Productions